

ਅਦਾਰਾ ਦੇਸ਼ ਦੁਆਬਾ ਵੱਲੋਂ ਕੁੱਲ ਲੋਕਾਈ ਨੂੰ ਕ੍ਰਿਸਮਿਸ ਦੀਆਂ ਲੱਖ-ਲੱਖ ਵਧਾਈਆਂ।

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 38
December 25, 2024


Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਨਵਾਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ
ਨਵੇਂ ਸਾਲ 'ਤੇ ਵਿਸ਼ੇਸ਼ ਅੰਕ
1 ਜਨਵਰੀ 2025 ਨੂੰ ਪ੍ਰਕਾਸ਼ਿਤ ਹੋਵੇਗਾ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਕੋਟਿ-ਕੋਟਿ ਪ੍ਰਣਾਮ ਕਰਦਾ ਹੈ

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਲੱਖਾਂ ਸ਼ਰਧਾਲੂਆਂ ਵੱਲੋਂ ਸਿਜਦਾ

### ਜਬਰ ਵਿਰੁੱਧ ਲੜਨ ਲਈ ਪ੍ਰੇਰਦੀ ਰਹੇਗੀ ਸਾਹਿਬਜ਼ਾਦਿਆਂ ਦੀ ਕੁਰਬਾਨੀ: ਮਾਨ

**ਫ਼ਤਹਿਗੜ੍ਹ ਸਾਹਿਬ (ਬਿਊਰੋ)** ਛੋਟੇ ਸ਼ਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ, ਬਹਾਦਰੀ ਤੇ ਮਾਣਮੱਤੇ ਇਤਿਹਾਸ ਨੂੰ ਯਾਦ ਕਰਦਿਆਂ ਸ਼ਹੀਦੀ ਜੋੜ ਮੇਲਾ ਆਰੰਭ ਹੋ ਗਿਆ ਹੈ। ਕੌਮੀ ਪੱਧਰ 'ਤੇ ਇਸ ਦਿਨ ਨੂੰ ਵੀਰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਸਭਾ ਅੱਜ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ 'ਚ ਅਖੰਡ ਪਾਠ ਨਾਲ ਆਰੰਭ ਹੋ ਗਈ। ਸਭਾ ਦੇ ਅੱਜ ਪਹਿਲੇ ਦਿਨ ਲੱਖਾਂ ਸ਼ਰਧਾਲੂਆਂ ਨੇ ਗੁਰਦੁਆਰੇ 'ਚ ਨਤਮਸਤਕ ਹੋ ਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅਖੰਡ ਪਾਠ ਦੀ ਆਰੰਭਤਾ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਗੁਰਦੁਆਰੇ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਡਿਪਟੀ ਕਮਿਸ਼ਨਰ ਡਾ। ਸੋਨਾ



ਥਿੰਦ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੀਤਿਕਾ ਸਿੰਘ ਸਮੇਤ ਧਾਰਮਿਕ ਅਤੇ ਰਾਜਸੀ ਸ਼ਖ਼ਸੀਅਤਾਂ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੰਗਤ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸੇ ਦੌਰਾਨ ਸਾਕਾ ਸਰਹਿੰਦ ਦੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਅਕਾਲੀ ਦਲ ਵਲੋਂ 'ਮੇਰੀ ਦਸਤਾਰ ਮੇਰੀ ਸ਼ਾਨ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਜਿਸ ਦੀ ਅਰਦਾਸ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਕੀਤੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਬਰ, ਜ਼ੁਲਮ ਤੇ ਅਨਿਆਂ ਵਿਰੁੱਧ ਲੜਨ ਲਈ ਪ੍ਰੇਰਿਤ ਕਰੇਗੀ, ਜਿਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉਹ ਅੱਜ ਇੱਥੇ ਆਏ ਹਨ। ਮਾਨ ਨੇ ਕਿਹਾ ਕਿ ਸਮੁੱਚਾ ਪੰਜਾਬ ਇਸ ਮਹੀਨੇ ਨੂੰ 'ਸੋਗ ਦੇ ਮਹੀਨੇ' ਵਜੋਂ ਮਨਾਉਂਦਾ ਹੈ ਕਿਉਂਕਿ ਇਨ੍ਹਾਂ ਦਿਨਾਂ ਦੌਰਾਨ ਜ਼ਾਲਮ ਹਾਕਮਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦਿਆਂ ਨੀਂਹ ਵਿੱਚ ਚਿਣ ਦਿੱਤਾ ਸੀ।

## ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਤੇ ਹੋਰ ਮੰਗਾਂ ਲਈ ਵਿੱਢੀ ਲੜਾਈ ਮਿਲ ਕੇ ਜਿੱਤਣੀ ਹੋਵੇਗੀ: ਡੱਲੇਵਾਲ

**ਚੰਡੀਗੜ੍ਹ (ਬਿਊਰੋ)–** ਪੰਜਾਬ ਸਰਕਾਰ ਦੀ ਤਕਰੀਬਨ ਅੱਧੀ ਕੈਬਨਿਟ ਨੇ ਵਫ਼ਦ ਦੇ ਰੂਪ 'ਚ ਢਾਬੀ ਗੁੱਜਰਾਂ ਬਾਰਡਰ ਪਹੁੰਚ ਕੇ ਪਿਛਲੇ 30 ਦਿਨਾਂ ਤੋਂ ਮਰਨ ਵਰਤ ਉੱਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕੀਤੀ। ਵਫਦ ਦੀ ਅਗਵਾਈ ਕਰ ਰਹੇ 'ਆਪ' ਦੇ ਸੂਬਾਈ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਡੱਲੇਵਾਲ ਦੇ ਸੰਘਰਸ਼ ਨੂੰ ਜਾਇਜ਼ ਦੱਸਦਿਆਂ ਕਿਹਾ ਕਿ ਸੰਘਰਸ਼ ਦੀ ਮਜ਼ਬੂਤੀ ਲਈ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ ਤੇ ਹਰ ਸੰਭਵ ਮਦਦ ਲਈ ਤਿਆਰ ਹੈ। ਕੈਬਨਿਟ ਮੰਤਰੀ ਹਾਲਾਂਕਿ ਡੱਲੇਵਾਲ ਨੂੰ ਮਰਨ ਵਰਤ ਛੱਡਣ ਲਈ ਮਨਾਉਣ ਵਿਚ ਨਾਕਾਮ ਰਹੇ। ਡੱਲੇਵਾਲ ਨੇ ਕੈਬਨਿਟ ਮੰਤਰੀਆਂ ਦੀ ਇਸ ਪੇਸ਼ਕਸ਼ ਨੂੰ ਕੋਰੀ ਨਾਂਹ ਕਰ ਦਿੱਤੀ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ 'ਇਹ ਲੜਾਈ ਜਿੱਤਣ ਲਈ ਸਾਨੂੰ ਮਿਲ ਕੇ ਲੜਨਾ ਹੋਵੇਗਾ।' ਡੱਲੇਵਾਲ, ਜੋ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਪਿਛਲੇ 30 ਦਿਨਾਂ ਤੋਂ ਖਨੌਰੀ ਬਾਰਡਰ 'ਤੇ ਮਰਨ ਵਰਤ ਉੱਤੇ ਬੈਠੇ ਹਨ, ਨੇ ਵਿਸ਼ੇਸ਼ ਸਟੇਜ ਤੋਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਇਸ ਅੰਦੋਲਨ ਲਈ ਦਿੱਤੀ ਹਮਾਇਤ ਵਾਸਤੇ ਉਨ੍ਹਾਂ ਦਾ ਧੰਨਵਾਦ ਕੀਤਾ। ਡੱਲੇਵਾਲ ਦੀ ਨਿੱਘਰਦੀ ਸਿਹਤ ਦੇ ਮੱਦੇਨਜ਼ਰ ਇਹ ਸਟੇਜ ਵਿਸ਼ੇਸ ਤੌਰ 'ਤੇ ਤਿਆਰ ਕੀਤੀ ਗਈ ਹੈ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਦੇ ਆਗੂਆਂ ਨੇ ਕਿਹਾ ਕਿ ਉਹ ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨ ਸਣੇ ਹੋਰਨਾਂ ਮੰਗਾਂ ਬਾਰੇ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ ਜਨਵਰੀ ਦੇ ਪਹਿਲੇ ਹਫਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲਣ ਦਾ ਸਮਾਂ ਮੰਗਣਗੇ। ਐੱਸਕੇਐੱਮ ਨੇ ਸਾਫ਼ ਕਰ ਦਿੱਤਾ ਕਿ ਉਹ ਸ਼ੰਭੂ ਤੇ ਖਨੌਰੀ ਮੋਰਚਿਆਂ 'ਤੇ ਚੱਲ ਰਹੇ ਸੰਘਰਸ਼ ਤੇ 30 ਦਸੰਬਰ ਦੇ 'ਪੰਜਾਬ ਬੰਦ' ਦੇ ਸੱਦੇ ਵਿਚ ਸ਼ਾਮਲ ਨਹੀਂ ਹੋਣਗੇ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਉਹ ਕਿਸਾਨਾਂ ਨਾਲ ਜੁੜੇ ਮਸਲਿਆਂ ਨੂੰ ਉਭਾਰਨ ਲਈ 9 ਜਨਵਰੀ ਨੂੰ ਪੰਜਾਬ ਦੇ ਮੋਗਾ ਵਿਚ ਰੈਲੀ ਦੀਆਂ ਵਿਉਂਤਾਂ ਘੜ ਰਹੇ ਹਨ। ਡੱਲੇਵਾਲ ਨੇ ਖਨੌਰੀ ਬਾਰਡਰ ਉੱਤੇ ਕਮਜ਼ੋਰ ਆਵਾਜ਼ ਵਿਚ ਕਿਹਾ, ''ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਠੀਕ ਹਾਂ। ਸਾਨੂੰ ਇਹ ਲੜਾਈ ਜਿੱਤਣੀ ਹੋਵੇਗੀ। ਇਹ ਲੜਾਈ ਉਦੋਂ ਹੀ ਜਿੱਤੀ ਜਾ ਸਕਦੀ ਹੈ ਜਦੋਂ ਪੂਰਾ ਦੇਸ਼ ਇਕਜੁੱਟ ਹੋ ਕੇ ਲੜੇ।''



ਡੱਲੇਵਾਲ ਨੇ ਪੰਜਾਬ ਦੇ 'ਛੋਟੇ ਭਰਾ ਹਰਿਆਣਾ' ਤੇ ਹੋਰਨਾਂ ਰਾਜਾਂ ਨੂੰ ਅਪੀਲ ਕੀਤੀ ਕਿ 'ਇਹ ਲੜਾਈ ਮਜ਼ਬੂਤੀ ਤੇ ਪੂਰੀ ਤਾਕਤ ਨਾਲ ਲੜੀ ਜਾਣੀ ਚਾਹੀਦੀ ਹੈ।' ਕਿਸਾਨ ਆਗੂ ਨੇ ਦੋ ਮਿੰਟ ਦੀ ਆਪਣੀ ਤਕਰੀਰ (ਜਿਸ ਵਿਚ ਉਨ੍ਹਾਂ ਕਿਸਾਨ ਆਗੂ ਅਭਿਮਨਿਊ ਕੋਹਾੜ ਦੀ ਮਦਦ ਲਈ) ਵਿਚ ਕਿਹਾ, ''ਮੈਂ ਚਾਹੁੰਦਾ ਹਾਂ ਕਿ ਸਰਕਾਰ ਸਾਨੂੰ ਇਥੋਂ ਕਿਸੇ ਵੀ ਕੀਮਤ 'ਤੇ ਨਾ ਉਠਾ ਸਕੇ। ਜੇ ਉਹ ਅਜਿਹਾ ਨਹੀਂ ਕਰ ਸਕੀ, ਫਿਰ ਜਾਂ ਤਾਂ ਅਸੀਂ ਜਿੱਤਾਂਗੇ ਜਾਂ ਫਿਰ ਮਰਾਂਗੇ...ਦੋਵਾਂ 'ਚੋਂ ਇਕ ਚੀਜ਼ ਹੋਵੇਗੀ।''



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539


DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY
INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D TM
MAJESTIC
HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬ੍ਰੇਰੀ ਨੂੰ ਸ੍ਰੀ ਰਾਮ ਲਾਲ ਦਾਸ ਅਤੇ ਸ਼੍ਰੀਮਤੀ ਛਿੰਦੋ ਰਾਣੀ ਦਾਸ ਵਲੋਂ ਅੰਬੇਡਕਰ ਅਤੇ ਅਗਾਂਹਵਧੂ ਸਾਹਿਤ ਨਾਲ ਅਲਮਾਰੀ ਦਾਨ







**ਜਲੰਧਰ–** ਗ਼ਦਰੀ ਬਾਬਿਆਂ ਦੀ ਯਾਦ ਵਿੱਚ ਬਣੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬ੍ਰੇਰੀ ਨੂੰ, ਸ੍ਰੀ ਰਾਮ ਲਾਲ ਦਾਸ ਅਤੇ ਉਨਾਂ ਦੀ ਪਤਨੀ ਸ੍ਰੀਮਤੀ ਛਿੰਦੋ ਰਾਣੀ ਦਾਸ ਵਾਸੀ ਸਿਧਾਰਥ ਨਗਰ ਜਲੰਧਰ ਨੇ ਬਾਬਾ ਸਾਹਿਬ ਦਾ ਸਾਹਿਤ, ਅਗਾਂਹਵਧੂ ਸਾਹਿਤ ਅਤੇ ਹੋਰ ਪ੍ਰਮੁੱਖ ਲੇਖਕਾਂ ਦੀਆਂ ਪੁਸਤਕਾਂ ਨਾ.ਲ ਭਰੀ ਅਲਮਾਰੀ ਦਾਨ ਕੀਤੀ। ਇਹ ਉਨ੍ਹਾਂ ਦਾ ਚੌਥਾ ਉਪਰਾਲਾ ਹੈ, ਇਸ ਤੋਂ ਪਹਿਲਾਂ ਉਹ ਡੀ।ਏ।ਵੀ। ਕਾਲਜ਼ ਜਲੰਧਰ, ਡਾਕਟਰ ਅੰਬੇਡਕਰ ਕਾਲਜ਼ ਬੂਟਾਂ ਮੰਡੀ, ਸਮਤਾ ਸੈਨਿਕ ਦਲ ਹੈਂਡ ਕਵਾਟਰ ਨਾਗ ਪੁਰ ਨੂੰ ਬਾਬਾ ਸਾਹਿਬ ਅੰਬੇਡਕਰ ਦੇ ਸਾਹਿਤ ਨਾਲ ਭਰੀਆਂ ਅਲਮਾਰੀਆਂ ਭੇਟ ਕਰ ਚੁੱਕੇ ਹਨ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 23 ਦਸੰਬਰ 2024 ਨੂੰ ਹੋਏ ਇੱਕ ਪ੍ਰੋਗਰਾਮ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਮੈਂਬਰ, ਅੰਬੇਡਕਰ ਭਵਨ ਟਰੱਸਟ ਦੇ ਮੈਂਬਰ ਸਾਹਿਬਾਨ ਤੋਂ ਇਲਾਵਾ ਹੋਰ ਬਹੁਤ ਸਾਰੇ ਪ੍ਰਮੁੱਖ ਸੱਜਣਾਂ ਨੇ ਹਿੱਸਾ ਲਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਮੀਟਿੰਗ ਨੂੰ ਸੰਬੋਧਨ ਕੀਤਾ।

ਇਸ ਮੌਕੇ ਸ੍ਰੀ ਗਿਆਨ ਚੰਦ ਕੌਲ ਜਨਰਲ ਸਕੱਤਰ ਅੰਬੇਡਕਰ ਭਵਨ ਟਰੱਸਟ ਨੇ ਬਾਬੂ ਮੰਗੂ ਰਾਮ ਮੰਗੋਵਾਲੀਆ ਦੇ ਗ਼ਦਰੀ ਲਹਿਰ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ ਅਤੇ ਅੰਬੇਡਕਰੀਆਂ ਤੇ ਮਾਰਕਸਵਾਦੀਆਂ ਨੂੰ ਇਕ ਕਾਮਨ ਮਿਨੀਮੱਮ ਪ੍ਰੋਗਰਾਮ ਬਣਾ ਕੇ ਸਾਂਝਾ ਅੰਦੋਲਨ ਖੜਾ ਕਰਨ ਲਈ ਪ੍ਰੇਰਿਤ ਕੀਤਾ। ਸ੍ਰੀ ਹਰਮੇਸ਼ ਜੱਸਲ ਟਰੱਸਟੀ ਅੰਬੇਡਕਰ ਭਵਨ ਟਰੱਸਟ ਅਤੇ ਸਾਬਕਾ ਸੰਪਾਦਕ ਕਿਰਤੀ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਨੇ 1984 ਤੋਂ 1988 ਤੱਕ " ਕਿਰਤੀ ਪੰਜਾਬੀ ਵੀਕਲੀ" ਦਾ ਸੰਪਾਦਨ ਕਰਦੇ ਹੋਏ, ਗ਼ਦਰੀ ਬਾਬਿਆਂ ਦੇ ਸੰਦੇਸ਼ ਨੂੰ ਤੀਜੀ ਵਾਰੀ ਲੋਕਾਂ ਤੱਕ ਪਹੁੰਚਾਇਆ । ਸ੍ਰੀ ਚਰਨ ਦਾਸ ਸੰਧੂ ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ ਨੇ ਸ਼ਹੀਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਨਾਲ ਸਬੰਧਿਤ ਅਣਗੌਲੇ ਕੀਤੇ ਤੱਥਾਂ ਨੂੰ ਉਜਾਗਰ ਕੀਤਾ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਸ਼ਹੀਦ ਭਗਤ ਸਿੰਘ ਜੀ ਦਾ ਇੱਕ ਚਿੱਤਰ ਵੀ ਭੇਟ ਕੀਤਾ।

ਪ੍ਰੋ. ਬਲਬੀਰ ਚੰਦ ਵਾਇਸ ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ ਨੇ ਸ੍ਰੀ ਰਾਮ ਲਾਲ ਦਾਸ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਡਾ. ਅੰਮ੍ਰਿਤ ਪਾਲ ਕੌਰ ਨੇ ਮਨੁੱਖੀ ਜੀਵਨ ਵਿੱਚ ਕਿਤਾਬਾਂ ਦੀ ਮਹੱਤਤਾ ਉਪਰ ਚਾਨਣਾਂ ਪਾਇਆ। ਸ੍ਰੀ ਰਾਮ ਲਾਲ ਦਾਸ ਨੇ ਆਪਣੇ ਸੰਬੋਧਨ ਵਿਚ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਮੂਲ ਮੰਤ੍ਰ ਐਜੂਕੇਟ, ਐਜੀਟੇਟ ਐਂਡ ਔਰਗੇਨਾਇਜ ਦੀ ਵਿਆਖਿਆ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸਾਹਿਤ ਦਾ ਅੰਦੋਲਨ ਵਿਚ ਰੋਲ ਅਤੇ ਮਹੱਤਵ ਉਪਰ ਵਿਚਾਰ ਪ੍ਰਗਟ ਕੀਤੇ। ਬੀਬੀ ਸੁਰਿੰਦਰ ਕੁਮਾਰੀ ਕੋਛੜ ਅਤੇ ਪ੍ਰੋ। ਗੋਪਾਲ ਬੁੱਟਰ ਨੇ ਕਿਹਾ ਕਿ ਅੰਬੇਡਕਰੀਆਂ ਅਤੇ ਮਾਰਕਸਵਾਦੀਆਂ ਨੂੰ ਆਪਸੀ ਸਾਂਝ ਹੋਰ ਵਧਾਉਣੀ ਚਾਹੀਦੀ ਹੈ। ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਪ੍ਰਧਾਨ ਸ। ਅਜਮੇਰ ਸਿੰਘ ਨੇ ਸਾਰੇ ਬੁਲਾਰਿਆਂ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਕਿਹਾ ਕਿ ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤੱਕ ਅੰਬੇਡਕਰੀ ਅਤੇ ਮਾਰਕਸੀ ਅੰਦੋਲਨ ਵਿਚ ਆਏ ਉਤਰਾ ਚੜ੍ਹਾ ਅਤੇ ਵਿਰੋਧਤਾਈਆਂ ਨੂੰ ਵਿਸਾਰਦੇ ਹੋਏ ਅਜੋਕੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ, ਫਾਸ਼ੀਵਾਦੀ ਤਾਕਤਾਂ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ। ਦੇਸ਼ ਭਗਤ ਯਾਦਗਾਰ ਹਾਲ ਲਾਇਬ੍ਰੇਰੀ ਦੇ ਇੰਚਾਰਜ ਸ੍ਰੀ ਚਿਰੰਜੀ ਲਾਲ ਨੇ ਜਿਥੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਸੰਚਾਲਨ ਕੀਤਾ ਉਥੇ ਸ੍ਰੀ ਰਾਮ ਲਾਲ ਦਾਸ ਦਾ ਕਿਤਾਬਾਂ ਅਤੇ ਅਲਮਾਰੀ ਦਾਨ ਕਰਨ ਲਈ ਧੰਨਵਾਦ ਕੀਤਾ।

ਇਸ ਮੌਕੇ ਸ੍ਰੀ ਬਲਦੇਵ ਭਾਰਦਵਾਜ ਖ਼ਜ਼ਾਨਚੀ ਅੰਬੇਡਕਰ ਭਵਨ ਟਰੱਸਟ, ਸ੍ਰੀ ਗੁਰਦੇਵ ਰਾਮ , ਸ੍ਰੀ ਨਿਰਮਲ ਬਿੰਜੀ ਅਤੇ ਹੋਰ ਪ੍ਰਮੁੱਖ ਸਾਥੀ ਸ਼ਾਮਲ ਸਨ। ਅੰਤ ਵਿੱਚ ਚਾਹ ਪਾਣੀ ਵਰਤਾਇਆ ਗਿਆ।

**–ਰਿਪੋਰਟ ਹਰਮੇਸ਼ ਜੱਸਲ**

# ਅਹਿਮਦਾਬਾਦ ’ਚ ਅਣਪਛਾਤੇ ਵਿਅਕਤੀਆਂ ਵੱਲੋ ਅੰਬੇਡਕਰ ਦੀ ਮੂਰਤੀ ਦੀ ਭੰਨ-ਤੋੜ



**ਅਹਿਮਦਾਬਾਦ–** ਗੁਜਰਾਤ ਦੇ ਅਹਿਮਦਾਬਾਦ ਸ਼ਹਿਰ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਦੀ ਭੰਨ-ਤੋੜ ਕੀਤੀ ਗਈ। ਸਥਾਨਕ ਲੋਕਾਂ ਵੱਲੋਂ ਇਸ ਘਟਨਾ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਪੁਲੀਸ ਨੇ ਇਸ ਮਾਮਲੇ ਵਿਚ ਅਣਪਛਾਤੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਐੱਫਆਈਆਰ ਦਰਜ ਕਰਕੇ ਮੁਲਜ਼ਮਾਂ ਦੀ ਪਛਾਣ ਲਈ ਨੇੜਲੇ ਇਲਾਕਿਆਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਪੁਲੀਸ ਅਧਿਕਾਰੀ ਨੇ ਕਿਹਾ, ‘ਕੁਝ ਅਣਪਛਾਤੇ ਵਿਅਕਤੀਆਂ ਨੇ ਅਹਿਮਦਾਬਾਦ ਸ਼ਹਿਰ ਦੇ ਖੋਖਰਾ ਇਲਾਕੇ ਵਿੱਚ ਸ੍ਰੀ ਕੇਕੇ ਸ਼ਾਸਤਰੀ ਕਾਲਜ ਦੇ ਸਾਹਮਣੇ ਸਥਿਤ ਬਾਬਾ ਸਾਹਿਬ ਅੰਬੇਡਕਰ ਦੀ ਮੂਰਤੀ ਦੇ ਨੱਕ ਅਤੇ ਐਨਕਾਂ ਨੂੰ ਨੁਕਸਾਨ ਪਹੁੰਚਾਇਆ ਹੈ।’ ਉਨ੍ਹਾਂ ਦੱਸਿਆ ਕਿ ਇਹ ਘਟਨਾ ਅੱਜ ਸਵੇਰੇ 8 ਵਜੇ ਤੋਂ ਪਹਿਲਾਂ ਵਾਪਰੀ। ਇਸ ਸਬੰਧੀ ਬੀਐੱਨਐੱਸ ਦੀ ਧਾਰਾ 196 ਅਤੇ 298 ਤਹਿਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਦੌਰਾਨ ਗੁੱਸੇ ਵਿੱਚ ਆਏ ਸਥਾਨਕ ਲੋਕਾਂ ਨੇ ਮੂਰਤੀ ਦੇ ਨੇੜੇ ਪ੍ਰਦਰਸ਼ਨ ਕੀਤਾ ਅਤੇ ਭੰਨਤੋੜ ਕਰਨ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ। ਪੁਲੀਸ ਨੇ ਉਨ੍ਹਾਂ ਨੂੰ ਕਾਰਵਾਈ ਦਾ ਭਰੋਸਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਹ ਘਟਨਾ ਗੁਆਂਢੀ ਸੂਬੇ ਮਹਾਰਾਸ਼ਟਰ ਦੇ ਪਰਭਾਨੀ ਵਿੱਚ ਸੰਵਿਧਾਨ ਦੀ ਸ਼ੀਸ਼ੇ ਵਿਚ ਬੰਦ ਕਲਾਕ੍ਰਿਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਕੁਝ ਹਫ਼ਤੇ ਬਾਅਦ ਵਾਪਰੀ ਹੈ।




# ਪ੍ਰਵਾਸੀਆਂ ਉਪਰ ਨਜਰ ਰੱਖਣ ਬਾਰੇ ਜਾਰੀ ਇਕ ਪੱਤਰ ਨੇ ਪੈਦਾ ਕੀਤਾ ਸਹਿਮ ਦਾ ਮਾਹੌਲ, ਓਰੇਗੋਨ ਦੇ ਸ਼ੈਰਿਫ ਤੇ ਹੋਰਨਾਂ ਵੱਲੋਂ ਚਿੰਤਾ ਦਾ ਪ੍ਰਗਟਾਵਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਵਿਚ ਅੱਜ ਕਲ ਇਕ ਪੱਤਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਪੱਤਰ ਵਿਚ ਅਮਰੀਕੀਆਂ ਨੂੰ ਪ੍ਰਵਾਸੀਆਂ ਉਪਰ ਨਜਰ ਰੱਖਣ ਲਈ ਕਿਹਾ ਗਿਆ ਹੈ। ਇਸ ਪੱਤਰ ਵਿਚ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਸੰਭਾਵੀ ਪ੍ਰਵਾਸੀ ਦੀ ਕਾਰ ਦਾ ਲਾਇਸੰਸ ਪਲੇਟ ਨੰਬਰ ਨੋਟ ਕਰਨ ਕਿਉਂਕਿ ਹੋ ਸਕਦਾ ਹੈ ਕਿ ਉਹ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਿਹਾ ਹੋਵੇ। ਇਸ ਪੱਤਰ ਦਾ ਪ੍ਰਵਾਸੀਆਂ ਦੇ ਅਧਿਕਾਰਾਂ ਪ੍ਰਤੀ ਸਰਗਰਮ ਸਮੂੰਹਾਂ ਨੇ ਵਿਰੋਧ ਕੀਤਾ ਹੈ ਤੇ ਪ੍ਰਵਾਸੀਆਂ ਨੂੰ ਅਧਿਕਾਰਾਂ ਪ੍ਰਤੀ ਸੁਚੇਤ ਕਰਨ ਲਈ ਇਕ ਮੁਹਿੰਮ ਵੀ ਚਲਾਈ ਹੈ।

ਰਗੇਨ ਦੇ ਇਕ ਸ਼ੈਰਿਫ ਨੇ ਕਿਹਾ ਹੈ ਕਿ ਉਸ ਨੇ ਇਸ ਸਬੰਧੀ ਐਫ ਬੀ ਆਈ ਨਾਲ ਸੰਪਰਕ ਕੀਤਾ ਹੈ ਤੇ ਇਸ ਉਪਰ ਚਿੰਤਾ ਪ੍ਰਗਟਾਈ ਹੈ। ਲਿਨਕੋਲਨ ਕਾਊਂਟੀ ਸ਼ੈਰਿਫ ਦੇ ਦਫਤਰ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਇਸ ਪੱਤਰ ਦੀ ਨਿੰਦਾ ਕੀਤੀ ਗਈ ਹੈ ਤੇ ਕਿਹਾ ਹੈ ਕਿ ਇਹ ਪੱਤਰ ਲੋਕਾਂ ਵਿਚ ਫੁੱਟ ਪਾਉਣ ਦਾ ਕਾਰਨ ਬਣ ਸਕਦਾ ਹੈ। ਸ਼ੈਰਿਫ ਕਰਟਿਸ ਲੈਂਡਰਜ ਨੇ ਕਿਹਾ ਹੈ ਕਿ ਉਸ ਨੂੰ ਵੀ ਅਜਿਹਾ ਪੱਤਰ ਮਿਲਿਆ ਹੈ ਜਿਸ ਉਪਰੰਤ ਉਸ ਨੇ ਸੰਘੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਹੈ। ਐਫ ਬੀ ਆਈ ਨੇ ਕਿਹਾ ਹੈ ਕਿ ਉਹ ਅਜਿਹੇ ਪੱਤਰ ਭੇਜੇ ਜਾਣ ਤੋਂ ਜਾਣੂ ਹੈ। ਐਫ ਬੀ ਆਈ ਅਨੁਸਾਰ ਇਸ ਪੱਤਰ ਰਾਹੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਲੋਕਾਂ ਦਾ ਹੌਂਸਲਾ ਵਧਾਇਆ ਗਿਆ ਹੈ ਤੇ ਉਨਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੀ ਚਿੰਤਾ ਲਾਅ ਇਨਫੋਰਸਮੈਂਟ ਅਧਿਕਾਰੀਆਂ ਨਾਲ ਸਾਂਝੀ ਕਰਨ। ਪੱਤਰ ਵਿਚ ਕਿਹਾ ਗਿਆ ਹੈ ਕਿ ਜੇਕਰ ਉਹ ਚਰਚ ਪਾਰਕਿੰਗ ਖੇਤਰ ਵਿਚ ਬੈਠੇ ਹਨ ਜਾਂ ਸਕੂਲ ਤੋਂ ਆਪਣੇ ਬੱਚਿਆਂ ਨੂੰ ਲੈਣ ਗਏ ਹਨ ਤਾਂ ਸੰਭਾਵੀ ਪ੍ਰਵਾਸੀਆਂ ਦੀਆਂ ਕਾਰਾਂ ਦੇ ਨੰਬਰ ਲਿਖ ਲੈਣ ਕਿਉਂਕਿ ਹੋ ਸਕਦਾ ਹੈ ਕਿ ਉਨਾਂ ਪ੍ਰਵਾਸੀਆਂ ਕੋਲ ਦੇਸ਼ ਵਿਚ ਰਹਿਣ ਲਈ ਸਥਾਈ ਕਾਨੂੰਨੀ ਦਰਜਾ ਨਾ ਹੋਵੇ। ਸ਼ੈਰਿਫ ਦਫਤਰ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਉਹ ਰੇਗੋਨ ਦੇ ਕਾਨੂੰਨ ਉਪਰ ਪਹਿਰਾ ਦੇਣ ਲਈ ਦ੍ਰਿੜ ਹਨ ਜਿਸ ਕਾਨੂੰਨ ਅਨੁਸਾਰ ਸਥਾਨਕ ਪੁਲਿਸ ਕਿਸੇ ਨੂੰ ਵੀ ਉਸ ਦੇ ਨਾਗਰਿਕਤਾ ਦਰਜੇ ਜਾਂ ਪ੍ਰਵਾਸ ਸਬੰਧੀ ਪੁੱਛਗਿੱਛ ਨਹੀਂ ਕਰ ਸਕਦੀ ਤੇ ਇਸ ਜਾਣਕਾਰੀ ਨੂੰ ਸੰਘੀ ਅਧਿਕਾਰੀਆਂ ਨਾਲ ਸਾਂਝੀ ਨਹੀਂ ਕਰ ਸਕਦੀ। ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ 'ਅਸੀਂ ਲੋਕਾਂ ਨੂੰ ਸਹੀ ਕੰਮ ਕਰਨ ਲਈ ਪ੍ਰੇਰਤ ਕਰ ਰਹੇ ਹਾਂ ਤੇ ਇਸ ਕਿਸਮ ਦੇ ਪੱਤਰਾਂ ਦਾ ਦਯਾ ਭਾਵਨਾ ਨਾਲ ਜਵਾਬ ਦੇਣ ਲਈ ਉਤਸ਼ਾਹਿਤ ਕਰ ਰਹੇ ਹਾਂ। ਅਸੀਂ ਪੱਤਰ ਵਿਚ ਜਿਸ ਕਿਸਮ ਦੀ ਸਰਗਰਮੀ ਵਰਤਣ ਲਈ ਕਿਹਾ ਗਿਆ ਹੈ, ਉਸ ਦਾ ਵਿਰੋਧ ਕਰਨ ਦੀ ਠੋਸ ਸਲਾਹ ਦਿੱਤੀ ਹੈ। ਓਰੇਗੋਨ ਅਟਾਰਨੀ ਜਨਰਲ ਐਲਨ ਰੋਸਨਬਲਮ ਨੇ ਵੀ ਅਜਿਹੇ ਪੱਤਰਾਂ ਦੀ ਨਿੰਦਾ ਕੀਤੀ ਹੈ। ਉਨਾਂ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਨਸਲੀ ਕਿਸਮ ਦੇ ਪੱਤਰ ਰਾਹੀਂ ਲੋਕਾਂ ਤੇ ਉਨਾਂ ਦੇ ਆਗੂਆਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਰੇਗੋਨ ਵਿਚ ਸਫਲ ਨਹੀਂ ਹੋਣਗੀਆਂ।

ਅਸੀਂ ਉਨਾਂ ਲੋਕਾਂ ਵਿਰੁੱਧ ਇਕਜੁੱਟ ਹੋ ਕੇ ਲੜਾਂਗੇ ਜੋ ਸਾਨੂੰ ਵੰਡਣਾ ਚਹੁੰਦੇ ਹਨ। ਸ਼ੈਰਿਫ ਕਰਟਿਸ ਲੈਂਡਰਜ ਨੂੰ ਇਸ ਪੱਤਰ ਦੀ ਕਾਪੀ ਆਪਣੇ ਮੇਲਬਾਕਸ ਵਿਚ ਮਿਲੀ ਹੈ। ਮੇਅਰਾਂ ਤੇ ਕੌਂਸਲਰਾਂ ਨੂੰ ਵੀ ਇਸ ਕਿਸਮ ਦੇ ਪੱਤਰ ਮਿਲਣ ਦੀਆਂ ਖਬਰਾਂ ਹਨ।

ਸਮਝਿਆ ਜਾਂਦਾ ਹੈ ਕਿ ਇਹ ਪੱਤਰ ਰਾਸ਼ਟਰਪਤੀ ਚੋਣ ਜਿੱਤੇ ਡੋਨਾਲਡ ਟਰੰਪ ਦੀ ਉਸ ਮੁਹਿੰਮ ਦਾ ਹਿੱਸਾ ਹੈ ਜਿਸ ਤਹਿਤ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਸਮੂਹਿਕ ਤੌਰ 'ਤੇ ਦੇਸ਼ ਨਿਕਾਲਾ ਦਿੱਤਾ ਜਾਣਾ ਹੈ। ਇਸ ਦੇ ਵਿਰੋਧ ਵਿਚ ਐਡਵੋਕੇਸੀ ਗਰੁੱਪਾਂ ਨੇ ਪ੍ਰਵਾਸੀਆਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਕਰਨ ਲਈ ਪ੍ਰਵਾਸੀਆਂ ਪ੍ਰਤੀ ਦੋਸਤਾਨਾ ਪਹੁੰਚ ਰਖਦੇ ਰਾਜ ਕੈਲੀਫੋਰਨੀਆ ਤੇ ਇਲੀਨੋਇਸ ਸਮੇਤ ਦੇਸ਼ ਭਰ ਵਿਚ ਇਕ ਮੁਹਿੰਮ ਸ਼ੁਰੂ ਕੀਤੀ ਹੈ। ਪ੍ਰਵਾਸੀਆਂ ਨੂੰ ਦੱਸਿਆ ਜਾ ਰਿਹਾ ਹੈ ਕਿ ਉਹ ਆਪਣਾ ਤੇ ਆਪਣੇ ਨਜ਼ਦੀਕੀਆਂ ਦਾ ਬਚਾਅ ਕਿਸ ਤਰਾਂ ਕਰ ਸਕਦੇ ਹਨ।

# ਨਗਰ ਨਿਗਮ ਤੇ ਕੌਂਸਲ ਚੋਣ: 'ਆਪ' ਦਾ ਪਟਿਆਲਾ ਨਿਗਮ 'ਤੇ ਕਬਜ਼ਾ, ਲੁਧਿਆਣਾ 'ਚ ਬਹੁਮਤ ਨਹੀਂ ਮਿਲਿਆ



ਚੰਡੀਗੜ੍ਹ– ਪੰਜਾਬ ਵਿੱਚ ਬੀਤੇ ਦਿਨ ਹੋਈਆਂ ਪੰਜ ਨਗਰ ਨਿਗਮਾਂ ਅਤੇ 42 ਨਗਰ ਕੌਂਸਲਾਂ ਤੇ ਨਗਰ ਪੰਚਾਇਤ ਦੀਆਂ ਚੋਣਾਂ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ (ਆਪ) ਸਿਰਫ਼ ਨਗਰ ਨਿਗਮ ਪਟਿਆਲਾ ਦੀ ਚੋਣ ਵਿੱਚ ਬਹੁਮਤ ਹਾਸਲ ਕਰ ਸਕੀ ਹੈ। ਬਾਕੀ ਚਾਰ 'ਚ ਸਾਰੀਆਂ ਪਾਰਟੀਆਂ ਬਹੁਮਤ ਤੋਂ ਪਿੱਛੇ ਹਨ। ਇਸੇ ਤਰ੍ਹਾਂ ਪੰਜਾਬ ਵਿੱਚ 42 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ 'ਚੋਂ 'ਆਪ' ਨੇ 29 ਅਤੇ ਕਾਂਗਰਸ ਨੇ ਦੋ 'ਤੇ ਸਪੱਸ਼ਟ ਬਹੁਮਤ ਹਾਸਲ ਕੀਤਾ ਹੈ। ਹਾਲਾਂਕਿ 10 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਕਿਸੇ ਵੀ ਸਿਆਸੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ। ਇਨ੍ਹਾਂ ਚੋਣ ਨਤੀਜਿਆਂ ਦੇ ਆਉਣ ਨਾਲ ਸੂਬੇ ਦੀਆਂ 4 ਨਗਰ ਨਿਗਮਾਂ ਵਿੱਚ ਮੇਅਰ ਅਤੇ 10 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਪ੍ਰਧਾਨ ਬਣਾਉਣ ਲਈ ਜੋੜ-ਤੋੜ ਸ਼ੁਰੂ ਹੋ ਗਿਆ ਹੈ।

ਚੋਣ ਕਮਿਸ਼ਨ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਨਗਰ ਨਿਗਮ ਪਟਿਆਲਾ ਦੇ 60 'ਚੋਂ 53 ਵਾਰਡਾਂ ਦੇ ਨਤੀਜੇ ਐਲਾਨੇ ਗਏ ਹਨ, ਜਦਕਿ ਹਾਈ ਕੋਰਟ ਦੇ ਹੁਕਮਾਂ 'ਤੇ ਸੱਤ ਵਾਰਡਾਂ 'ਤੇ ਚੋਣ ਨਹੀਂ ਹੋਈ। ਇੱਥੇ 'ਆਪ' ਨੇ 43, ਕਾਂਗਰਸ ਤੇ ਭਾਜਪਾ ਨੇ 4-4 ਅਤੇ ਸ਼੍ਰੋਮਣੀ ਅਕਾਲੀ ਦਲ ਨੇ 2 ਵਾਰਡਾਂ ਵਿੱਚ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਜਲੰਧਰ ਵਿੱਚ 85 ਵਾਰਡਾਂ 'ਚੋਂ 'ਆਪ' ਨੇ 38, ਕਾਂਗਰਸ ਨੇ 25, ਭਾਜਪਾ ਨੇ 19 ਅਤੇ ਤਿੰਨ ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਲੁਧਿਆਣਾ ਦੀ ਚੋਣ ਵਿੱਚ 95 ਵਾਰਡਾਂ 'ਚੋਂ 'ਆਪ' ਨੇ 41, ਕਾਂਗਰਸ ਨੇ 30, ਭਾਜਪਾ ਨੇ 19, ਸ਼੍ਰੋਮਣੀ ਅਕਾਲੀ ਦਲ ਨੇ 2 ਅਤੇ ਤਿੰਨ ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਇਸੇ ਤਰ੍ਹਾਂ ਨਗਰ ਨਿਗਮ ਅੰਮ੍ਰਿਤਸਰ ਦੀ ਚੋਣ ਵਿੱਚ 85 ਵਾਰਡਾਂ ਵਿੱਚੋਂ ਕਾਂਗਰਸ ਨੇ 40, 'ਆਪ' ਨੇ 24, ਭਾਜਪਾ ਨੇ 9, ਸ਼੍ਰੋਮਣੀ ਅਕਾਲੀ ਦਲ ਨੇ 4 ਅਤੇ 8 ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਫਗਵਾੜਾ ਦੀ ਚੋਣ ਵਿੱਚ 50 ਵਾਰਡਾਂ ਵਿੱਚੋਂ ਕਾਂਗਰਸ ਨੇ 22, 'ਆਪ' ਨੇ 12, ਭਾਜਪਾ ਨੇ 4, ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਨੇ 3-3 ਅਤੇ 6 ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਚੋਣ ਜਿੱਤੀ ਹੈ।

ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਵਿੱਚ 'ਆਪ' ਨੇ ਰਾਜਾਸਾਂਸੀ, ਬਾਬਾ ਬਕਾਲਾ, ਹੰਡਿਆਇਆ, ਤਲਵੰਡੀ ਸਾਬੋ, ਅਮਲੋਹ, ਮੱਖੂ, ਮੱਲਾਂਵਾਲਾ ਖਾਸ, ਮਹਿਲਪੁਰ, ਗੁਰਾਇਆ, ਬਿਲਗਾ, ਭੁਲੱਥ, ਮਾਛੀਵਾੜਾ, ਸਾਹਨੇਵਾਲ, ਮਲੋਟ, ਸਰਦੂਲਗੜ੍ਹ, ਬਾਘਾਪੁਰਾਣਾ, ਫ਼ਤਹਿਗੜ੍ਹ ਪੰਜਤੂਰ, ਘੜੂੰਆਂ, ਬਾੜੀਵਾਲਾ, ਬਲਾਚੌਰ, ਸਨੌਰ, ਘੱਗਾ, ਘਨੌਰ, ਦੇਵੀਗੜ੍ਹ, ਚੀਮਾ, ਮੂਨਕ, ਦਿੜ੍ਹਬਾ ਤੇ ਖੇਮਕਰਨ ਵਿੱਚ ਬਹੁਮਤ ਹਾਸਲ ਕੀਤਾ ਹੈ। ਕਾਂਗਰਸ ਨੇ ਸ਼ਾਹਕੋਟ ਅਤੇ ਮੁੱਲਾਂਪੁਰ ਦਾਖਾ ਵਿੱਚ ਬਹੁਮਤ ਹਾਸਲ ਕੀਤੀ ਹੈ। ਇਸੇ ਦੌਰਾਨ ਨਗਰ ਕੌਂਸਲ ਤੇ ਨਗਰ ਪੰਚਾਇਤ ਰਾਮਪੁਰਾ ਫੂਲ, ਭੋਗਪੁਰ, ਬੇਗੋਵਾਲ, ਢਿਲਵਾਂ, ਭਿਖੀ, ਸੰਗਰੂਰ ਅਤੇ ਖਨੌਰੀ ਵਿੱਚ ਬਹੁਮਤ ਦੇ ਆਂਕੜੇ ਨਾਲੋਂ ਵੱਧ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਨਰਜੋਤ ਜੈਮਲ ਸਿੰਘ, ਭਾਦਸੋਂ ਅਤੇ ਨਡਾਲਾ ਵਿੱਚ ਕਿਸੇ ਵੀ ਸਿਆਸੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ। ਇਨ੍ਹਾਂ 10 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਪ੍ਰਧਾਨ ਦੀ ਚੋਣ ਲਈ ਸਿਆਸੀ ਪਾਰਟੀਆਂ ਨੇ ਜੋੜ-ਤੋੜ ਸ਼ੁਰੂ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਧਰਮਕੋਟ ਦੇ 13 ਵਾਰਡਾਂ 'ਚੋਂ 8 ਦੀ ਚੋਣ 'ਤੇ ਹਾਈ ਕੋਰਟ ਨੇ ਰੋਕ ਲਾ ਦਿੱਤੀ ਹੈ, ਜਦਕਿ ਬਾਕੀ ਰਹਿੰਦੇ 5 ਵਾਰਡਾਂ ਵਿੱਚ 'ਆਪ' ਨੇ ਜਿੱਤ ਹਾਸਲ ਕੀਤੀ ਹੈ।



# ਅਮਰੀਕਾ ਨੇ ਪਿਛਲੇ ਸਾਲ ਪੌਣੇ 3 ਲੱਖ ਦੇ ਕਰੀਬ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਿਆ

## ਵਾਪਿਸ ਭੇਜੇ ਪ੍ਰਵਾਸੀਆਂ ਵਿਚ 200 ਦੇਸ਼ਾਂ ਦੇ ਲੋਕ ਸ਼ਾਮਿਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਨੇ 30 ਸਤੰਬਰ 2024 ਨੂੰ ਖਤਮ ਹੋਏ ਵਿੱਤੀ ਸਾਲ ਦੌਰਾਨ 2,71,484 ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਿਆ ਹੈ। ਇਕ ਤਾਜ਼ਾ ਜਾਰੀ ਸਲਾਨਾ ਰਿਪੋਰਟ ਅਨੁਸਾਰ ਵਾਪਿਸ ਭੇਜੇ ਗਏ ਪ੍ਰਵਾਸੀਆਂ ਵਿਚ 200 ਵੱਖ ਵੱਖ ਦੇਸ਼ਾਂ ਦੇ ਲੋਕ ਸ਼ਾਮਿਲ ਹਨ। 2014 ਤੋਂ ਬਾਅਦ ਪਹਿਲੀ ਵਾਰ ਇਕ ਸਾਲ ਦੌਰਾਨ ਏਨੀ ਵੱਡੀ ਪੱਧਰ 'ਤੇ ਪ੍ਰਵਾਸੀ ਵਾਪਿਸ ਭੇਜੇ ਗਏ ਹਨ। ਆਈ ਸੀ ਈ ਅਨੁਸਾਰ ਕੱਢੇ ਗਏ ਪ੍ਰਵਾਸੀਆਂ ਵਿਚ 32% ਉਹ ਲੋਕ ਹਨ ਜਿਨਾਂ ਦਾ ਅਪਰਾਧਕ ਰਿਕਾਰਡ ਹੈ। ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਵਾਸੀਆਂ ਦੀ ਸਮੂਹਿਕ ਵਤਨ ਵਾਪਿਸ ਦੀ ਯੋਜਨਾ ਹੈ ਜੋ ਕਿ ਨਿਰੰਤਰ ਰਾਸ਼ਟਰਪਤੀ ਜੋ ਬਾਈਡਨ ਦੀ ਪ੍ਰਵਾਸੀਆਂ ਬਾਰੇ ਪਹੁੰਚ ਦੀ ਅਲੋਚਨਾ ਕਰਦੇ ਰਹੇ ਹਨ। ਹਾਲਾਂ ਕਿ ਆਈ ਸੀ ਈ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਬਾਈਡਨ ਪ੍ਰਸ਼ਾਸਨ ਨੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਿਸ ਸਬੰਧਿਤ ਦੇਸ਼ਾਂ ਵਿਚ ਭੇਜਣ ਲਈ ਨਿਰੰਤਰ ਕਾਰਵਾਈ ਕੀਤੀ ਹੈ। ਆਈ ਸੀ ਈ ਅਨੁਸਾਰ 1 ਅਕਤੂਬਰ 2023 ਤੋਂ 30 ਸਤੰਬਰ 2024 ਦਰਮਿਆਨ ਵਾਪਿਸ ਭੇਜੇ ਗਏ ਜਿਆਦਾਤਰ ਪ੍ਰਵਾਸੀਆਂ ਵਿਚ ਉਹ ਪ੍ਰਵਾਸੀ ਸ਼ਾਮਿਲ ਹਨ ਜਿਨਾਂ ਨੇ ਯੂ ਐਸ-ਮੈਕਸੀਕੋ ਬਾਰਡਰ ਰਾਹੀਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਪ੍ਰਵੇਸ਼ ਕੀਤਾ ਸੀ। ਆਈ ਸੀ ਈ ਦੇ ਡਾਇਰੈਕਟਰ ਪੈਟਰਿਕ ਲੀਚਲੀਟਨਰ ਨੇ ਇਸ



ਰਿਪੋਰਟ ਵਿਚ ਕਿਹਾ ਹੈ ਕਿ ਲੋੜੀਂਦੇ ਸਾਧਨਾਂ ਤੇ ਫੰਡਾਂ ਦੀ ਅਣਹੋਂਦ ਵਿੱਚ ਅਸੀਂ ਸਰਹੱਦਾਂ ਸੁਰੱਖਿਅਤ ਕਰਨ ਦੇ ਮਕਸਦ ਨਾਲ ਨਿਰੰਤਰ ਕੰਮ ਕੀਤਾ ਹੈ। ਟਾਮ ਹੋਮੈਨ ਜਿਨਾਂ ਨੂੰ ਟਰੰਪ ਨੇ ਆ ਰਹੇ ਆਪਣੇ ਪ੍ਰਸ਼ਾਸਨ ਦੀ ਅਗਵਾਈ ਸੌਂਪੀ ਹੈ, ਨੇ ਕਿਹਾ ਹੈ ਕਿ ਉਸ ਨੂੰ ਚੁਣੇ ਗਏ ਰਾਸ਼ਟਰਪਤੀ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦਾ ਕੀਤਾ ਗਿਆ ਵਾਅਦਾ ਪੂਰਾ ਕਰਨ ਲਈ ਕਾਂਗਰਸ ਤੋਂ ਹੋਰ ਫੰਡਾਂ ਦੀ ਲੋੜ ਪਵੇਗੀ। ਇਕ ਚੈਨਲ ਨਾਲ ਮੁਲਾਕਾਤ ਦੌਰਾਨ ਉਨਾਂ ਕਿਹਾ ਕਿ ਉਸ ਨੂੰ ਗੈਰ ਦਸਤਾਵੇਜ਼ ਪ੍ਰਵਾਸੀਆਂ ਨੂੰ ਫੜਨ ਵਾਸਤੇ ਘੱਟੋ ਘੱਟ ਇਕ ਲੱਖ ਬਿਸਤਰਿਆਂ ਦੀ ਲੋੜ ਪਵੇਗੀ ਜਦ ਕਿ ਇਸ ਸਮੇ 40 ਹਜਾਰ ਬਿਸਤਰਿਆਂ ਲਈ ਹੀ ਫੰਡ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਆਈ ਸੀ ਈ ਏਜੰਟਾਂ ਦੀ ਲੋੜ ਹੈ। ਇਸ ਸਮੇ ਏਜੰਸੀ ਕੋਲ 6 ਹਜਾਰ ਦੇ ਆਸ ਪਾਸ ਇਮੀਗ੍ਰੇਸ਼ਨ ਇਨਫੋਰਸਮੈਂਟ ਅਫਸਰ ਹਨ।

ਹੋਮੈਨ ਅਨੁਸਾਰ ਅਸੀਂ ਦੇਸ਼ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਵਧ ਤੋਂ ਵਧ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਕੇ ਉਨਾਂ ਨੂੰ ਵਾਪਿਸ ਭੇਜਣਾ ਚਹੁੰਦੇ ਹਾਂ ਜਿਸ ਵਾਸਤੇ ਲੋੜੀਂਦੇ ਸਾਧਨ ਹੋਣੇ ਚਾਹੀਦੇ ਹਨ। ਰਿਪੋਰਟ ਅਨੁਸਾਰ ਤਕਰੀਬਨ 14 ਲੱਖ ਪ੍ਰਵਾਸੀ ਅਜਿਹੇ ਹਨ ਜਿਨਾਂ ਨੂੰ ਵਾਪਿਸ ਭੇਜਣ ਵਾਸਤੇ ਅੰਤਿਮ ਆਦੇਸ਼ ਦੀ ਲੋੜ ਹੈ ਪਰੰਤੂ ਇਨਾਂ ਵਿਚ ਬਹੁਤ ਸਾਰੇ ਅਜਿਹੇ ਹਨ ਜਿਨਾਂ ਨੂੰ ਵਾਪਿਸ ਉਨਾਂ ਦੇ ਦੇਸ਼ ਭੇਜਿਆ ਨਹੀਂ ਜਾ ਸਕਦਾ ਕਿਉਂਕਿ ਸਬੰਧਤ ਦੇਸ਼ ਉਨਾਂ ਨੂੰ ਵਾਪਿਸ ਲੈਣ ਲਈ ਤਿਆਰ ਹੀ ਨਹੀਂ ਹਨ ਜਾਂ ਉਨਾਂ ਨੂੰ ਸਾਡੇ ਮੌਜੂਦਾ ਇਮੀਗ੍ਰੇਸ਼ਨ ਪ੍ਰਣਾਲੀ ਤਹਿਤ ਰਾਹਤ ਮਿਲ ਸਕਦੀ ਹੈ। ਇਸ ਤੋਂ ਇਲਾਵਾ 76 ਲੱਖ ਤੋਂ ਵਧ ਪ੍ਰਵਾਸੀਆਂ ਨੂੰ ਵਾਪਿਸ ਭੇਜਣ ਦੀ ਪ੍ਰਕ੍ਰਿਆ ਤਹਿਤ ਲਿਆਂਦਾ ਹੈ ਪਰੰਤੂ ਇਹ ਲੋਕ ਆਈ ਸੀ ਈ ਦੀ ਹਿਰਾਸਤ ਵਿਚ ਨਹੀਂ ਹਨ। ਇਨਾਂ ਨੂੰ ਵਾਪਿਸ ਭੇਜਣ ਲਈ ਇਮੀਗ੍ਰੇਸ਼ਨ ਪ੍ਰਕ੍ਰਿਆ ਵਿਚੋਂ ਲੰਘਣਾ ਪਵੇਗਾ।

# ਕੈਨੇਡਾ 'ਚ ਵਰਕ ਤੇ ਸਟੱਡੀ ਪਰਮਿਟ ਨਵਿਆਉਣ ਲਈ ਫਲੈਗਪੋਲ ਦੀ ਸ਼ਰਤ ਖਤਮ

**ਵੈਨਕੂਵਰ–** ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਅਵਾਸੀਆਂ ਦੀ ਦਿੱਕਤ ਨੂੰ ਸਮਝਦਿਆਂ ਵਰਕ ਅਤੇ ਸਟੱਡੀ ਪਰਮਿਟ ਨਵਿਆਉਣ ਲਈ ਅਮਰੀਕੀ ਸਰਹੱਦ ਤੋਂ ਵਾਪਸ ਕੈਨੇਡਾ ਦਾਖਲਾ (ਫਲੈਗੋਪੋਲ) ਦੀ ਸ਼ਰਤ ਅੱਜ ਤੋਂ ਖਤਮ ਕਰ ਦਿੱਤੀ ਹੈ। ਹੁਣ ਘਰ ਬੈਠਿਆਂ ਇਹ ਪਰਮਿਟ ਨਵਿਆਏ ਜਾਂ ਵਧਾਏ ਜਾ ਸਕਣਗੇ, ਪਰ ਉਸ ਲਈ ਅਰਜ਼ੀ ਖਾਤਮੇ ਤੋਂ ਕਾਫੀ ਦਿਨ ਪਹਿਲਾਂ ਦਰਜ ਕਰਾਉਣੀ ਪਏਗੀ ਤਾਂ ਕਿ ਅਰਜੀਕਰਤਾ ਨੂੰ ਪਰਮਿਟ ਸਮੇਂ ਸਿਰ ਮਿਲ ਜਾਏ ਤੇ ਉਸ ਦੇ ਕੰਮ ਜਾਂ ਪੜ੍ਹਾਈ ਦਾ ਨੁਕਸਾਨ ਨਾ ਹੋਏ।

ਇਮੀਗ੍ਰੇਸ਼ਨ ਵਿਭਾਗ ਅਨੁਸਾਰ ਦਹਾਕਿਆਂ ਤੋਂ ਚਲਦੀ ਇਸ ਪ੍ਰਕਿਰਿਆ ਕਾਰਨ ਸਰਹੱਦ ’ਤੇ ਭੀੜ ਵਧਦੀ ਸੀ ਤੇ ਅਰਜੀਕਰਤਾਵਾਂ ਨੂੰ ਬੇਲੋੜੀ ਪ੍ਰੇਸ਼ਾਨੀ ਝੱਲਣੀ ਪੈਂਦੀ ਸੀ।



ਵਿਭਾਗ ਨੇ ਸਪਸ਼ਟ ਕੀਤਾ ਹੈ ਕਿ 24 ਦਸੰਬਰ ਤੋਂ ਅਜਿਹੀ ਲੋੜ ਵਾਲੇ ਕਿਸੇ ਵਿਅਕਤੀ ਨੂੰ ਫਲੈਗਪੋਲ ਦੀ ਲੋੜ ਨਹੀਂ ਹੋਵੇਗੀ ਤੇ ਉਹ ਘਰ ਬੈਠਿਆਂ ਹੀ ਆਨਲਾਈਨ ਅਰਜ਼ੀ ਦਾਖਲ ਕਰਵਾ ਸਕਦਾ ਹੈ। ਵਿਭਾਗ ਨੇ ਅਰਜ਼ੀਕਰਤਾਵਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਲੋੜੀਂਦੇ ਦਸਤਾਵੇਜ਼ ਪਹਿਲਾਂ ਤਿਆਰ ਕਰਕੇ ਆਖਰੀ ਤਰੀਕ ਤੋਂ ਕਾਫੀ ਦਿਨ ਪਹਿਲਾਂ ਘਰ ਬੈਠ ਕੇ ਅਰਜ਼ੀ ਭਰ ਸਕਦੇ ਹਨ। ਉਨ੍ਹਾਂ ਕਿਹਾ ਕਿ ਫਾਰਮ ਕਾਫੀ ਸੁਖਾਲੇ ਕਰ ਦਿੱਤੇ ਗਏ ਹਨ ਤਾਂ ਕਿ ਅਰਜ਼ੀਕਰਤਾਵਾਂ ਨੂੰ ਸਲਾਹਕਾਰਾਂ (ਏਜੰਟਾਂ) ਦੇ ਝੰਜਟ ਵਿੱਚ ਨਾ ਪੈਣਾ ਪਵੇ।

ਦੱਸਣਾ ਬਣਦਾ ਹੈ ਕਿ ਹੁਣ ਤੱਕ ਇਨ੍ਹਾਂ ਕੰਮਾਂ ਲਈ ਅਮਰੀਕਨ ਸਰਹੱਦ ਦੇ ਕਿਸੇ ਲਾਂਘੇ ’ਤੇ ਜਾ ਕੇ ਪਹਿਲਾਂ ਸਰਹੱਦ ਪਾਰ ਅਮਰੀਕਨ ਪੋਸਟ ਤੋਂ ਇੱਕ ਫਾਰਮ ਭਰਵਾ ਕੇ ਲਿਆਉਣਾ ਪੈਂਦਾ ਸੀ, ਜਿਸ ਨੂੰ ਫਲੈਗਪੋਲ ਕਹਿੰਦੇ ਸੀ ਤੇ ਉਸ ਫਾਰਮ ਦੇ ਅਧਾਰ ’ਤੇ ਕੈਨੇਡਾ ਦਾਖਲੇ ਮੌਕੇ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀਬੀਐਸਏ) ਅਮਲੇ ਵਲੋਂ ਪਰਮਿਟ ਜਾਰੀ (ਨਵਿਆਏ) ਜਾਂਦੇ ਸਨ। ਇਹ ਝੰਜਟ ਸਲਾਹਕਾਰਾਂ ਦੀ ਕਮਾਈ ਦਾ ਸਰੋਤ ਬਣਿਆ ਹੋਇਆ ਸੀ।



# ਕੈਲੀਫੋਰਨੀਆ ਵਿਚ ਪਿਤਾ ਨੇ ਆਪਣੇ ਦੋ ਬੱਚਿਆਂ ਤੇ ਪਤਨੀ ਦੀ ਹੱਤਿਆ ਕਰਨ ਉਪਰੰਤ ਕੀਤੀ ਖੁਦਕੁਸ਼ੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਸ਼ਹਿਰ ਮਿਲਪਿਟਸ ਦੇ ਇਕ ਘਰ ਵਿਚ ਹੋਈਆਂ 4 ਮੌਤਾਂ ਬਾਰੇ ਵੇਰਵਾ ਜਾਰੀ ਕਰਦਿਆਂ ਪੁਲਿਸ ਨੇ ਕਿਹਾ ਹੈ ਕਿ ਇਹ ਹੱਤਿਆ ਤੇ ਖੁਦਕੁੱਸ਼ੀ ਦਾ ਮਾਮਲਾ ਹੈ। ਪਿਤਾ



ਵੱਲੋਂ ਆਪਣੇ ਦੋ ਬੱਚਿਆਂ ਤੇ ਪਤਨੀ ਨੂੰ ਮਾਰਨ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਲਈ ਗਈ। ਮਿਲਪਿਟਸ ਪੁਲਿਸ ਮੁਖੀ ਜੇਰਡ ਹਰਨਾਂਡੇਜ਼ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਬੀਤੇ ਦਿਨ ਰਾਤ 9 ਵਜੇ ਦੇ ਕਰੀਬ ਵਾਪਰੀ ਜਦੋਂ ਮ੍ਰਿਤਕਾਂ ਦੇ ਕਿਸੇ ਨਜ਼ਦੀਕੀ ਨੇ ਪੁਲਿਸ ਨੂੰ ਫੋਨ ਕਰਕੇ ਕੋਈ ਅਣਹੋਣੀ ਵਾਪਰ ਜਾਣ ਦਾ ਖਦਸ਼ਾ ਜਾਹਿਰ ਕੀਤਾ ਸੀ। ਪੁਲਿਸ ਮੌਕੇ ਉਪਰ ਪੁੱਜੀ ਤਾਂ ਉਸ ਨੂੰ ਘਰ ਵਿਚ 2 ਬੱਚਿਆਂ ਸਮੇਤ 4 ਜਣੇ ਮ੍ਰਿਤਕ ਹਾਲਤ ਵਿਚ ਮਿਲੇ ਸਨ। ਮ੍ਰਿਤਕਾਂ ਦੀ ਪਛਾਣ 36 ਸਾਲਾ ਵਿਨ ਗੁਯੇਨ, 36 ਸਾਲਾ ਬੈਟੀ ਫਾਮ ਤੇ ਉਨਾਂ ਦੇ 9 ਸਾਲ ਦੇ ਪੁੱਤਰ ਤੇ 4 ਸਾਲ ਦੀ ਧੀ ਵਜੋਂ ਹੋਈ ਹੈ। ਪੁਲਿਸ ਅਨੁਸਾਰ ਹਰੇਕ ਮ੍ਰਿਤਕ ਦੇ ਇਕ-ਇਕ ਗੋਲੀ ਵੱਜੀ ਹੋਈ ਹੈ ਤੇ ਸਪਸ਼ਟ ਤੌਰ 'ਤੇ ਘਟਨਾ ਲਈ ਜਿੰਮੇਵਾਰ ਗੁਯੇਨ ਹੈ। ਉਸ ਦੇ ਨਾਂ 'ਤੇ ਰਜਿਸਟਰਡ ਗੰਨ ਮੌਕੇ ਤੋਂ ਬਰਾਮਦ ਹੋਈ ਹੈ। ਪੁਲਿਸ ਮੁਖੀ ਨੇ ਘਟਨਾ ਉਪਰ ਅਫਸੋਸ ਪ੍ਰਗਟ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਕਿਸਮ ਦੀ ਘਟਨਾ ਰੋਕਣ ਲਈ ਉਹ ਪੁਲਿਸ ਦੀ ਮੱਦਦ ਲੈ ਸਕਦੇ ਹਨ। ਪੁਲਿਸ ਅਨੁਸਾਰ ਮਿਲਪਿਟਸ ਦੀ ਇਕ ਆਤਮ ਹੱਤਿਆ ਰੋਕੋ ਟਾਸਕ ਫੋਰਸ ਹੈ। ਇਹ ਟਾਸਕ ਫੋਰਸ ਸਾਂਟਾ ਕਲਾਰਾ ਕਾਊਂਟੀ ਬੇਹਾਵਿ ਰਲ ਹੈਲਥ ਸਰਵਿਸਜ ਨਾਲ ਮਿਲ ਕੇ ਕੰਮ ਕਰਦੀ ਹੈ।

# ਨਿਊ ਮੈਕਸੀਕੋ ਰਾਜ ਵਿਚ ਸ਼ੱਕੀ ਨਸ਼ੇੜੀ ਮੁੰਡੇ ਵੱਲੋਂ ਆਪਣੇ ਪਰਿਵਾਰ ਦੇ 4 ਜੀਆਂ ਦੀ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਨਿਊ ਮੈਕਸੀਕੋ ਰਾਜ ਦੇ ਬੇਲਨ ਸ਼ਹਿਰ ਵਿਚ ਇਕ ਅਲੜ ਨਸ਼ੇੜੀ ਮੁੰਡੇ ਦੁਆਰਾ ਕੱਥਿਤ ਤੌਰ 'ਤੇ ਆਪਣੇ ਹੀ ਪਰਿਵਾਰ ਦੇ 4 ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਵੱਲੋਂ ਜਾਰੀ ਇਕ ਬਿਆਨ ਵਿਚ ਦਿੱਤੀ ਗਈ ਹੈ। ਪੁਲਿਸ ਅਨੁਸਾਰ ਸ਼ੱਕੀ ਡੀਏਗੋ ਲੇਵਿਆ ਨੇ ਖੁਦ ਫੋਨ ਕਰਕੇ ਦੱਸਿਆ ਕਿ ਉਸ ਨੇ ਆਪਣੇ ਪਰਿਵਾਰ ਨੂੰ ਮਾਰ ਦਿੱਤਾ ਹੈ ਜਿਸ ਉਪਰੰਤ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਪੁਲਿਸ ਅਨੁਸਾਰ ਸ਼ੱਕੀ ਲੇਵਿਆ ਨਸ਼ੇ ਵਿਚ ਧੁੱਤ ਸੀ ਜਿਸ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ ਗਿਆ। ਘਰ ਵਿਚ ਪੁਲਿਸ ਨੂੰ ਬਾਲਗ ਲਿ ਨਾਰਡ ਲੇਵਿਆ ਤੇ ਐਡਰੀਆਨਾ ਬੇਨਕੋਮਾ ਅਤੇ ਐਡਰੀਅਨ ਲੇਵਿਆ (16) ਤੇ ਅਲੈਗਜੈਂਡਰ ਲੇਵਿਆ (14) ਮ੍ਰਿਤਕ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਮੌਕੇ ਤੋਂ ਇਕ ਗੰਨ ਵੀ ਬਰਾਮਦ ਹੋਈ ਹੈ।

ਸ਼ੱਕੀ ਡੀਏਗੋ ਲੇਵਿਆ ਵਿਰੁੱਧ ਪਹਿਲਾ ਦਰਜਾ 4 ਹੱਤਿਆਵਾਂ ਦੇ ਦੋਸ਼ ਦਰਜ ਕੀਤੇ ਗਏ ਹਨ। ਇਸ ਤੋਂ ਪਹਿਲਾਂ ਉਸ ਦੀ ਸਥਾਨਕ ਹਸਪਤਾਲ ਵਿਚ ਡਾਕਟਰੀ ਜਾਂਚ ਕਰਵਾਈ ਗਈ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ ਤੇ ਪੁਲਿਸ ਅਧਿਕਾਰੀਆਂ ਵੱਲੋਂ ਘਟਨਾ ਸਬੰਧੀ ਵੇਰਵਾ ਇਕੱਠਾ ਕਰਨ ਲਈ ਆਸ ਪਾਸ ਦੇ ਵਾਸੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# 3 ਸਾਲ ਦੇ ਭਰਾ ਨੇ 5 ਸਾਲ ਦੀ ਭੈਣ ਦੇ ਮਾਰੀ ਗੋਲੀ, ਗੰਭਰੀ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵਾਸ਼ਿੰਗਟਨ ਡੀ ਸੀ ਵਿਚ ਇਕ 3 ਸਾਲ ਦੇ ਬੱਚੇ ਵੱਲੋਂ ਘਰ ਵਿਚ ਪਈ ਗੰਨ ਨਾਲ ਗੋਲੀ ਮਾਰ ਕੇ ਆਪਣੀ 5 ਸਾਲ ਦੀ ਭੈਣ ਨੂੰ ਗੰਭੀਰ ਜ਼ਖਮੀ ਕਰ ਦੇਣ ਦੀ ਖਬਰ ਹੈ। ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਗੰਨ ਨੂੰ ਸੁਰੱਖਿਅਤ ਸਾਂਭਿਆ ਨਹੀਂ ਗਿਆ ਸੀ ਜੋ ਬੱਚੇ ਦੇ ਹੱਥ ਵਿਚ ਆ ਗਈ ਤੇ ਉਸ ਨਾਲ ਖੇਡਦੇ ਸਮੇ ਉਸ ਕੋਲੋਂ ਗੋਲੀ ਚੱਲ ਗਈ ਜੋ ਉਸ ਦੀ ਭੈਣ ਦੀ ਛਾਤੀ ਵਿਚ ਵੱਜੀ ਹੈ। ਇਹ ਘਟਨਾ ਮੈਰੀਲੈਂਡ ਸਟੇਟ ਲਾਈਨ ਨੇੜੇ ਸ਼ਹਿਰ ਦੇ ਦੱਖਣ ਪੱਛਮੀ ਹਿੱਸੇ ਵਿਚ ਇਕ ਘਰ ਵਿੱਚ ਵਾਪਰੀ ਹੈ। ਪੁਲਿਸ ਅਨੁਸਾਰ ਇਸ ਮਾਮਲੇ ਵਿਚ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਮੌਕੇ ਤੋਂ ਗੰਨ ਬਰਾਮਦ ਕਰ ਲਈ ਹੈ। ਮੁੱਢਲੀ ਜਾਂਚ ਅਨੁਸਾਰ ਮਾਂ ਨੇ ਬੱਚਿਆਂ ਨੂੰ ਆਪਣੇ ਘਰ ਵਿੱਚ ਪਰਿਵਾਰਕ ਮਿੱਤਰ (59) ਡੈਰਲ ਗਰਾਹਮ ਦੀ ਦੇਖਰੇਖ ਹੇਠ ਛੱਡਿਆ ਸੀ। ਪੁਲਿਸ ਨੇ ਗਰਾਹਮ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਡੀ ਜੌਨੇ ਮੈਕਰੋਰੀ ਜੈਕਸਨ (21) ਨਾਮੀ ਵਿਅਕਤੀ ਨੂੰ ਗੰਨ ਨਾ ਸੰਭਾਲਣ ਸਮੇਤ ਹੋਰ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

# ਕੈਲੀਫੋਰਨੀਆ ਵਿਚ ਇਕ ਘਰ ਵਿਚੋਂ 2 ਬਾਲਕਾਂ ਸਮੇਤ 4 ਲੋਕ ਮ੍ਰਿਤਕ ਹਾਲਤ ਵਿਚ ਮਿਲੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਸ਼ਹਿਰ ਮਿਲਪਿਟਸ ਵਿਚ ਇਕ ਘਰ ਵਿਚੋਂ ਇਕ ਮਰਦ, ਇਕ ਔਰਤ ਤੇ 2 ਬੱਚੇ ਮ੍ਰਿਤਕ ਹਾਲਤ ਵਿਚ ਮਿਲਣ ਦੀ ਖਬਰ ਹੈ। ਮਿਲਪਿਟਸ ਪੁਲਿਸ ਵਿਭਾਗ ਦੇ ਲੈਫਟੀਨੈਂਟ ਟਾਈਲਰ ਜੈਮਿਸਨ ਨੇ ਜਾਰੀ ਇਕ ਬਿਆਨ ਵਿਚ



ਕਿਹਾ ਹੈ ਕਿ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਕੋਈ ਅਣਹੋਣੀ ਵਾਪਰਨ ਦਾ ਸ਼ੱਕ ਪ੍ਰਗਟ ਕੀਤਾ ਗਿਆ ਸੀ ਤੇ ਪੁਲਿਸ ਨੂੰ ਸੱਦਿਆ ਗਿਆ ਸੀ। ਪੁਲਿਸ ਰਾਤ 9 ਵਜੇ ਦੇ ਕਰੀਬ ਪਹੁੰਚੀ ਤਾਂ ਉਸ ਨੂੰ 4 ਲੋਕ ਮ੍ਰਿਤਕ ਹਾਲਤ ਵਿਚ ਮਿਲੇ। ਉਨਾਂ ਕਿਹਾ ਹੈ ਕਿ ਸਾਂਤਾ ਕਲਾਰਾ ਕਾਊਂਟੀ ਕੋਰੋਨਰ ਵੱਲੋਂ ਜਾਂਚ ਮੁਕੰਮਲ ਕਰਨ ਉਪਰੰਤ ਪੀੜਤਾਂ ਦੀ ਪਛਾਣ ਸਬੰਧੀ ਵੇਰਵਾ ਜਾਰੀ ਕੀਤਾ ਜਾਵੇਗਾ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਟਰੰਪ ਵੱਲੋਂ ਸ੍ਰੀਰਾਮ ਕ੍ਰਿਸ਼ਨਨ ਮਸਨੂਈ ਬੌਧਿਕਤਾ ਬਾਰੇ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ

**ਸਾਂ ਫਰਾਂਸਿਸਕੋ–** ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ-ਅਮਰੀਕੀ ਪੂੰਜੀਪਤੀ ਸ੍ਰੀਰਾਮ ਕ੍ਰਿਸ਼ਨਨ ਨੂੰ ਮਸਨੂਈ ਬੌਧਿਕਤਾ (ਏਆਈ) ਬਾਰੇ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ। ਟਰੰਪ ਨੇ ਇਸ ਸਬੰਧੀ ਐਲਾਨ ਕਰਦਿਆਂ ਕਿਹਾ, 'ਸ੍ਰੀਰਾਮ ਕ੍ਰਿਸ਼ਨਨ 'ਵਾਈਟ ਹਾਊਸ ਆਫਿਸ ਆਫ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ' ਵਿੱਚ ਏਆਈ ਬਾਰੇ ਸੀਨੀਅਰ ਨੀਤੀ ਸਲਾਹਕਾਰ ਵਜੋਂ ਕੰਮ ਕਰਨਗੇ।' ਕ੍ਰਿਸ਼ਨਨ ਪਹਿਲਾਂ ਮਾਈਕ੍ਰੋਸਾਫਟ, ਟਵਿੱਟਰ, ਯਾਹੂ, ਫੇਸਬੁੱਕ ਅਤੇ ਸਨੈਪ ਆਦਿ ਕੰਪਨੀਆਂ ਵਿੱਚ ਕੰਮ ਕਰ ਚੁੱਕੇ ਹਨ। ਹੁਣ ਓਹ 'ਵਾਈਟ ਹਾਊਸ ਏਆਈ ਐਂਡ ਕ੍ਰਿਪਟੋ ਜ਼ਾਰ' ਲਈ ਨਿਯੁਕਤ ਕੀਤੇ



ਗਏ ਡੇਵਿਡ ਓ ਸਾਕਸ ਨਾਲ ਰਲ ਕੇ ਕੰਮ ਕਰਨਗੇ। ਟਰੰਪ ਨੇ ਕਿਹਾ, 'ਡੇਵਿਡ ਦੇ ਨਾਲ ਸ੍ਰੀਰਾਮ ਏਆਈ ਦੇ ਖੇਤਰ ਵਿੱਚ ਅਮਰੀਕਾ ਦਾ ਦਬਦਬਾ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਗੇ।'

ਕ੍ਰਿਸ਼ਨਨ ਨੇ ਇਸ ਅਹੁਦੇ ਲਈ ਨਾਮਜ਼ਦ ਕੀਤੇ ਜਾਣ 'ਤੇ ਖੁਸ਼ੀ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ, 'ਆਪਣੇ ਦੇਸ਼ ਦੀ ਸੇਵਾ ਕਰਨ ਅਤੇ ਡੇਵਿਡ ਨਾਲ ਮਿਲ ਕੇ ਏਆਈ ਦੇ ਖੇਤਰ ਵਿੱਚ ਅਮਰੀਕਾ ਦਾ ਦਬਦਬਾ ਕਾਇਮ ਰੱਖਣ ਦਾ ਜੋ ਮੌਕਾ ਮਿਲਿਆ ਹੈ, ਉਸ ਸਬੰਧੀ ਮੈਂ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ।' ਭਾਰਤੀ-ਅਮਰੀਕੀ ਭਾਈਚਾਰੇ ਨੇ ਕ੍ਰਿਸ਼ਨਨ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop

ਦੇਸ਼ ਦੁਆਬਾ

# "ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ"

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖਾਸ ਨੁਕਤੇ ਦੇ ਉਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ, ਜਿਸ ਵਿਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ-ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ "ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ" ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਲ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ-ਪਾਤ ਸਿਧਾਂਤ ਨੇ ਭਾਰਤ ਦੇ ਮੂਲ ਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਹਨਾਂ ਦੇ ਅਪਰਾਧ ਤੋਂ ਆਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿਚ ਉਨ੍ਹਾਂ ਦਾ ਯੋਗਦਾਨ ਹਾਸਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜਾਤ-ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ 'ਜੋ ਹਮ ਸਹਰੀ ਸੋ ਮੀਤ ਹਮਾਰਾ' ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਣਾਉਂਦਾ ਹੈ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਣਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿੱਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਣਾਇਆ, ਜਿਸ ਵਿਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਹਨਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ ਹੈ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਣੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ, ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਆਓ ਆਪਾਂ ਸਾਰੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚਲਦਿਆਂ ਨਵੇਂ ਸਾਲ 2025 ਵਿਚ ਪ੍ਰਵੇਸ਼ ਕਰੀਏ।

**– ਪ੍ਰੇਮ ਕੁਮਾਰ ਚੁੰਬਰ**

# ਇਤੁ ਮਦਿ ਪੀਤੈ ਨਾਨਕਾ...



ਲਾਲ ਸਿੰਘ ਸੁਲਹਾਣੀ
91-98721-55120

ਮਦ ਨੂੰ ਆਮ ਬੋਲ ਚਾਲ ਦੀ ਭਾਸ਼ਾ ਵਿਚ ਸ਼ਰਾਬ ਕਿਹਾ ਜਾਂਦਾ ਹੈ। ਅਰਬੀ ਭਾਸ਼ਾ ਦੇ ਸ਼ਰ ਤੇ ਫ਼ਾਰਸੀ ਭਾਸ਼ਾ ਦੇ ਆਬ ਦੋ ਸ਼ਬਦਾਂ ਦਾ ਸਮਾਸ ਹੈ। ਸ਼ਰ ਭਾਵ ਬਦੀ ਜਾਂ ਬੁਰਾਈ ਅਤੇ ਆਬ ਦਾ ਅਰਥ ਹੈ ਪਾਣੀ ਯਾਨੀ ਬੁਰਾਈ ਦਾ ਪਾਣੀ। ਅਰਬੀ ਭਾਸ਼ਾ ਵਿਚ ਏਸੇ ਕਰਕੇ ਇਸਨੂੰ 'ਉਮ-ਉਲ-ਖਾਬਾਸ਼ਿ' ਜਾਂ 'ਉਮ-ਉਲ- ਅਮਰਾਜ' ਬੁਰਾਈਆਂ ਜਾਂ ਰੋਗਾਂ ਦੀ ਮਾਂ ਕਹਿੰਦੇ ਹਨ। ਸੰਸਾਰ ਵਿੱਚ ਇਸ ਨੂੰ ਮਦਿਰਾ,ਮਦ,ਸੋਮਰਸ,ਅਤੇ ਸੁਰਾ ਆਦਿ ਨਾਮ ਦਿੱਤੇ ਗਏ ਹਨ। ਸ਼ਾਇਦ ਸੁਰਾਪਾਨ ਕਰਨ ਵਾਲਿਆਂ ਨੂੰ ਤਾਂ ਹੀ ਸੁਰ (ਦੇਵਤੇ) ਆਖਿਆ ਗਿਆ ਹੋਵੇ। ਇਸ ਦੇ ਥੋੜ੍ਹੀ ਮਾਤਰਾ ਵਿੱਚ ਪ੍ਰਯੋਗ ਨਾਲ ਕੁਝ ਸਰੂਰ ਤੇ ਨਸ਼ਾ ਪੈਦਾ ਹੋ। ਜਾਂਦਾ ਹੈ। ਲਹੂ ਚੱਕਰ, ਨਬਜ਼ ਅਤੇ ਸਾਹ ਕਿਰਿਆ ਤੇਜ਼ ਹੋ ਜਾਂਦੀ ਹੈ। ਜਿਸ ਕਰਕੇ ਦਿਲ ਦਿਮਾਗ ਨੂੰ ਕੁਝ ਆਰਜ਼ੀ ਜਾਂ ਛਿਨ ਭੰਗਰ ਸ਼ਕਤੀ, ਦਲੇਰੀ ਤੇ ਖੁਸ਼ੀ ਮਹਿਸੂਸ ਹੁੰਦੀ ਹੈ। ਪਰ ਇਸ ਦਾ ਅਸਰ ਘਟਦਿਆਂ ਹੀ ਸਰੀਰ ਸੁਸਤ,ਆਲਸੀ ਤੇ ਨਿਢਾਲ ਹੋਇਆ ਮਹਿਸੂਸ ਕਰਦਾ ਹੈ। ਹੋਰ ਨਸ਼ੀਲੇ ਤੇ ਮਾਦਕ ਪਦਾਰਥਾਂ ਵਾਂਗ ਇਸ ਦਾ ਨਸ਼ਾ ਵੀ ਮਨੁੱਖ ਨੂੰ ਅਮਲੀ ਜਾਂ ਆਦੀ ਬਣਾ ਦਿੰਦਾ ਹੈ। ਸ਼ਰਾਬ ਬੜੀ ਜਲਦੀ ਲਹੂ ਚੱਕਰ ਵਿਚ ਜਾ ਮਿਲਦੀ ਹੈ। ਕਿਉਂਕਿ ਇਸ ਨੂੰ ਹਜ਼ਮ ਕਰਨ ਦੀ ਲੋੜ ਨਹੀਂ ਹੁੰਦੀ। ਇਹ ਕੇਵਲ ਮਿਹਦੇ ਦੀ ਅੰਦਰੂਨੀ ਝਿਲੀ ਵਿੱਚ ਜ਼ਜ਼ਬ ਹੋ ਜਾਂਦੀ ਹੈ। ਜੇਕਰ ਮਿਹਦਾ ਖਾਲੀ ਹੋਵੇ ਤਾਂ ਸਿੱਧਾ ਹੀ ਖ਼ੂਨ ਦੇ ਦੌਰੇ 'ਚ ਜ਼ਜ਼ਬ ਹੁੰਦੀ ਹੈ। ਖ਼ੂਨ ਦੌਰੇ 'ਚ ਮਿਲਣ ਕਰਕੇ ਇਹ ਇਹ ਸਰੀਰ ਦੇ ਸੈੱਲਾਂ ਤੇ ਕਿਵੇਂ ਨਾ ਕਿਵੇਂ ਬੁਰਾ ਅਸਰ ਪਾਉਂਦੀ ਹੈ। ਦਿਮਾਗ ਦੇ ਸੈੱਲ ਇਸ ਦਾ ਵਧੇਰੇ ਅਸਰ ਕਬੂਲਦੇ ਹਨ। ਤਦੇ ਇਕ ਡਾਕਟਰ ਦਾ ਕਥਨ ਹੈ ਕਿ ਸ਼ਰਾਬ ਅੰਦਰ ਜਾਂਦੀ ਹੈ ਤੇ ਅਕਲ ਬਾਹਰ ਆ ਜਾਂਦੀ ਹੈ। ਅਮਰੀਕਾ ਦੇ ਪਾਗਲਖਾਨਿਆਂ ਵਿਚ 20 ਫੀਸਦੀ ਮਦ ਰੋਗੀਆਂ ਨੂੰ ਦਾਖਲ ਕੀਤਾ ਜਾਂਦਾ ਹੈ। ਸਾਡੇ ਦੇਸ਼ ਦੇ ਪਾਗਲਖ਼ਾਨਿਆਂ ਵਿਚ ਵੀ ਸ਼ਰਾਬ ਕਾਰਨ ਪਾਗਲ ਜਾਂ ਮਾਨਸਿਕ ਰੋਗੀ ਬਣੇ ਹੋਏ ਲੋਕ ਕਾਫੀ ਵੱਡੀ ਗਿਣਤੀ ਵਿਚ ਦਾਖਲ ਹੋ ਰਹੇ ਹਨ। ਲਹੂ ਵਿਚ ਜੇਕਰ ਸ਼ਰਾਬ ਅੱਧਾ ਤੋਂ ਇਕ ਫ਼ੀਸਦੀ ਜ਼ਜ਼ਬ ਹੋ ਜਾਵੇ ਤਾਂ ਮੌਤ ਹੋ ਜਾਂਦੀ ਹੈ। 1951 ਵਿਚ ਜਨੇਵਾ ਵਿਖੇ ਸ਼ਰਾਬ ਦੇ ਬੁਰੇ ਅਸਰਾਂ ਬਾਰੇ ਹੋਈ ਕਾਨਫਰੰਸ ਵਿਚ 7 ਦੇਸ਼ਾਂ ਦੇ ਡਾਕਟਰ "ਰਾਬਰਟ ਫਲੇਮਿੰਗ" ਦੀ ਇਸ ਰਿਪੋਰਟ ਨਾਲ ਸਹਿਮਤ ਸਨ ਕਿ ਇਸ ਦੀਆਂ ਖ਼ਤਰਨਾਕ ਹਾਨੀਆਂ ਤੋਂ ਕੋਈ ਵਿਅਕਤੀ ਮੁਕਤ ਨਹੀਂ ਹੋ ਸਕਦਾ। ਇਹ ਵੱਖਰੀ ਗੱਲ ਹੈ ਕਿ ਕਿਸੇ ਦੀ ਸਿਹਤ ਨੂੰ ਛੇਤੀ ਨੁਕਸਾਨ ਪੁੱਜਦਾ ਹੈ ਤੇ ਕਿਸੇ ਨੂੰ ਦੇਰ ਨਾਲ।

ਮਨੁੱਖ ਦੇ ਅਮੋਲਕ ਅੰਗ ਜਿਗਰ ਨੂੰ ਸ਼ਰਾਬ ਦੀ ਲਗਾਤਾਰ ਵਰਤੋਂ ਨਾਲ ਭਾਰੀ ਹਾਨੀ ਪੁੱਜਦੀ ਹੈ। ਜਿਗਰ ਵਿਚ ਸੋਜ ਹੋ ਜਾਂਦੀ ਹੈ। ਜਿਸ ਦੇ ਸਿੱਟੇ ਵਜੋਂ ਪੈਰਾਂ ਅਤੇ ਲੱਤਾਂ ਤੇ ਸੋਜ ਹੋ ਜਾਂਦੀ ਹੈ। ਪੇਟ ਅਤੇ ਫੇਫੜਿਆਂ 'ਚ ਪਾਣੀ ਜਮ੍ਹਾਂ ਹੋ ਜਾਂਦਾ ਹੈ ਅਤੇ ਦਿਲ ਤੇ ਭਾਰ ਪੈਕੇ ਮੌਤ ਦਾ ਕਾਰਨ ਬਣ ਸਕਦਾ ਹੈ। ਜ਼ਿਆਦਾ ਕਰਕੇ ਸ਼ਰਾਬੀਆਂ ਦੀ ਮੌਤ ਜਿਗਰ ਦੀ ਸੋਜ ਕਰਕੇ ਹੁੰਦੀ ਹੈ। ਜਦ ਸ਼ਰਾਬ ਲਹੂ ਦੌਰੇ ਵਿਚ ਮਿਲਦੀ ਹੈ ਤਾਂ ਰੱਤੇ ਕਣਾਂ ਨੂੰ ਆਕਸੀਜਨ ਲੈਣ ਅਤੇ ਛੱਡਣ ਵਿੱਚ ਰੁਕਾਵਟ ਪਾਉਂਦੀ ਹੈ। ਮੋਟਾਪੇ ਦੇ ਬੁਰੇ ਅਸਰਾਂ ਦੇ ਨਤੀਜੇ ਦਿਲ ਨੂੰ ਭੁਗਤਣੇ ਪੈਂਦੇ ਹਨ ਸ਼ਰਾਬ ਦੇ ਆਦੀਆਂ ਨੂੰ ਦਿਲ ਦੀ ਧੜਕਣ ਅਤੇ ਬਲੱਡ ਪਰੈਸ਼ਰ ਵਰਗੇ ਰੋਗਾਂ ਦੀ ਵਧੇਰੇ ਸੰਭਾਵਨਾ ਬਣੀ ਰਹਿੰਦੀ ਹੈ। ਸ਼ਰਾਬ ਪੀਣ ਨਾਲ ਭੁੱਖ ਵਧੇਰੇ ਚਮਕਦੀ ਹੈ। ਸ਼ਰਾਬੀ ਚੰਗੀ ਖ਼ੁਰਾਕ ਅਤੇ ਥਿੰਦਿਆਈ ਆਦਿ ਲੋੜੋਂ ਵੱਧ ਖਾ ਜਾਂਦਾ ਹੈ। ਜਿਸ ਕਰਕੇ ਦਿਲ ਅਤੇ ਮਾਸਪੱਠਿਆਂ ਵਿੱਚ ਚਰਬੀ ਜਮ੍ਹਾਂ ਹੋਣ ਕਰਕੇ ਭਿਆਨਕ ਨਤੀਜੇ ਭੁਗਤਣੇ ਪੈਂਦੇ ਹਨ।

ਲਗਾਤਾਰ ਸ਼ਰਾਬ ਦੀ ਵਰਤੋਂ ਹਾਨੀ ਪੁਚਾ ਕੇ ਸੋਜ ਜਾਂ ਮਿਹਦੇ ਦੇ ਅੰਦਰ ਜ਼ਖ਼ਮ ਪੈਦਾ ਕਰ ਦਿੰਦੀ ਹੈ। ਮਿਹਦੇ ਤੇ ਅੰਤੜੀਆਂ ਅੰਦਰਲੀ ਝਿੱਲੀ ਸ਼ਰਾਬ ਦੀ ਲਗਾਤਾਰ ਵਰਤੋਂ ਨਾਲ ਸਖ਼ਤ ਹੋ ਜਾਂਦੀ ਹੈ ਅਤੇ ਲਹੂ ਦੇ ਦੌਰੇ ਵਿਚ ਜਲਦੀ ਜ਼ਜ਼ਬ ਨਹੀਂ ਹੁੰਦੀ। ਸ਼ਰਾਬੀ ਇਸ ਗੱਲ ਤੇ ਗਰਬ ਮਹਿਸੂਸ ਕਰਦਾ ਹੈ ਕਿ ਉਸਨੂੰ ਸ਼ਰਾਬ ਨਹੀਂ ਚੜ੍ਹਦੀ। ਪੁਰਾਣੇ ਸ਼ਰਾਬੀਆਂ ਨੂੰ ਬਦਹਜ਼ਮੀ, ਦਸਤ, ਮਰੋੜ ਆਦਿ ਆਮ ਰਹਿੰਦਾ ਹੈ। ਸ਼ਰਾਬ ਮਿਹਦੇ ਵਿਚ ਪੂਰੀ ਤਰ੍ਹਾਂ ਜ਼ਜ਼ਬ ਨਾ ਹੋਣ ਕਰਕੇ ਕਾਫੀ ਮਾਤਰਾ ਵਿਚ ਸਾਵੀਂ ਹੀ ਖ਼ੂਨ ਵਿਚ ਸ਼ਾਮਿਲ ਹੋ ਕੇ ਗੁਰਦਿਆਂ ਰਾਹੀਂ ਖਾਰਜ ਹੋਣ ਲੱਗਦੀ ਹੈ ਸਿੱਟੇ ਵਜੋਂ ਗੁਰਦਿਆਂ ਦੀਆਂ ਨਾੜੀਆਂ ਫੈਲ ਜਾਂਦੀਆਂ ਹਨ ਅਤੇ ਸ਼ਰਾਬੀ ਨੂੰ ਗੁਰਦਿਆਂ ਦੀ ਸੋਜ ਦਾ ਰੋਗ ਲੱਗ ਜਾਂਦਾ ਹੈ । ਸਮਾਂ ਪਾ ਕੇ ਗੁਰਦੇ ਆਪਣਾ ਕੰਮ ਬੰਦ ਕਰ ਦਿੰਦੇ ਹਨ ਅਤੇ ਸ਼ਰਾਬੀ ਦੀ ਪਿਸ਼ਾਬ ਦੀ ਜ਼ਹਿਰ ਨਾਲ ਮੌਤ ਹੋ ਜਾਂਦੀ ਹੈ। 'ਡਕਟਰ ਰੋਜਨੂੰ' ਦੇ ਕਥਨ ਅਨੁਸਾਰ ਸ਼ਰਾਬ ਦਾ ਵੱਡਾ ਦੋਸ਼ ਇਹ ਹੈ ਕਿ ਇਹ ਕਾਮ ਵਾਸ਼ਨਾ ਨੂੰ ਭੜਕਾਉਂਦੀ ਹੈ ਤੇ ਮਨੁੱਖ ਦੀ ਦ੍ਰਿੜਤਾ ਜਾਂ ਇੱਛਾ ਸ਼ਕਤੀ ਨੂੰ ਕਮਜ਼ੋਰ ਕਰ ਦਿੰਦੀ ਹੈ ਇਸ ਕਾਰਨ ਮਨ ਕਾਬੂ ਨਹੀਂ ਰਹਿੰਦਾ ਤੇ ਚੰਗਾ ਮਨੁੱਖ ਵੀ ਆਚਰਨ ਪਧਰ ਤੋਂ ਗਿਰ ਕੇ ਵਿਭਚਾਰੀ ਬਣ ਸਕਦਾ ਹੈ। ਏਸੇ ਕਰਕੇ ਆਤਸ਼ਕ ਜਾਂ ਸੁਜ਼ਾਕ ਦਾ ਰੋਗ ਸ਼ਰਾਬੀਆਂ ਵਿਚ ਵਧੇਰੇ ਹੁੰਦਾ ਹੈ ਅਤੇ ਏਡਜ਼ ਵਰਗੀ ਮਹਾਂਮਾਰੀ ਦੇ ਰੋਗੀਆਂ ਦੀ ਗਿਣਤੀ ਵਿਚ ਵਾਧਾ ਹੋਈ ਜਾਂਦਾ ਹੈ। ਇਸ ਤੋਂ ਇਲਾਵਾ ਬੇਵਿਉਂਤੀ ਤੇ ਅਣਚਾਹੀ ਉਮੀਦਵਾਰੀ ਆਮ ਤੌਰ ਤੇ ਏਸੇ ਦਾ ਸਿੱਟਾ ਹੁੰਦੀ ਹੈ, ਜੋ ਬੇਲੋੜੀ ਆਬਾਦੀ ਚ ਸਬੱਬ ਬਣਦੀ ਹੈ। ਸ਼ਰਾਬ ਦੇ ਨਸ਼ੇ ਅਧੀਨ ਮਨੁੱਖ ਤੋਂ ਹਰ ਵਿਕਾਰ, ਪਾਪ ਜਾਂ ਜ਼ੁਰਮ ਕਰਨ ਦੀ ਸੰਭਾਵਨਾ ਵਧੇਰੇ ਬਣੀ ਰਹਿੰਦੀ ਹੈ। ਜੇਲ੍ਹਾਂ ਦੀ ਰੌਣਕ ਵਧਾਉਣ ਵਿੱਚ ਸ਼ਰਾਬ ਦਾ ਖਾਸ ਹੱਥ ਹੈ।

ਅਜੋਕੇ ਯੁੱਗ ਵਿੱਚ ਸੜਕਾਂ ਤੇ ਕਾਰਖਾਨਿਆਂ ਵਿਚ ਵਾਪਰਦੀਆਂ ਬਹੁਤ ਸਾਰੀਆਂ ਘਟਨਾਵਾਂ ਸ਼ਰਾਬ ਦੇ ਨਸ਼ੇ 'ਚ ਗੱਡੀਆਂ ਚਲਾਉਣ ਜਾਂ ਕਾਰਖਾਨੇ ਵਿਚ ਕੰਮ ਕਰਨ ਕਰਕੇ ਵਾਪਰਦੀਆਂ ਹਨ। ਸ਼ਰਾਬ ਦੀ ਪੁਰਾਣੀ ਆਦਤ ਮਨੁੱਖ ਨੂੰ ਸਮਾਜਿਕ ਜ਼ਿੰਮੇਵਾਰੀਆਂ ਦੇ ਅਯੋਗ ਬਣਾ ਦਿੰਦੀ ਹੈ ਅਤੇ ਉਸਦੀ ਮਾਣ ਪ੍ਰਤਿਸ਼ਠਾ ਨੂੰ ਠੇਸ ਪੁਚਾਉਂਦੀ ਹੈ।

ਸ਼ਰਾਬ ਦਾ ਖਰਚ ਘਰ ਦੀ ਆਰਥਿਕ ਮੰਦਹਾਲੀ ਦਾ ਕਾਰਨ ਬਣ ਜਾਂਦਾ ਹੈ। ਜਿਸ ਕਾਰਨ ਲੱਖਾਂ ਘਰ ਬਰਬਾਦ ਹੋ ਰਹੇ ਹਨ, ਹਜ਼ਾਰਾਂ ਪਰਵਾਰਾਂ ਦੀਆਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਥੋੜ੍ਹੇ ਸਮੇਂ ਚ ਹੀ ਇਸ ਦੀ ਭੇਟ ਚੜ੍ਹ ਜਾਂਦੀਆਂ ਹਨ ਅਤੇ ਅਮੀਰ ਤੋਂ ਅਮੀਰ ਆਦਮੀ ਵੀ ਗਰੀਬੀ ਦੇ ਜਬਾੜਿਆਂ ਵਿਚ ਜਾ ਪਿਸਦਾ ਹੈ। ਦੁੱਖ ਦੀ ਗੱਲ ਹੈ ਕਿ ਅੰਗਰੇਜ਼ੀ ਰਾਜ ਸਮੇਂ ਸ਼ਰਾਬ ਦੇ ਠੇਕਿਆਂ ਦਾ ਘੇਰਾਓ ਕਰਦੇ ਗਾਂਧੀ ਦੇ ਚੇਲਿਆਂ ਨੇ ਰਾਜਸਤਾ ਹੱਥਿਆਉਂਦਿਆਂ ਹੀ ਥੋੜ੍ਹੇ ਜਿਹੇ ਮੁਫਾਦ ਖਾਤਰ ਥਾਂ ਥਾਂ ਸ਼ਰਾਬ ਦੀਆਂ ਦੁਕਾਨਾਂ ਖੁਲ੍ਹਾ ਦਿੱਤੀਆਂ। ਪਿਛਲੇ ਸਮੇਂ ਦੇ ਇਕ ਬਰਤਾਨਵੀ ਪ੍ਰਧਾਨ ਮੰਤ੍ਰੀ "ਗਲੈਡਸਟੋਨ" ਦੇ ਕਥਨ ਅਨੁਸਾਰ ਜੰਗ, ਕਾਲ ਤੇ ਪਲੇਗ ਤਿੰਨਾਂ ਨੂੰ ਮਿਲਾ ਕੇ ਹੋਈ ਹਾਨੀ ਨਾਲੋਂ ਸ਼ਰਾਬ ਨਾਲ ਹੋਈ ਹਾਨੀ ਵਧੇਰੇ ਭਿਆਨਕ ਹੈ।

ਇਤਿਹਾਸ ਗਵਾਹ ਹੈ ਕਿ ਮਹਾਨ ਰਾਜ ਘਰਾਣੇ, ਕਬੀਲੇ ਅਤੇ ਸਲਤਨਤਾਂ ਬੁਰਾਈ ਦੇ ਇਸ ਪਾਣੀ ਦੀ ਭੇਟ ਚੜ੍ਹ ਗਈਆਂ। ਬਾਬਰ ਰਾਹੀਂ ਸ਼ਰਾਬ ਦਾ ਪਿਆਲਾ ਹੱਥ ਚ ਫੜ ਮੁਗਲਈ ਸਨਤਨਤ ਦਾ ਚੜ੍ਹਿਆ ਸੂਰਜ ਆਖਰ ਜਹਾਂਗੀਰ ਅਤੇ ਮੁਹੰਮਦ ਸ਼ਾਹ ਰੰਗੀਲੇ ਰਾਹੀਂ ਸ਼ਰਾਬ ਦੇ ਖਾਰੇ ਸਾਗਰ ਵਿਚ ਡੁੱਬ ਕੇ ਰਹਿ ਗਿਆ। ਘਰ ਤੇ ਰਾਜ ਮਹਿਲਾਂ ਦੇ ਐਸ਼-ਆਰਾਮ ਛੱਡ ਕੇ ਬਣੇ ਜੋਗੀ ਸ਼ਰਾਬ ਦੇ ਨਸ਼ੇ ਚ ਮਦਮਸਤ ਹੋਕੇ "ਖੱਪਰ ਜੰਗ" ਦਾ ਸਬੱਬ ਬਣ ਗਏ। ਈਸ਼ਵਰ ਤੇ ਸਦੀਵੀ ਸੁੱਖਾਂ ਦੀ ਪ੍ਰਾਪਤੀ ਦੇ ਮੁਤਲਾਸ਼ੀ ਬਣ ਕੇ ਨਿਕਲੇ ਜੋਗੀ ਸੁਰਤ ਟਿਕਾਉਣ ਲਈ ਸ਼ਰਾਬ ਤੇ ਹੋਰ ਨਸ਼ਿਆਂ ਦੀਆਂ ਬੁਰਾਈਆਂ ਵਿਚ ਖਚਿਤ ਹੋ ਕੇ ਅੱਜ ਸੱਪ ਵਿਖਾ ਕੇ ਮੰਗਦੇ ਵੇਖੀਦੇ ਹਨ। ਜੋਗੀਆਂ ਵਲੋਂ ਧਰਮ ਨੂੰ ਸ਼ਰਾਬ ਦੀ ਨਦੀ 'ਚ ਰੋੜ੍ਹੀਦਾ ਅਤੇ ਮੁਗਲਾਂ ਵਲੋਂ ਰਾਜ ਭਾਗ ਸ਼ਰਾਬ ਦੇ ਖਾਰੇ ਸਾਗਰ ਵਿਚ ਡੁਬੋਦਿਆਂ ਤਕ ਕੇ ਮਾਨਵ ਹਿਤੈਸ਼ੀ ਗੁਰੂ ਬਾਬਾ ਨਾਨਕ ਕੁਰਲਾ ਉਠਿਆ:

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥
(ਗੁਰੂ ਗ੍ਰੰਥ ਸਾਹਿਬ ਅੰਗ ੫੫੩)

ਇਹ ਵਾਕ ਉਹ ਕੇਵਲ ਸ਼ਾਇਰਾਨਾ ਅੰਦਾਜ਼ ਵਿੱਚ ਹੀ ਨਹੀਂ ਕਹਿ ਰਹੇ ਸਗੋਂ ਉਹਨਾਂ ਨੇ ਦੇਸ਼ ਦੀ ਦਰਦਨਾਕ ਅਵਸਥਾ ਨੂੰ ਤੱਕਿਆ ਸੀ। ਉਹਨਾਂ ਸਾਹਮਣੇ ਸਾਰੇ ਵਿਕਾਰਾਂ, ਸਾਰੀਆਂ ਖ਼ਰਾਬੀਆਂ ਦਾ ਪ੍ਰਤੱਖ ਚਿਤਰ ਸੀ ਕਿ ਕਿਵੇਂ ਸੰਸਾਰ ਦੀ ਸਭਿਆਚਾਰਕ, ਧਾਰਮਿਕ, ਸਰੀਰਕ, ਮਾਨਸਿਕ ਅਤੇ ਆਰਥਿਕ ਅਵਸਥਾ ਇਸ ਕਾਰਨ ਕਮਜ਼ੋਰ ਹੋਈ ਅਤੇ ਅਗੋਂ ਵੀ ਇਹ "ਛੂਛਾ ਮਦ" ਹਰ ਪਹਿਲੂ ਤੋਂ ਮਾਨਵਤਾ ਲਈ ਹਾਨੀਕਾਰਕ ਸਾਬਤ ਹੁੰਦਾ ਰਹੇਗਾ। ਮਾਨਵ ਹਿਤੂ ਸ਼ਾਇਰ ਗੁਰੂ ਧਰਮ ਦੇ ਨਾਂ ਤੇ ਹੋ ਰਹੇ ਕੁਕਰਮ ਨੂੰ ਬੰਦ ਕਰਨਾ ਲੋਚਦੇ ਸਨ। ਉਹਨਾਂ ਤਰਕ ਸੰਗਤ ਇਸ ਨੂੰ ਰੋਕਿਆ ਕਿ ਜਿਸ ਸ਼ਰਾਬ ਨੂੰ ਪੀਣ ਨਾਲ ਇਨਸਾਨ ਪਾਗਲ ਹੋ ਜਾਂਦਾ ਹੈ, ਆਪਣੀ ਸੁਧ ਬੁਧ ਖੋ ਬੈਠਦਾ ਹੈ, ਆਪਣੇ ਪਰਾਏ ਦੀ ਪਛਾਣ ਭੁੱਲ ਜਾਂਦਾ ਹੈ ਉਸਦੇ ਪੀਣ ਦਾ ਕੀ ਲਾਭ?

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਸਦਾ ਸਾਹਿਬ ਕੈ ਰੰਗਿ ਰਹੈ ਮਹਿਲੀ ਪਾਵੈ ਥਾਉਂ॥
( ਗੁਰੂ ਗ੍ਰੰਥ ਸਾਹਿਬ ਜੀ ਅੰਗ ੫੫੪)

ਸ਼ਰਾਬ ਪੀਕੇ ਪਾਗਲ ਹੋਏ ਤੇ ਵਿਸ਼ੇ ਵਿਕਾਰਾਂ ਦੀ ਭੱਠੀ ਵਿਚ ਸੜ ਰਹੇ ਮਨੁੱਖਾਂ ਨੂੰ ਜ਼ਿੰਦਗੀ ਦਾ ਸਹੀ ਲੁਤਫ਼ ਮਾਨਣ ਲਈ ਸਖ਼ਤੀ ਨਾਲ ਚਿਤਾਵਨੀ ਦਿੰਦਿਆਂ ਉਹ ਕੂਕ ਉਠੇ:-

ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥
(ਗੁਰੂ ਗ੍ਰੰਥ ਸਾਹਿਬ ਜੀ ਅੰਗ ੩੯੯)

ਏਨੀ ਸਖਤ ਮਨਾਹੀ ਦੇ ਬਾਵਜੂਦ ਅਜੋਕੇ ਸਮੇਂ ਅੰਦਰ ਪੰਜਾਬ ਖਾਸ ਕਰਕੇ ਸਿੱਖ ਸ਼ਰਾਬ ਪੀਣ ਵਿਚ ਵਡੱਪਣ ਸਮਝਦੇ ਹਨ। ਜੰਮਣ ਗੁੜ੍ਹਤੀ ਵਾਂਗ ਇਹ ਹਰ ਬਾਲ ਬੁੱਢੇ ਤੇ ਅਸਰਦਾਇਕ ਹੈ। ਹੁਣ ਤਾਂ ਗੁਰੂ ਨਾਨਕ ਨਾਮ ਲੇਵਿਆਂ ਨੇ ਏਸ਼ੀਆ ਦਾ ਰਿਕਾਰਡ ਕਾਇਮ ਕਰ ਲਿਆ ਹੈ ਤੇ ਵਿਸ਼ਵ ਜੇਤੂ ਬਣਨ ਦੇ ਆਹਰ 'ਚ ਜੁਟੇ ਹੋਏ ਹਨ। ਪੌਣੇ ਕੁ ਤਿੰਨ ਕਰੋੜ ਪੰਜਾਬੀ ਠੇਕਿਆਂ ਤੋਂ 33 ਕਰੋੜ ਬੋਤਲਾਂ ਹਰ ਸਾਲ ਡਕਾਰ ਜਾਂਦੇ ਹਨ। ਗੁਰਬਾਣੀ ਇਤਿਹਾਸ ਅਤੇ ਰਹਿਤਨਾਮਿਆਂ ਵਿੱਚ ਦਰਸਈਆਂ ਨਸੀਹਤਾਂ ਨੂੰ ਛਿੱਕ ਟੰਗ ਕੇ ਅਜੋਕੇ ਸਿੱਖ 'ਸ਼ਰਾਬੀ ਅਤੇ ਵਧੀਆ ਪਿਆਕੜ' ਕਹਾਉਣ ਵਿਚ ਮਾਣ ਮਹਿਸੂਸ ਕਰਨ ਲੱਗ ਪਏ ਹਨ। ਸ਼ਰਾਬ ਪੰਜਾਬੀ ਜਾਂ ਸਿੱਖ ਸਭਿਆਚਾਰ ਦਾ ਅਨਿੱਖੜਵਾਂ ਅੰਗ ਬਣਦੀ ਜਾ ਰਹੀ ਹੈ। ਸ਼ਰਾਬ ਪੀਣ ਦੀ ਭੈੜੀ ਬਾਣ ਨੂੰ 'ਨਵਾਬੀ ਸ਼ਾਨ' ਨਾਲ ਤੁਲਨਾਇਆ ਜਾ ਰਿਹਾ ਹੈ। ਬਾਬੇ ਨਾਨਕ ਦੀ ਸਿਖਿਦਾਇਕ ਸ਼ਾਇਰੀ ਦੇ ਵਿਰੋਧ ਵਿਚ ਨਾਮਵਾਰ ਤੇ ਪੰਜਾਬੀਆਂ ਦਾ ਚਹੇਤਾ ਗਾਇਕ ਗੁਰਦਾਸ ਮਾਨ ਵੀ ਘਰ ਦੀ ਕੱਢੀ ਨਜਾਇਜ਼ ਸ਼ਰਾਬ ਪੀਣ ਪਿਆਉਣ ਦਾ ਢੰਡੋਰਚੀ ਬਣ ਖੜੋਤਾ ਹੈ। ਹੁਣ ਰੀਸੋ ਰੀਸ ਇਕ ਦੂਜੇ ਤੋਂ ਅੱਗੇ ਹੋਕੇ ਸ਼ਰਾਬ ਨੂੰ ਬੜ੍ਹਾਵਾ ਦੇਣ ਵਾਲੇ ਗੀਤ ਗਾਏ ਜਾ ਰਹੇ ਹਨ।

ਇਉਂ ਭਾਸਦਾ ਹੈ ਜਿਵੇਂ ਅਜੋਕੇ ਸਮੇਂ ਇਨ੍ਹਾਂ ਗਾਇਕਾਂ ਵਿਚ ਜ਼ੋਰਦਾਰ ਮੁਕਾਬਲਾ ਸ਼ੁਰੂ ਹੋ ਗਿਆ ਹੋਵੇ ਕਿ ਕੌਣ ਪੰਜਾਬੀਆਂ ਨੂੰ ਵਧ ਪਿਆਕੜ ਬਣਾਉਂਦਾ ਹੈ। ਨਿੱਤ ਸ਼ਰਾਬੀਆਂ ਨੂੰ ਧਿਰਕਾਰਨ, ਦੁਰਕਾਰਨ ਵਾਲੀ ਅਣਖੀਲੀ ਪੰਜਾਬਣ ਹੁਣ ਸ਼ਰਾਬੀ ਯਾਰ ਨੂੰ ਸਤਿਕਾਰਦੀ, ਪੁਚਕਾਰਦੀ ਗੀਤਾਂ 'ਚ ਪੇਸ਼ ਕੀਤੀ ਜਾਂਦੀ ਹੈ॥ ਪਿਛਲੇ ਸਮਿਆਂ 'ਚ ਇੱਕਾ ਦੁੱਕਾ ਸ਼ਰਾਬੀ ਸਮਾਜ ਵਿਚ ਆਪਣੇ ਆਪ ਨੂੰ ਹੀਣਾ ਜਿਹਾ ਮਹਿਸੂਸ ਕਰਦਾ ਸੀ। ਬਜ਼ੁਰਗਾਂ ਤੇ ਘਰ ਦੀਆਂ ਸੁਆਣੀਆਂ ਤੋਂ ਅੱਖ ਬਚਾ ਕੇ ਘਰ ਵੜਦਾ ਸੀ ਪਰ ਅਜੋਕੇ ਸਮੇਂ ਪੰਜਾਬਣਾਂ ਦੀ ਆਪੇ ਬਣੀ ਪ੍ਰਤੀਨਿਧ ਗਾਇਕਾ ਧੜੱਲੇ ਨਾ.ਲ ਆਪਣੀ ਨਣਾਨ ਨੂੰ 'ਤੇਰਾ ਵੀਰ ਸ਼ਰਾਬੀ ਆਇਆ ਨਣਦੇ ਕੁੰਡਾ ਖੋਲ੍ਹਦੇ' ਕਹਿ ਕੇ ਇਉਂ ਮਾਣ ਮਹਿਸੂਸ ਕਰਦੀ ਹੈ ਜਿਵੇਂ ਉਹ ਕੋਈ ਬਹੁਤ ਵੱਡਾ ਬਹਾਦਰੀ ਦਾ ਕੰਮ ਕਰਕੇ ਜਾਂ ਜੰਗ ਚੋਂ ਜੇਤੂ ਹੋ ਕੇ ਮੁੜਿਆ ਹੋਵੇ। ਰੂੜੀ ਮਾਰਕਾ ਸ਼ਰਾਬ ਵਾਂਗੂੰ ਚੜ੍ਹਨ ਵਾਲੀ ਪੰਜਾਬੀ ਗਾਇਕਾ ਕਮਲਜੀਤ ਨੀਰੂ ਪੰਜਾਬੀਆਂ ਨੂੰ ਕਿਹੜੇ ਸਭਿਆਚਾਰ ਨਾਲ ਜੋੜਨ ਦੇ ਆਹਰ ਲੱਗੀ ਹੋਈ ਹੈ ?

ਪੰਜਾਬੀ/ ਸਿੱਖ ਜਿਨ੍ਹਾਂ ਨੇ ਗੁਰੂ ਅਦੇਸ਼ ਤੇ ਤੁਰਦਿਆਂ ਸੰਸਾਰ ਨੂੰ ਸੇਧ ਦੇਕੇ ਖੁਸ਼ੀਆਂ ਅਤੇ ਖੇੜਿਆਂ ਭਰਪੂਰ ਸਮਾਜ ਸਿਰਜਣ ਲਈ ਅਲਮਬਰਦਾਰ ਬਣਨਾ ਸੀ, ਅੱਜ ਉਹ ਆਪਣੇ ਲੱਛਣਾਂ ਤੇ ਕਰਤੂਤਾਂ ਸਦਕਾ ਸੰਸਾਰ ਦੇ ਉਪਹਾਸ ਦਾ ਕਾਰਨ ਬਣਦੇ ਨਜ਼ਰ ਆ ਰਹੇ ਹਨ। ਹੁਣ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੇ ਧਾਰਮਿਕ ਅਦਾਰਿਆਂ ਦੀਆਂ ਚੋਣਾਂ ਸਮੇਂ ਵੀ ਵੋਟਾਂ ਸ਼ਰਾਬ ਦੇ ਡਰੱਮਾਂ ਵਿਚ ਡੁਬੋ ਕੇ ਵਸੂਲੀਦੀਆਂ ਹਨ। 'ਗੁਰੂ ਬਹੁੜੀ ਕਰੇ।' ਜਿਹੜੀ ਸ਼ਰਾਬ ਸਾਡੇ ਤਮਾਮ ਬਦ ਅਮਲਾਂ ਦਾ ਕਾਰਨ ਬਣਦੀ ਹੋਵੇ, ਕਦੀ ਵੀ ਪੀਣੀ ਲਾਭਦਾਇਕ ਨਹੀਂ। ਇਸ ਦਾ ਭੁਸ ਬੁਰਾ ਹੈ। ਰੱਬ ਕਰਕੇ ਇਹ ਕਿਸੇ ਨੂੰ ਪੈ ਨਾ ਜਾਵੇ। ਕਿਸੇ ਸ਼ਾਇਰ ਨੇ ਤੋਬਾ ਕਰਦਿਆਂ ਠੀਕ ਕਿਹਾ ਹੈ:

ਦਿਕ ਹੋ, ਸਿਲ ਹੋ ਕੇਹਾ ਭੀ ਭਾਰੀ ਅਜ਼ਾਬ ਹੋ।
ਮਗਰ ਐ ਖੁਦਾਇ ਦੋ ਜਹਾਂ, ਨਾ ਕਿਸੀ ਕੋ ਸ਼ੌਕਿ ਸ਼ਰਾਬ ਹੋ।

ਸਪੱਸ਼ਟ ਹੈ ਕਿ ਸ਼ਰਾਬ ਦੇ ਸੇਵਨ ਬਾਰੇ ਤਾੜਨਾ ਕਰਦੇ ਗੁਰੂ ਹੁਕਮਾਂ ਨੂੰ ਪਰ੍ਹੇ ਸੁੱਟ ਕੇ ਗੁਰੂ ਦੇ ਸਿੱਖ ਅਖਵਾਉਣ ਵਾਲੇ ਇਸ ਦਾ ਪ੍ਰਯੋਗ ਗੱਜ ਵੱਜ ਕੇ ਵਿਆਹ ਸ਼ਾਦੀਆਂ, ਪਾਰਟੀਆਂ, ਜਲਸਿਆਂ ਇਥੋਂ ਤੱਕ ਕਿ ਮਰਨਿਆਂ ਪਰਨਿਆਂ ਤੇ ਵੀ ਖੁਲ੍ਹਮ ਖੁਲ੍ਹਾ ਕਰਦੇ ਜ਼ਰਾ ਨਹੀਂ ਝਿਜਕਦੇ। ਸ਼ਰਾਬ ਦਾ ਸੇਵਨ ਨਾ ਕਰਨ ਵਾਲਿਆਂ ਨੂੰ ਪਿਛਾਂਹਖਿਚੂ, ਰੂੜੀਵਾਦੀ ਤੇ ਅੰਧਵਿਸ਼ਵਾਸੀ ਕਹਿ ਕੇ ਛੁਟਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅੱਜ ਸਕੂਲਾਂ ਦੇ ਅਧਿਆਪਕ ਤੇ ਕਾਲਜਾਂ ਦੇ ਪ੍ਰੋਫੈਸਰ, ਜਿਨ੍ਹਾਂ ਦੇ ਹੱਥ ਵਿੱਚ ਬੱਚਿਆਂ ਦਾ ਭਵਿੱਖ ਹੈ, ਡਾਕਟਰ, ਜਿਨ੍ਹਾਂ ਨੇ ਦੇਸ਼ ਨੂੰ ਅਰੋਗ ਰੱਖਣਾ ਹੈ, ਜੱਜ, ਜਿਨ੍ਹਾਂ ਨੇ ਨਿਆਂ ਵਾਲੀ ਕੁਰਸੀ ਤੇ ਬਹਿਣਾ ਹੈ, ਪੁਲਿਸ ਅਧਿਕਾਰੀ, ਜਿਨ੍ਹਾਂ ਨੇ ਕਾਨੂੰਨ ਭੰਗ ਕਰਨ ਵਾਲਿਆਂ ਨੂੰ ਸਜ਼ਾ ਦਿਵਾਉਣੀ ਹੈ, ਰਾਜਨੀਤਕ ਆਗੂ, ਜਿਨ੍ਹਾਂ ਨੇ ਦੇਸ਼ ਦੀ ਬੇੜੀ ਬੰਨੇ ਲਾਉਣੀ ਹੈ, ਧਾਰਮਿਕ ਰਹਿਨੁਮਾ, ਜਿਹਨਾਂ ਨੇ ਅਧਿਆਤਮਕ ਮਾਰਗ 'ਤੇ ਰਾਹ ਰੁਸ਼ਨਾਉਣਾ ਹੈ ਜ਼ਿਆਦਾਤਰ ਆਪ ਸ਼ਰਾਬ ਦੀ ਵਰਤੋਂ ਕਰਦੇ ਹਨ। ਅਨੇਕਾਂ ਬਦੀਆਂ ਦੀ ਮਾਂ, ਸਰੀਰਕ ਤੇ ਮਾਨਸਿਕ ਰੋਗਾਂ ਦੀ ਜਨਮਦਾਤੀ, ਪ੍ਰਵਾਰਕ ਖੁਸ਼ੀਆਂ ਤੇ ਖੇੜਿਆਂ ਦੀ ਦੁਸ਼ਮਣ ਅਤੇ ਆਚਰਣਕ ਗਿਰਾਵਟ ਦਾ ਸਬੱਬ ਬਣਨ ਵਾਲੀ ਸ਼ਰਾਬ ਦਾ ਸੇਵਨ ਕਰਨ ਤੋਂ ਵਾਹ ਲੱਗਦਿਆਂ ਗੁਰੇਜ਼ ਕਰਕੇ ਮਾਨਵ ਜੀਵਨ ਨੂੰ ਸਾਰਥਕ ਤੇ ਸੁਚਾਰੂ ਬਨਾਉਣ ਲਈ ਸਭ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਰ੍ਹਦੇ ਮੀਂਹ ਅਤੇ ਕੜਾਕੇ ਦੀ ਠੰਡ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਗਰਜੇ ਦਲਿਤ





**ਸੰਗਰੂਰ, (ਦਲਜੀਤ ਕੌਰ)** ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਅੱਜ ਪੰਜਾਬ ਭਰ ਦੇ ਸੈਂਕੜੇ ਪਿੰਡਾਂ ਚੋਂ ਹਜ਼ਾਰਾਂ ਦੀ ਗਿਣਤੀ 'ਚ ਦਲਿਤ ਮਜ਼ਦੂਰਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਦੇ ਨਜਦੀਕ ਵਿਸ਼ਾਲ ਰੋਸ ਧਰਨਾ ਦਿਤਾ ਗਿਆ। ਇਸ ਤੋਂ ਬਾਅਦ ਉਪਰੋਕਤ ਮੰਗਾ ਦੀ ਪੂਰਤੀ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਜੋਸ਼ੀਲੇ ਨਾਅਰੇ ਮਾਰਦੇ ਹੋਏ ਰੋਸ ਮਾਰਚ ਕੀਤਾ ਗਿਆ। ਜਿੱਥੇ ਮੁੱਖ ਮੰਤਰੀ ਦੀ ਕੋਠੀ ਦੇ ਨੇੜੇ ਸੰਗਰੂਰ ਦੇ ਪ੍ਰਸਾਸ਼ਨ ਅਧਿਕਾਰੀਆਂ ਵੱਲੋਂ ਪੰਜਾਬ ਸਰਕਾਰ ਦੀ ਸਬ ਕਮੇਟੀ ਨਾਲ 8 ਜਨਵਰੀ ਦੀ ਮੀਟਿੰਗ ਕਰਵਾਉਣ ਸਬੰਧੀ ਲਿਖਤੀ ਪੱਤਰ ਸੌਂਪਿਆ ਅਤੇ ਲੋਕਲ ਮੰਗਾਂ ਮਸਲਿਆਂ ਦੇ ਹੱਲ ਲਈ ਡਿਪਟੀ ਕਮਿਸ਼ਨਰ ਸੰਗਰੂਰ ਨਾਲ 27 ਦਸੰਬਰ ਦੀ ਮੀਟਿੰਗ ਤਹਿ ਕਰਵਾਈ ਗਈ। ਇਸ ਤੋਂ ਬਾਅਦ ਮਜ਼ਦੂਰ ਸ਼ਾਂਤ ਹੋਏ ਅਤੇ ਉਨ੍ਹਾਂ ਆਪਣਾ ਧਰਨਾ ਖ਼ਤਮ ਕਰ ਦਿੱਤਾ।

ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਤੇ ਜਰਨਲ ਸਕੱਤਰ ਧਰਮਵੀਰ ਹਰੀਗੜ੍ਹ ਨੇ ਕਿਹਾ ਕਿ ਜਿੱਥੇ ਕੇਂਦਰ ਦੀ ਸਰਕਾਰ ਮਨੂੰਵਾਦੀ ਵਿਚਾਰਧਾਰਾ ਤਹਿਤ ਲਗਾਤਾਰ ਦਲਿਤ ਵਿਰੋਧੀ ਹੈ ਉੱਥੇ ਹੀ ਬਦਲਾਅ ਦੇ ਨਾਅਰੇ ਹੇਠ ਸੱਤਾ ਵਿਚ ਆਈ ਆਪ ਸਰਕਾਰ ਵੀ ਦਲਿਤਾਂ 'ਤੇ ਮਜ਼ਦੂਰਾਂ ਦੇ ਹੱਕਾ ਨੂੰ ਕੁਚਲਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਇਥੇ ਮਜਦੂਰਾਂ ਦੀਆਂ ਬੁਨਿਆਦੀ ਮੰਗਾਂ ਵੱਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ।

ਇਸ ਮੌਕੇ ਬਿੱਕਰ ਸਿੰਘ ਹਥੋਆ, ਜਗਤਾਰ ਸਿੰਘ ਤੋਲੇਵਾਲ, ਗੁਰਵਿੰਦਰ ਸਿੰਘ ਬੌੜਾਂ, ਗੁਰਚਰਨ ਸਿੰਘ ਘਰਾਚੋਂ ਅਤੇ ਗੁਰਦਾਸ ਸਿੰਘ ਜਲੂਰ ਨੇ ਕਿਹਾ ਕਿ ਇਥੇ ਦੋ ਵਾਰ ਭੂਮੀ ਸੁਧਾਰ ਹੋਣ ਤੋਂ ਬਾਅਦ ਵੀ ਜਮੀਨੀ ਪੱਧਰ 'ਤੇ ਵਾਫ਼ਰ ਜਮੀਨਾਂ ਦੀ ਵੰਡ ਨਹੀਂ ਕੀਤੀ ਗਈ। ਜਿਸ ਦੀ ਮਿਸਾਲ ਬੀੜ ਐਸਵਾਨ ਦੀ ਸੈਂਕੜੇ ਏਕੜ ਜਮੀਨ ਹੈ। ਆਗੂਆਂ ਨੇ ਕਿਹਾ ਕਿ ਇਸ ਦੀ ਵੰਡ ਕੀਤੇ ਬਿਨਾਂ ਦਲਿਤ ਮਜ਼ਦੂਰਾਂ ਦੀ ਮੁਕਤੀ ਸੰਭਵ ਨਹੀਂ ਹੈ। ਇਸ ਤੋਂ ਬਿਨਾਂ ਨਜ਼ੂਲ ਜਮੀਨ ਦੀ ਮਾਲਕੀ ਨਾ ਦੇਣ ਲਈ ਆਪ ਸਰਕਾਰ ਦਾ ਹਾਈ ਕੋਰਟ ਦੀ ਡਬਲ ਬੈਂਚ ਤੇ ਅਪੀਲ ਕਰਨਾ ਸਿਰੇ ਦੀ ਦਲਿਤ ਵਿਰੋਧੀ ਮਾਨਸਿਕਤਾ ਦਾ ਸਿਖਰ ਹੈ। ਉਹਨਾਂ ਤੁਰੰਤ ਇਸ ਅਪੀਲ ਨੂੰ ਵਾਪਿਸ ਲੈ ਕੇ ਮਾਲਕੀ ਹੱਕ ਦੇਣ ਦੀ ਮੰਗ ਕੀਤੀ।

ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪੰਚਾਇਤੀ ਜਮੀਨਾਂ ਦਾ ਤੀਸਰਾ ਹਿੱਸਾ ਦਲਿਤਾਂ ਨੂੰ ਪੱਕੇ ਤੌਰ 'ਤੇ ਦਿਤਾ ਜਾਵੇ, ਲੋੜਵੰਦ ਪਰਿਵਾਰਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਅਲਾਟ ਹੋਏ ਪਲਾਟਾਂ ਦੇ ਕਬਜ਼ੇ ਦਿਤੇ ਜਾਣ, ਲਾਲ ਲਕੀਰ ਅੰਦਰ ਆਉਂਦੇ ਘਰਾਂ ਦੇ ਮਾਲਕੀ ਲਈ ਰਜਿਸਟਰੀਆਂ ਤੁਰੰਤ ਜਾਰੀ ਕੀਤੀਆਂ ਜਾਣ, ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਮਜਦੂਰਾਂ ਦਾ ਸਮੁਚਾ ਕਰਜ਼ਾ ਮੁਆਫ ਕੀਤਾ ਜਾਵੇ, ਮਨਰੇਗਾ ਤਹਿਤ ਸਾਰਾ ਸਾਲ ਕੰਮ ਅਤੇ ਮਜ਼ਦੂਰਾਂ ਦੀ ਦਿਹਾੜੀ ਹਰ ਖੇਤਰ ਵਿੱਚ 1000 ਰੁਪਏ ਕੀਤੀ ਜਾਵੇ, ਦਲਿਤ ਮਜ਼ਦੂਰਾਂ ਨਾਲ ਹੁੰਦਾਂ ਜਾਤੀ ਵਿਤਕਰਾ ਖ਼ਤਮ ਕੀਤਾ ਜਾਵੇ।

ਅੰਤ ਵਿੱਚ ਸੁਖਵਿੰਦਰ ਸਿੰਘ ਮਾਨਸਾ ਵੱਲੋਂ ਧਰਨੇ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ ਗਿਆ ਅਤੇ ਪਿੰਡ ਪੱਧਰੀ ਵਿਸ਼ਾਲ ਸੰਘਰਸ਼ਾਂ ਦੀ ਲਾਮਬੰਦੀ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਆਗੂ ਸਿੰਗਾਰਾ ਸਿੰਘ ਹੇੜੀਕੇ, ਗੁਰਵਿੰਦਰ ਸ਼ਾਦੀਹਰੀ, ਧਰਮਪਾਲ ਨੂਰਖੇੜੀਆਂ, ਇਸਤਰੀ ਜਾਗਰਤੀ ਮੰਚ ਦੇ ਜਨਰਲ ਸਕੱਤਰ ਅਮਨ ਦਿ ਲ, ਪੰਜਾਬ ਸਟੂਡੈਂਟ ਯੂਨ-ਿਅਨ ਤੋਂ ਕਮਲ ਬਾਘਾਪੁਰਾਣਾ ਆਦਿ ਨੇ ਵੀ ਸੰਬੋਧਨ ਕੀਤਾ।

# ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ ਨਰਸਿੰਗ ਵੱਲੋਂ ਗ੍ਰੈਂਡ ਫਰੈਸ਼ਰ ਪਾਰਟੀ ਦਾ ਆਯੋਜਨ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਨਰਸਿੰਗ ਨੇ ਬੀ.ਐਸਸੀ ਨਰਸਿੰਗ (1 ਸਮੈਸਟਰ) ਅਤੇ ਜੀਐਨਐਮ (ਪਹਿਲੇ ਸਾਲ) ਦੇ ਵਿਦਿਆਰਥੀਆਂ ਦੇ ਨਵੇਂ ਬੈਚਾਂ ਦਾ ਨਿੱਘਾ ਸਵਾਗਤ ਕਰਨ ਲਈ ਇੱਕ ਸ਼ਾਨਦਾਰ "ਫਰੈਸ਼ਰ ਪਾਰਟੀ"ਦਾ ਆਯੋਜਨ ਕੀਤਾ। ਇਹ ਸਮਾਗਮ ਖੁਸ਼ੀ, ਉਤਸ਼ਾਹ ਅਤੇ ਸੱਭਿਆਚਾਰਕ ਜਸ਼ਨ ਦਾ ਇੱਕ ਜੀਵੰਤ ਮਿਸ਼ਰਣ ਸੀ।

ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਡਾ. ਪੁਨੀਤ ਗਿਰਧਰ, ਪੀਐਨਆਰਸੀ ਮੋਹਾਲੀ ਦੇ ਰਜਿਸਟਰਾਰ , ਡਾ: ਅਨੂ ਗਿਰਧਰ, ਨੈਸ਼ਨਲ ਡੈਂਟਲ ਕਾਲਜ, ਡੇਰਾਬੱਸੀ ਦੇ ਪ੍ਰੋਫੈਸਰ ਸ਼ਾਮਲ ਸਨ। ਇਸ ਦੌਰਾਨ ਹੋਰ ਪ੍ਰਮੁੱਖ ਹਾਜ਼ਰੀਨ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ, ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਰਵਤੀ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਪਰੰਪਰਾਗਤ ਢੰਗ ਨਾਲ ਸ਼ਮਾ ਰੋਸ਼ਨ ਨਾਲ ਹੋਈ। ਸਕੂਲ ਆਫ ਨਰਸਿੰਗ ਦੇ ਪ੍ਰਿੰਸੀਪਲ ਪ੍ਰੋ. (ਡਾ.) ਲਵਸੰਪੂਰਨਜੋਤ ਕੌਰ ਨੇ ਆਏ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ।



ਡਾ: ਪੁਨੀਤ ਗਿਰਧਰ ਅਤੇ ਡਾ: ਅਨੂ ਗਿਰਧਰ ਨੇ ਆਪਣੇ ਤਜ਼ੁਰਬੇ ਸਾਂਝੇ ਕਰਦੇ ਹੋਏ ਵਿਦਿਆਰਥੀਆਂ ਨੂੰ ਆਪਣੇ ਕੰਮਾਂ ਵਿਚ ਅਡੋਲ ਰਹਿਣ ਅਤੇ ਉੱਤਮਤਾ ਲਈ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ। ਪ੍ਰੇਰਣਾ ਦੀ ਭਾਵਨਾ ਨੂੰ ਜੋੜਦੇ ਹੋਏ, ਚਾਂਸਲਰ ਡਾ. ਜ਼ੋਰਾ ਸਿੰਘ ਨੇ ਇਕੱਠ ਨੂੰ ਸੰਬੋਧਨ ਕੀਤਾ, ਆਪਣਾ ਆਸ਼ੀਰਵਾਦ ਭੇਂਟ ਕੀਤਾ ਅਤੇ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਨਿੱਜੀ ਵਿਕਾਸ ਵਿੱਚ ਯੂਨੀਵਰਸਿਟੀ ਦੇ ਅਟੁੱਟ ਸਹਿਯੋਗ ਦਾ ਭਰੋਸਾ ਦਿੱਤਾ। ਸ਼ਾਮ ਨੂੰ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪੇਸ਼ਕਾਰੀਆਂ ਪੰਜਾਬੀ ਭੰਗੜਾ, ਗਿੱਧਾ ਅਤੇ ਪ੍ਰਤਿਭਾ ਦੇ ਹੋਰ ਜੋਰਦਾਰ ਪ੍ਰਦਰਸ਼ਨਾਂ ਦਾ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਹਜ ਅਤੇ ਸ਼ਖਸੀਅਤ ਲਈ ਸਨਮਾਨਿਤ ਵੀ ਕੀਤਾ ਗਿਆ:

ਵਾਗੀਸ਼ ਅਤੇ ਜਸ਼ਨਦੀਪ ਨੂੰ ਮਿਸਟਰ ਫਰੈਸ਼ਰ ਵਜੋਂ, ਜਦੋਂ ਕਿ ਗੁਨੀਤ ਅਤੇ ਦੀਪਿਕਾ ਨੂੰ ਮਿਸ ਫਰੈਸ਼ਰ ਦਾ ਤਾਜ ਪਹਿਨਾਇਆ ਗਿਆ। ਰਾਹੁਲ ਅਤੇ ਅਜੈਵੀਰ ਨੂੰ ਮਿਸਟਰ ਪ੍ਰਸਨੈਲਿਟੀ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਮਾਈਸ਼ਾ, ਜਤਿੰਦਰ ਅਤੇ ਗੁਰਵੀਨ ਨੇ ਮਿਸ ਚਾਰਮਿੰਗ ਦਾ ਖਿਤਾਬ ਹਾਸਲ ਕੀਤਾ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਅੰਬੇਡਕਰ ਭਵਨ ਟਰੱਸਟ ਨੇ ਕੀਤਾ ਸੀਨੀਅਰ ਸਾਬਕਾ ਟਰੱਸਟੀ ਕੇ. ਸੀ. ਸੁਲੇਖ ਦਾ ਸਨਮਾਨ

**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ (ਰਜਿ.) ਨੇ ਆਪਣੇ ਸੀਨੀਅਰ ਸਾਬਕਾ ਟਰੱਸਟੀ ਸ਼੍ਰੀ ਕੇ।ਸੀ। ਸੁਲੇਖ ਅਤੇ ਚੌਧਰੀ ਨਸੀਬ ਚੰਦ ਜੀ ਨੂੰ ਅੰਬੇਡਕਰ ਭਵਨ ਵਿਖੇ 6 ਦਸੰਬਰ, 2024 ਨੂੰ ਬਾਬਾ ਸਾਹਿਬ ਦੇ ਪਰਿਨਿਰਵਾਣ ਦਿਵਸ 'ਤੇ ਆਯੋਜਿਤ ਕੀਤੇ ਗਏ ਸਮਾਗਮ ਵਿੱਚ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਸੀ। ਸ਼੍ਰੀ ਕੇ.ਸੀ. ਸੁਲੇਖ ਚੰਡੀਗੜ੍ਹ ਵਿਖੇ ਰਹਿੰਦੇ ਹਨ ਅਤੇ ਚੌਧਰੀ ਨਸੀਬ ਚੰਦ ਜੀ ਨਵੀਂ ਦਿੱਲੀ ਵਿਖੇ। ਉਮਰ ਕਾਰਨ ਦੋਵੇਂ ਟਰੱਸਟੀ ਆਪਣਾ ਸਨਮਾਨ ਲੈਣ ਲਈ ਜਲੰਧਰ ਨਹੀਂ ਆ ਸਕੇ। ਅੰਬੇਡਕਰ ਭਵਨ ਟਰੱਸਟ ਦੇ ਟਰੱਸਟੀ ਡਾ. ਜੀ.ਸੀ ਕੌਲ, ਬਲਦੇਵ ਰਾਜ ਭਾਰਦਵਾਜ, ਚਰਨ ਦਾਸ ਸੰਧੂ, ਹਰਮੇਸ਼ ਜੱਸਲ ਅਤੇ ਮਹਿੰਦਰ ਸੰਧੂ ਨੇ 22 ਦਸੰਬਰ, 2024 ਨੂੰ ਜਲੰਧਰ ਤੋਂ ਚੰਡੀਗੜ੍ਹ ਜਾ ਕੇ ਸ੍ਰੀ ਕੇ. ਸੀ. ਸੁਲੇਖ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸਨਮਾਨਿਤ ਕੀਤਾ। ਭਾਰਦਵਾਜ਼ ਨੇ ਕਿਹਾ ਕਿ ਟਰੱਸਟ ਲਈ ਇਹ ਮਾਣ ਵਾਲੀ ਗੱਲ ਹੈ ਕਿ ਡਾ। ਰੌਣਕੀ ਰਾਮ, ਚੇਅਰਪਰਸਨ, ਸ਼ਹੀਦ ਭਗਤ ਸਿੰਘ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਸ਼੍ਰੀ ਕੇ।ਸੀ। ਸੁਲੇਖ ਨੂੰ ਸਨਮਾਨਿਤ ਕਰਨ ਲਈ ਨਾਲ ਸਨ। ਇਹਨਾਂ ਤੋਂ ਇਲਾਵਾ ਅੰਬੇਡਕਰ ਭਵਨ ਦੇ ਕੇਅਰ ਟੇਕਰ ਸ਼੍ਰੀ ਨਿਰਮਲ ਸਿੰਘ ਬਿਨਜੀ ਅਤੇ ਸੁਲੇਖ ਸਾਹਿਬ ਦੇ ਪਰਿਵਾਰਿਕ ਮੈਂਬਰ ਵੀ ਮੌਜੂਦ ਸਨ। ਭਾਰਦਵਾਜ ਨੇ ਦੱਸਿਆ ਕਿ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਜਲੰਧਰ ਵਿਖੇ ਆਏ ਸਨ ਅਤੇ ਉਨ੍ਹਾਂ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਇਸ ਮੌਕੇ ਮੰਚ ਸੰਚਾਲਨ ਸ਼੍ਰੀ ਕੇ.ਸੀ. ਸੁਲੇਖ ਨੇ ਕੀਤਾ ਸੀ। ਬੂਟਾ ਮੰਡੀ ਦੇ ਏਰੀਏ ਵਿੱਚ ਜਿਸ ਸਥਾਨ ਤੇ ਆ ਕੇ ਬਾਬਾ ਸਾਹਿਬ ਨੇ ਲੋਕਾਂ ਨੂੰ ਸੰਬੋਧਨ ਕੀਤਾ ਸੀ, ਉਹ ਭੂਮੀ ਉੱਘੇ ਅੰਬੇਡਕਰੀ, ਚਿੰਤਕ, ਨਿਡਰ ਬੁਲਾਰੇ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇੱਕ-ਇੱਕ ਰੁਪਈਆ ਇਕੱਠਾ ਕਰਕੇ 1963 ਵਿੱਚ ਖਰੀਦੀ ਅਤੇ ਫਿਰ ਇਸ ਦੀ ਦੇਖਭਾਲ ਕਰਨ ਲਈ 1972 ਵਿੱਚ ਅੰਬੇਡਕਰ ਭਵਨ ਟਰੱਸਟ ਦੇ ਨਾਮ ਨਾਲ ਟਰੱਸਟ ਬਣਾ ਦਿੱਤਾ।



1952 ਵਿੱਚ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਵਿੱਚ ਸਰਕਾਰੀ ਨੌਕਰੀ ਮਿਲਣ ਤੋਂ ਬਾਅਦ ਸ੍ਰੀ ਕੇ. ਸੀ. ਸੁਲੇਖ ਨੂੰ 1985 ਵਿੱਚ ਸੇਵਾ ਮੁਕਤ ਹੋਣ ਤੋਂ ਬਾਅਦ ਇਸ 'ਅੰਬੇਡਕਰ ਭਵਨ ਟਰੱਸਟ' ਵਿੱਚ ਬਾਲੀ ਜੀ ਦੁਆਰਾ ਟਰੱਸਟੀ ਨਿਯੁਕਤ ਕੀਤਾ ਗਿਆ ਅਤੇ 2023 ਤੱਕ ਉਹ ਇਸ ਟਰੱਸਟ ਵਿੱਚ ਬਤੌਰ ਟਰੱਸਟੀ ਰਹੇ। ਭਾਰਦਵਾਜ ਨੇ ਅੱਗੇ ਕਿਹਾ ਕਿ ਚੌਧਰੀ ਨਸੀਬ ਚੰਦ ਜੀ ਦਾ ਸਨਮਾਨ ਵੀ ਉਚਿਤ ਸਮੇਂ ਸਿਰ ਦਿੱਤਾ ਜਾਵੇਗਾ।

# ਖ਼ਾਲਸਾ ਕਾਲਜ ਤੋਂ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਚੇਤਨਾ ਮਾਰਚ ਸਜਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕਾਲਜ ਗੁਰਦੁਆਰਾ ਸਾਹਿਬ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇੰਜ ਸੁਖਮਿੰਦਰ ਸਿੰਘ ਡਾਇਰੈਕਟਰ ਸਿੱਖਿਆ ਦੇ ਆਦੇਸ਼ ’ਤੇ ਗੁਰਮਤਿ ਸਮਾਗਮ ਕਰਵਾਉਣ ਉਪਰੰਤ ਕਾਲਜ ਤੋਂ ਗੁਰਮਤਿ ਚੇਤਨਾ ਮਾਰਚ ਸਜਾਇਆ ਗਿਆ ਜੋ ਸ਼ਹਿਰ ਦੇ ਵੱਖ-ਵੱਖ ਹਿੱਸਿਆ ਤੋਂ ਹੁੰਦਾ ਹੋਇਆ ਗੁਰਦੁਆਰਾ ਸਿੰਘ ਸਭਾ ਵਿਖੇ ਸਮਾਪਤ ਹੋਇਆ। ਕਾਲਜ ਵਿਖੇ ਗੁਰਮਤਿ ਸਮਾਗਮ ਦੌਰਾਨ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਚੌਪਈ ਸਾਹਿਬ ਦੇ ਜਾਪ ਉਪਰੰਤ ਵਿਦਿਆਰਥੀ ਪ੍ਰਿੰਸ ਸਿੰਘ ਵਲੋਂ ਕਥਾ ਰਾਹੀਂ ਅਤੇ ਪ੍ਰੋ. ਰਾਏਦੀਪ ਸਿੰਘ ਵਲੋਂ ਸੰਗਤ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ।



ਇਸ ਮੌਕੇ ਸਾਬਕਾ ਵਿਧਾਇਕ ਤੇ ਸ਼੍ਰੋਮਣੀ ਕਮੇਟੀ ਮੈਂਬਰ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸ਼੍ਰੋਮਣੀ ਕਮੇਟੀ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ ਅਤੇ ਅੰਤਰ-ਰਾਸ਼ਟਰੀ ਸਿੱਖ ਪ੍ਰਚਾਰਕ ਗਿਆਨੀ ਬਲਵੀਰ ਸਿੰਘ ਚੰਗਿਆੜਾ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੇ ਲਾਸਾਨੀ ਸ਼ਹਾਦਤ ਤੇ ਪੰਨਿਆਂ ਨੂੰ ਸਾਂਝਾ ਕੀਤਾ ਸ਼ਹੀਦਾਂ ਦੇ ਇਤਿਹਾਸ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸਮਾਗਮ ਵਿਚ ਪਹੁੰਚੀਆਂ ਸਖਸ਼ੀਅਤਾਂ ਦਾ ਧੰਨਵਾਦ ਕਰਦੇ ਹੋਏ ਵਿਦਿਆਰਥੀਆਂ ਨੂੰ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਸਮਾਗਮ ਦੀ ਸਮਾਪਤੀ ਉਪਰੰਤ ਕਾਲਜ ਤੋਂ ਸਜਾਏ ਗਏ ਗੁਰਮਤਿ ਚੇਤਨਾ ਮਾਰਚ ਵਿਚ ਸਮੂਹ ਸਟਾਫ਼ ਤੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਇਸ ਦੌਰਾਨ ਡਾ। ਹਰਵਿੰਦਰ ਕੌਰ, ਪ੍ਰੋ. ਰਾਏਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਪ੍ਰੋ. ਬਲਦੀਪ ਸਿੰਘ, ਪ੍ਰਿੰਸ ਸਿੰਘ ਅਤੇ ਅਜੀਤ ਸਿੰਘ ਨੇ ਸ਼ਬਦ ਪੜ੍ਹੇ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਅਤੇ ਗੁਰਦੁਆਰਾ ਸਿੰਘ ਸਭਾ ਵਿਖੇ ਸੰਗਤ ਲਈ ਦੁੱਧ ਦਾ ਲੰਗਰ ਵਰਤਾਇਆ ਗਿਆ।

ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਚੇਤਨਾ ਮਾਰਚ ਦੀ ਸਮਾਪਤੀ ਮੌਕੇ ਗਿਆਨੀ ਬਲਵੀਰ ਸਿੰਘ ਚੰਗਿਆੜਾ ਨੇ ਸਮੂਹ ਕਾਲਜ ਪ੍ਰਬੰਧਕਾਂ, ਸਟਾਫ਼ ਤੇ ਵਿਦਿਆਰਥੀਆਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਇਸ ਦੌਰਾਨ ਜੇ.ਪੀ. ਸਿੰਘ, ਇੰਜ. ਪਰਵਿੰਦਰ ਸਿੰਘ, ਤਰਲੋਕ ਸਿੰਘ ਨਾਗਪਾਲ, ਬਲਵੀਰ ਸਿੰਘ ਕਹਾਰਪੁਰੀ, ਡਾ. ਕ੍ਰਿਸ਼ਨ ਬੱਧਣ, ਕੁਲਦੀਪ ਸਿੰਘ, ਬਾਬਾ ਸਤਪਾਲ ਸਿੰਘ ਅੰਮ੍ਰਿਤਸਰੀ, ਅੰਮ੍ਰਿਤਪਾਲ ਸਿੰਘ, ਨਰਿੰਦਰ ਸਿੰਘ, ਜਸਵਿੰਦਰ ਸਿੰਘ, ਤਰਲੋਕ ਸਿੰਘ ਅਰੋੜਾ, ਬੂਟਾ ਸਿੰਘ ਪੁਰੇਵਾਲ, ਕਾਲਜ ਦੇ ਵੱਖ-ਵੱਖ ਵਿਭਾਗਾਂ ਦਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਹੋਏ।

# ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਵਰਦੇ ਮੀਂਹ 'ਚ ਗਰਜੇ ਕਿਸਾਨ

**ਬਰਨਾਲਾ, (ਦਲਜੀਤ ਕੌਰ)** ਸੰਯੁਕਤ ਕਿਸਾਨ ਮੋਰਚੇ ਭਾਰਤ ਵੱਲੋਂ ਦਿੱਤੇ ਸੱਦੇ ਤੇ ਜ਼ਿਲ੍ਹਾ ਬਰਨਾਲਾ ਵੱਲੋਂ ਉਸ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲੋਂ ਡੀਸੀ ਦਫ਼ਤਰ ਬਰਨਾਲਾ ਅੱਗੇ ਧਰਨਾ ਦੇ ਕੇ ਐਸ ਡੀ ਐਮ ਗੁਰਵੀਰ ਸਿੰਘ ਕੋਹਲੀ ਨੂੰ ਹਜ਼ਾਰਾਂ ਕਿਸਾਨਾਂ ਮਜ਼ਦੂਰ ਤੇ ਔਰਤਾਂ ਵੱਲੋਂ ਵਹੀਰਾਂ ਘੱਤ ਕੇ ਮੰਗ ਪੱਤਰ ਸੌਂਪਿਆ ਗਿਆ।

ਇਸ ਮੌਕ ਬੀਕੇਯੂ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਬੀਕੇਯੂ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਕਿਸਾਨਾਂ, ਖੇਤ/ਪੇਂਡੂ ਮਜ਼ਦੂਰਾਂ ਅਤੇ ਦੇਸ਼ ਵਿਰੋਧੀ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕੀਤਾ ਜਾਵੇ। ਸਾਰੀਆਂ ਫਸਲਾਂ ਉੱਪਰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸੀ2+50% ਫਾਰਮੂਲੇ ਨਾਲ ਲਾਭਕਾਰੀ ਐਮ ਐਸ ਪੀ ਦੀ ਗਰੰਟੀ ਦਾ ਕਾਨੂੰਨ ਬਣਾਇਆ ਜਾਵੇ। ਲਗਾਤਾਰ ਵਧ ਰਹੇ ਖੇਤੀ ਲਾਗਤ ਖਰਚਿਆਂ ਕਾਰਨ ਅਤੇ ਫ਼ਸਲਾਂ ਦੇ ਲਾਭਕਾਰੀ ਮੁੱਲ ਨਾ ਮਿਲਣ ਕਾਰਨ 80% ਤੋਂ ਵੱਧ ਕਿਸਾਨ ਤੇ ਖੇਤ ਮਜ਼ਦੂਰ ਭਾਰੀ ਕਰਜ਼ਾ-ਜਾਲ਼ ਵਿੱਚ ਫਸ ਚੁੱਕੇ ਹਨ ਅਤੇ ਖੁਦਕੁਸ਼ੀਆਂ ਕਰਨ ਲਈ ਮਜ਼ਬੂਰ ਕੀਤੇ ਜਾ ਰਹੇ ਹਨ। ਇਸ ਕਰਜ਼ਾ-ਜਾਲ਼ ਵਿੱਚੋਂ ਕੱਢਣ ਲਈ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਹਰ ਕਿਸਮ ਦਾ ਕਰਜ਼ਾ ਖ਼ਤਮ ਕੀਤਾ ਜਾਵੇ। ਕਿਸਾਨ ਅੰਦੋਲਨ ਦੌਰਾਨ ਕਈ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਜਿਹੜੇ ਪੁਲਿਸ ਕੇਸ ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਮੜ੍ਹੇ ਗਏ ਹਨ ਉਹ ਤੁਰੰਤ ਵਾਪਸ ਲਏ ਜਾਣ। ਲੋਕ ਵਿਰੋਧੀ ਬਿਜਲੀ ਬਿੱਲ 2022 ਵਾਪਸ ਲਿਆ ਜਾਵੇ। ਫ਼ਸਲੀ ਰੋਗਾਂ, ਸੋਕਾ, ਹੜ੍ਹ, ਨਕਲੀ ਕੀਟਨਾਸ਼ਕਾਂ ਨਦੀਨਨਾਸ਼ਕਾਂ ਆਦਿ ਕਾਰਨ ਹੋਣ ਵਾਲੇ ਫ਼ਸਲੀ ਨੁਕਸਾਨ ਦੀ ਭਰਪਾਈ ਲਈ ਲਾਜ਼ਮੀ ਫ਼ਸਲ ਬੀਮਾ ਸੁਨਿਸ਼ਚਿਤ ਕੀਤਾਂ ਜਾਵੇ, ਜਿਸ ਉੱਤੇ ਹੋਣ ਵਾਲੇ ਸਾਰੇ ਖਰਚੇ ਸਰਕਾਰ ਵੱਲੋਂ ਕੀਤੇ ਜਾਣ। 60 ਸਾਲ ਤੋਂ ਉੱਪਰ ਉਮਰ ਦੇ ਸਾਰੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਸਮੇਤ ਔਰਤਾਂ ਲਈ 10000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੀ ਵਿਵਸਥਾ ਕੀਤੀ ਜਾਵੇ। ਯੂ ਪੀ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਦੇ ਤਿਕੋਨੀਆ ਕਸਬੇ ਵਿੱਚ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਦੇ ਕਤਲਾਂ ਦੀ ਸਾਜ਼ਸ਼ ਦੇ ਕੇਸ ਵਿੱਚ ਨਾਮਜ਼ਦ ਦੋਸ਼ੀ ਉਸ ਮੌਕੇ ਦੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਣੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾਵੇ। ਲਖੀਮਪੁਰ ਖੀਰੀ ਕਤਲਕਾਂਡ ਵਿਚ ਨਜ਼ਰਬੰਦ ਕੀਤੇ ਗਏ ਨਿਰਦੋਸ਼ ਕਿਸਾਨਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਉਨ੍ਹਾਂ ਸਿਰ ਮੜ੍ਹੇ ਕੇਸ ਰੱਦ ਕੀਤੇ ਜਾਣ। ਸ਼ਹੀਦ ਕਿਸਾਨਾਂ ਦੇ ਵਾਰਸਾਂ ਨੂੰ ਢੁੱਕਵਾਂ ਮੁਆਵਜ਼ਾ ਦੇਣ ਦਾ ਸਰਕਾਰੀ ਵਾਅਦਾ ਤੁਰੰਤ ਪੂਰਾ ਕੀਤਾ ਜਾਵੇ। ਇਸ ਤੋਂ ਇਲਾਵਾ ਮੌਜੂਦਾ ਸਮੇਂ ਦੀਆਂ ਭਖੀਆਂ ਹੋਈਆਂ ਫੌਰੀ ਮੰਗਾਂ ਵੀ ਤੁਰੰਤ ਪੂਰੀਆਂ ਕੀਤੀਆਂ ਜਾਣ। ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਲਗਾਤਾਰ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨਾਲ਼ ਫੌਰੀ ਗੱਲਬਾਤ ਰਾਹੀਂ ਮਸਲੇ ਹੱਲ ਕਰਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਈ ਜਾਵੇ। ਦਿੱਲੀ ਵੱਲ ਸ਼ਾਂਤਮਈ ਮਾਰਚ ਕਰਨ ਵਾਲੇ ਕਿਸਾਨਾਂ ਉੱਤੇ ਪੁਲਿਸ ਜਬਰ ਦਾ ਸਿਲਸਿਲਾ ਬੰਦ ਕੀਤਾ ਜਾਵੇ। ਗ੍ਰੇਟਰ ਨੋਇਡਾ (ਯੂ ਪੀ) ਦੀ ਲਕਸਰ ਜੇਲ੍ਹ ਵਿੱਚ ਨਜ਼ਰਬੰਦ ਸਾਰੇ ਸੰਘਰਸ਼ਸ਼ੀਲ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਦੇਸ਼ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨਾਲ਼ ਤੁਰੰਤ ਗੱਲਬਾਤ ਰਾਹੀਂ ਉਕਤ ਮੰਗਾਂ ਦੇ ਤਸੱਲੀਬਖ਼ਸ਼ ਨਿਪਟਾਰੇ ਕੀਤੇ ਜਾਣ। ਅੰਨ੍ਹੇਵਾਹ ਪੁਲਿਸ ਜਬਰ ਰਾਹੀਂ ਜ਼ਮੀਨਾਂ ਗ੍ਰਹਿਣ ਕਰਨ ਦਾ ਜਾਬਰ ਸਿਲਸਿਲਾ ਬੰਦ ਕਰਕੇ ਜ਼ਮੀਨ ਗ੍ਰਹਿਣ ਕਾਨੂੰਨ 2013 ਅਤੇ ਐਫ ਆਰ ਏ ਲਾਗੂ ਕੀਤਾ ਜਾਵੇ। ਦੇਸ਼ ਦੇ ਕਿਸਾਨ ਤੇ ਖੇਤ ਮਜ਼ਦੂਰਾਂ ਦੇ ਸਬਰ-ਸੰਤੋਖ ਦਾ ਹੋਰ ਲੰਬਾ ਸਮਾਂ ਇਮਤਿਹਾਨ ਨਾ ਲਿਆ ਜਾਵੇ। ਆਪਣੀ ਸਰਕਾਰ ਦੇ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਰੱਦ ਕਰਨ ਅਤੇ ਲਿਖਤੀ ਵਾਅਦਿਆਂ ਸਮੇਤ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਉਕਤ ਭਖਦੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ।



ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਭਖਦੀਆਂ ਮੰਗਾਂ ਤੇ ਆਪਣੇ ਵਾਅਦਿਆਂ ਤੋਂ ਅਤੇ ਕਿਸਾਨਾਂ ਮਜ਼ਦੂਰਾਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁੱਕਰਨਾ ਅਤੇ ਖੇਤੀ ਮੰਡੀਕਰਨ ਨੀਤੀ ਖਰੜੇ ਵਰਗੇ ਨਵੇਂ ਮਾਰੂ ਹਮਲੇ ਜਾਰੀ ਰਹਿੰਦੇ ਹਨ ਤਾਂ ਕਿਸਾਨਾਂ ਕੋਲ ਚੱਲ ਰਹੇ ਅੰਦੋਲਨ ਨੂੰ ਹੋਰ ਵਿਸ਼ਾਲ ਅਤੇ ਤੇਜ਼ ਕਰਨ ਮਜਬੂਰ ਹੋਵਾਂਗੇ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਉਗਰਾਹਾਂ, ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਉੱਗੋਕੇ ਡਕੌਂਦਾ, ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਛੀਨੀਵਾਲ ਰਾਜੇਵਾਲ, ਕੁਲਦੀਪ ਸਿੰਘ ਜੈ ਕਿਸਾਨ ਅੰਦੋਲਨ, ਦਰਸ਼ਨ ਸਿੰਘ ਟੂਲਪਲਾਜ਼ਾ ਵਰਕਰ ਯੂਨੀਅਨ, ਗੁਰਦੇਵ ਸਿੰਘ ਮਾਂਗੇਵਾਲ ਡਕੌਂਦਾ ਧਨੇਰ, ਜ਼ਿਲ੍ਹਾ ਪ੍ਰਧਾਨ ਜੱਗਾ ਸਿੰਘ ਬਦਰਾ ਪੰਜਾਬ ਕਿਸਾਨ ਯੂਨੀਅਨ, ਗੁਰਮੇਲ ਸ਼ਰਮਾ ਆਲ ਇੰਡੀਆ ਕਿਸਾਨ ਸਭਾ, ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਕਾਦੀਆਂ, ਜ਼ਿਲ੍ਹਾ ਪ੍ਰਧਾਨ ਪਵਿੱਤਰ ਲਾਲੀ ਕ੍ਰਾਂਤੀਕਾਰੀ, ਜ਼ਿਲ੍ਹਾ ਔਰਤ ਕਨਵੀਨਰ ਕਮਲਜੀਤ ਕੌਰ ਬਰਨਾਲਾ ਉਗਰਾਹਾਂ, ਮਨਵੀਰ ਕੌਰ ਸਰਪ੍ਰਸਤ ਲੱਖੋਵਾਲ ਆਦਿ ਆਗੂ ਹਾਜਰ ਸਨ।

# ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਉਰਦੂ ਭਾਸ਼ਾ ਦੀ ਮੁਫ਼ਤ ਸਿਖਲਾਈ 01 ਜਨਵਰੀ ਤੋਂ

**ਮਾਨਸਾ–** ਜ਼ਿਲ੍ਹਾ ਭਾਸ਼ਾ ਅਫ਼ਸਰ, ਮਾਨਸਾ ਤੇਜਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਸ਼ਾ ਵਿਭਾਗ, ਪੰਜਾਬ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ, ਮਾਨਸਾ ਵਿਖੇ 01 ਜਨਵਰੀ, 2024 ਤੋਂ ਉਰਦੂ ਭਾਸ਼ਾ ਦੀ ਸਿਖਲਾਈ ਲਈ ‘ਉਰਦੂ ਆਮੋਜ਼’ ਦਾ ਨਵਾਂ ਸੈਸ਼ਨ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਕੋਰਸ ਛੇ ਮਹੀਨੇ ਦਾ ਹੋਵੇਗਾ। ਕਲਾਸ ਦਾ ਸਮਾਂ ਸ਼ਾਮ 05.15 ਵਜੇ ਤੋਂ 06.15 ਵਜੇ ਤੱਕ ਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਉਰਦੂ ਭਾਸ਼ਾ ਸਿੱਖਣ ਦੇ ਚਾਹਵਾਨ ਉਮੀਦਵਾਰ 10 ਜਨਵਰੀ, 2024 ਤੱਕ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਤੋਂ ਫਾਰਮ ਲੈ ਕੇ ਅਪਲਾਈ ਕਰ ਸਕਦੇ ਹਨ। ਫਾਰਮ ਭਰਨ ਉਪਰੰਤ ਉਮੀਦਵਾਰ ਇੱਕ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ ਦੀ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕਟਾਂ ਦੀਆਂ ਕਾਪੀਆਂ ਨਾਲ ਜਮ੍ਹਾਂ ਕਰਵਾਕੇ ਦਾਖਲਾ ਲੈ ਸਕਦੇ ਹਨ। ਪੂਰੇ ਕੋਰਸ ਦੀ ਫੀਸ 500 ਰੁਪਏ ਹੋਵੇਗੀ। ਛੇ ਮਹੀਨੇ ਦੇ ਕੋਰਸ ਉਪਰੰਤ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪ੍ਰੀਖਿਆ ਲੈਣ ਉਪਰੰਤ ਪਾਸ ਹੋਏ ਸਿਖਿਆਰਥੀਆਂ ਨੂੰ ਇਸ ਸਿਖਲਾਈ ਦੇ ਸਰਟੀਫਿਕੇਟ ਵੀ ਦਿੱਤੇ ਜਾਣਗੇ।



# ਰਾਮ ਮੂਰਤੀ ਸਰੋਏ ਦੀ ਪੰਜਾਬ ਫੇਰੀ, ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਤੇ ਸਾਈਕਲ ਵੰਡੇ











**ਜਲੰਧਰ–** ਪਿਛਲੇ ਦਿਨੀਂ ਆਪਣੀ ਪੰਜਾਬ ਫੇਰੀ ਦੌਰਾਨ ਡਾ. ਅੰਬੇਡਕਰ ਐਜੂਕੇਸ਼ਨ ਏਡ ਸੁਸਾਇਟੀ, ਕੈਲੇਫੋਰਨੀਆ ਦੇ ਚੇਅਰਮੈਨ ਸ੍ਰੀ ਰਾਮ ਮੂਰਤੀ ਸਰੋਏ ਨੇ ਆਪਣੀ ਪੰਜਾਬ ਫੇਰੀ ਦੌਰਾਨ ਇੰਨਰਵੀਲ ਕਲੱਬ ਜਲੰਧਰ ਵੱਲੋਂ ਆਯੋਜਿਤ ਇਕ ਸਮਾਗਮ ਦੌਰਾਨ ਲੋੜਵੰਦ ਲੜਕੀਆਂ ਅਤੇ ਔਰਤਾਂ ਨੂੰ 14 ਸਾਈਕਲ ਅਤੇ ਸਿਲਾਈ ਮਸ਼ੀਨਾਂ ਦੀ ਵੰਡ ਕੀਤੀ। ਇਸ ਮੌਕੇ ’ਤੇ ਉਨ੍ਹਾਂ ਦੇ ਨਾਲ ਸ੍ਰੀਮਤੀ ਸਤਿਆਵਤੀ ਸਰੋਏ, ਡਾ. ਤਰਸੇਮ ਲਾਲ, ਲੈਕਚਰਾਰ ਸ੍ਰੀਮਤੀ ਰੇਸ਼ਮ ਕੌਰ, ਰੇਖਾ ਦੇਵੀ, ਪੂਰਨਿਮਾ, ਨੀਲਮ ਮੱਕੜ, ਰਿਤਿਕਾ, ਸਰਵਸ੍ਰੀ ਰਵੀ ਦਾਰਾ ਅਤੇ ਸਰਵਣ ਸਿੰਘ ਵੀ ਹਾਜ਼ਰ ਸਨ।




ਯਾਦ ਰਹੇ ਕਿ ਇਸ ਤੋਂ ਇਲਾਵਾ ਚੇਅਰਮੈਨ ਸ੍ਰੀ ਸਰੋਏ ਨੇ ਆਪਣੇ ਪਿੰਡ ਧਾਲੀਵਾਲ ਦੇ ਸ੍ਰੀ ਗੁਰੂ ਰਵਿਦਾਸ ਗੁਰ-ਦੁਆਰਾ ਸਾਹਿਬ ਦੇ ਵਿਕਾਸ ਕਾਰਜਾਂ ਲਈ ਪੰਜ ਲੱਖ ਰੁਪਏ ਅਤੇ ਅੰਬੇਡਕਰ ਭਵਨ ਜਲੰਧਰ ਨੂੰ 5100 ਰੁਪਏ ਦੀ ਰਾਸ਼ੀ ਦਾਨ ਵਜੋਂ ਭੇਂਟ ਕੀਤੀ। ਇਨ੍ਹਾਂ ਤਿੰਨਾਂ ਸੰਸਥਾਵਾਂ ਵੱਲੋਂ ਸ੍ਰੀ ਰਾਮ ਮੂਰਤੀ ਸਰੋਏ ਜੀ ਨੂੰ ਸਨਮਾਨਿਤ ਕੀਤਾ ਗਿਆ।

ਪਿੰਡ ਧਾਲੀਵਾਲ ਪਹੁੰਚਣ ’ਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਸਰਵਸ੍ਰੀ ਹਰੀ ਕ੍ਰਿਸ਼ਨ ਚੌਧਰੀ, ਪ੍ਰਧਾਨ ਧਰਮ ਪਾਲ ਸਰੋਏ, ਸਰਪੰਚ ਮਨਦੀਪ ਕੁਮਾਰ ਸਰੋਏ, ਕੈਸ਼ੀਅਰ ਚਮਨ ਲਾਲ ਸਰੋਏ, ਪ੍ਰੀਤਮ ਦਾਸ ਸਰੋਏ, ਪੰਚ ਮੁਕੇਸ਼ ਕੁਮਾਰ ਸਰੋਏ, ਯਸ਼ਪਾਲ ਸਰੋਏ, ਸੁਰਿੰਦਰ ਕੁਮਾਰ ਸਰੋਏ ਅਤੇ ਗੁਰੂ ਘਰ ਦੇ ਗ੍ਰੰਥੀ ਸਾਹਿਬ ਨੇ ਉਹਨਾਂ ਦਾ ਹਾਰਦਿਕ ਸਵਾਗਤ ਕੀਤਾ।

ਪਿਛਲੇ ਸਾਲ ਗੁਰੂ ਘਰ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਨਾਮ ’ਤੇ ਸਥ-ਾਪਿਤ ਕੀਤੀ ਲਾਇਬ੍ਰੇਰੀ ਦੀ ਪ੍ਰਸ਼ੰਸਾ ਕਰਦਿਆਂ ਸ੍ਰੀ ਰਾਮ ਮੂਰਤੀ ਸਰੋਏ ਨੇ ਭਰੋਸਾ ਪ੍ਰਗਟ ਕੀਤਾ ਕਿ ਪ੍ਰਬੰਧਕਾਂ ਵੱਲੋਂ ਕੀਤੇ ਗਏ ਇਸ ਉੱਦਮ ਦਾ ਵਿਦਿਆਰਥੀ ਅਤੇ ਨੌਜਵਾਨ ਭਰਪੂਰ ਫਾਇਦਾ ਉਠਾਉਣਗੇ। ਆਪਣੇ ਪਿੰਡ ਦਾ ਦੌਰਾ ਕਰਨ ਉਪਰੰਤ ਸ੍ਰੀ ਸਰੋਏ ਨੇ ਡੇਰਾ 108 ਸੰਤ ਬਾਬਾ ਕਾਹਨ ਦਾਸ, 108 ਸੰਤ ਬਾਬਾ ਮੋਤੀ ਰਾਮ, ਅਵਾਦਾਨ ਦੇ ਦਰਸ਼ਨ-ਦੀਦਾਰੇ ਵੀ ਕੀਤੇ। ਡੇਰੇ ਦੇ ਮੁੱਖ ਸੰਚਾਲਕ ਸੰਤ ਬਾਬਾ ਨਿਰਮਲ ਸਿੰਘ ਜਨਰਲ ਸਕੱਤਰ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਦੇਵਿੰਦਰ ਸਿੰਘ ਨੇ ਉਹਨਾਂ ਨੂੰ ਸਿਰੋਪਾ ਭੇਂਟ ਕਰਕੇ ਸਨਮਾਨਿਤ ਕੀਤਾ। ਸ੍ਰੀ ਸਰੋਏ ਨੇ ਸੰਤ ਬਾਬਾ ਨਿਰਮਲ ਸਿੰਘ ਜੀ ਨਾਲ ਮਹਾਂਪੁਰਖਾਂ ਦੀ ਵਿਚਾਰਧਾਰਾ ਨੂੰ ਲੋਕ ਕਲਿਆਣ ਹਿੱਤ ਇਸਤੇਮਾਲ ਕਰਨ ਅਤੇ ਗਰੀਬ ਵਿਦਿਆਰਥੀਆਂ ਦੀ ਮਦਦ ਕਰਨ ਜਿਹੇ ਢੰਗ-ਤਰੀਕਿਆਂ ਤੇ ਗੰਭੀਰ ਵਿਚਾਰਾਂ ਕੀਤੀਆਂ। ਅੰਬੇਦਕਰ ਭਵਨ, ਜਲੰਧਰ ਵਿਖੇ ਪਹੁੰਚਣ ਤੇ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ, ਵਿੱਤ ਸਕੱਤਰ ਸ੍ਰੀ ਬਲਦੇਵ ਭਾਰਦਵਾਜ, ਕੈਨੇਡਾ ਤੋਂ ਆਏ ਧੱਮਾ ਵੇਵਜ਼ ਦੇ ਫਾਊਂਡਰ ਮੈਂਬਰ ਸ੍ਰੀ ਮਹਿੰਦਰ ਸਲੂਣ ਅਤੇ ਭਵਨ ਦੇ ਕੇਅਰ ਟੇਕਰ ਸ੍ਰੀ ਨਿਰਮਲ ਬਿੰਜੀ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਸ੍ਰੀ ਰਾਮ ਮੂਰਤੀ ਸਰੋਏ ਅਤੇ ਉਹਨਾਂ ਦੇ ਨਾਲ ਆਏ ਪਿੰਡ ਧਾਲੀਵਾਲ ਦੇ ਸਰਪੰਚ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਅੰਬੇਡਕਰ ਭਵਨ ਕੰਪਲੈਕਸ ਵਿਚ ਉਸਾਰੀਆਂ ਗਈਆਂ ਇਮਾਰਤਾਂ ਦੇਖ ਕੇ ਅੰਬੇਡਕਰ ਭਵਨ ਟਰੱਸਟ ਵੱਲੋਂ ਕੀਤੇ ਗਏ ਕੰਮਾਂ ਦੀ ਪ੍ਰਸੰਸਾ ਕੀਤੀ। ਡਾ. ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਬਾਰੇ ਵਿਚਾਰ-ਚਰਚਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ 27 ਅਕਤੂਬਰ 1951 ਦੀ ਇਤਿਹਾਸਕ ਯਾਤਰਾ ਉਪਰੰਤ ਬਾਬਾ ਸਾਹਿਬ ਨਾਲ ਜੁੜੇ ਇਸ ਇਤਿਹਾਸਕ ਸਥਾਨ ਤੋਂ ਚੱਲੇ ਅੰਦੋਲਨਾਂ ਨੇ ਡਾ. ਅੰਬੇਡਕਰ ਵਿਚਾਰਧਾਰਾ ਪ੍ਰਤੀ ਪੰਜਾਬ ਵਿਚ ਲੋਕ-ਚੇਤਨਾ ਪੈਦਾ ਕਰਨ ਵਿਚ ਉੱਘਾ ਅਤੇ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

ਉਨ੍ਹਾਂ ਇਸ ਗੱਲ ’ਤੇ ਤਸੱਲੀ ਪ੍ਰਗਟ ਕੀਤੀ ਕਿ ਸੀਨੀਅਰ ਤੇ ਫਾਊਂਡਰ ਟਰੱਸਟੀਆਂ ਦੀ ਅਗਵਾਈ ਹੇਠ ਸਮੇਂ-ਸਮੇਂ ’ਤੇ ਅੰਬੇਡਕਰ ਭਵਨ ਟਰੱਸਟ ਨਾਲ ਜੁੜੇ ਸਮਰਪਿਤ ਸਾਥੀਆਂ ਦੇ ਸਹਿਯੋਗ ਨਾਲ ਪ੍ਰਭਾਵਸ਼ਾਲੀ ਇਮਾਰਤਾਂ ਦੀ ਉਸਾਰੀ ਅਤੇ ਅੰਬੇਡਕਰੀ ਵਿਚਾਰਧਾਰਾ ਦੇ ਪ੍ਰਸਾਰ ਲਈ ਕੀਤੀਆਂ ਜਾਂਦੀਆਂ ਗਤੀਵਿਧੀਆਂ ਦੁਆਰਾ ਇਤਿਹਾਸਕ ਅਤੇ ਯਾਦਗਾਰੀ ਕਾਰਜ ਕੀਤੇ ਜਾ ਰਹੇ ਹਨ। ਇਸ ਅਵਸਰ ਤੇ ਸ੍ਰੀ ਰਾਮ ਮੂਰਤੀ ਸਰੋਏ ਜੀ ਨੂੰ ਟਰੱਸਟ ਵੱਲੋਂ ਡਾ. ਅੰਬੇਡਕਰ ਸਾਹਿਬ ਦੇ 27 ਅਕਤੂਬਰ 1951 ਨੂੰ ਜਲੰਧਰ ਆਗਮਨ ਸਮੇਂ ਉਹਨਾਂ ਦੇ ਸਨਮਾਨ ਵਿਚ ਪ੍ਰਸਤੁਤ ਕੀਤੇ ਗਏ ’ਮਾਣ ਪੱਤਰ’ ਦੀ ਕਾਪੀ ਅਤੇ ਸ਼ਾਲ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ।


## “ਦੇਸ਼ ਦੁਆਬਾ”

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਡਾ. ਭੀਮ ਰਾਓ ਅੰਬੇਡਕਰ ਜੀ ਦੇ 68ਵੇਂ ਮਹਾਂ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ "ਸ਼ਰਧਾਂਜਲੀ ਸਮਾਗਮ"


















ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਔਰਤਾਂ ਅਤੇ ਬਹੁਜਨਾਂ ਦੇ ਮੁਕਤੀਦਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 68ਵੇਂ ਮਹਾਂ ਪ੍ਰੀਨਿਰਵਾਣ ਦਿਵਸ ਨੂੰ ਸ ਮਰਪਿਤ "ਸ਼ਰਧਾਂਜਲੀ ਸਮਾਗਮ" ਐਤਵਾਰ 15 ਦਸੰਬਰ 2024 ਨੂੰ ਹਰ ਸਾਲ ਦੀ ਤਰ੍ਹਾਂ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧਸੰਗਤਿ ਵਲੋਂ ਅਯੋਜਿਤ ਕੀਤਾ ਗਿਆ। ਜਿਸ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਅੱਗੇ ਫੁੱਲ ਮਾਲਾ ਅਤੇ ਮੋਮਬੱਤੀਆਂ ਰੌਸ਼ਨ ਕਰ ਕੇ ਵੱਡੀ ਗਿਣਤੀ ਵਿੱਚ ਹਾਜ਼ਰ ਸਾਧਸੰਗਤਿ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਵਲੋਂ "ਸ਼ਰਧਾ ਸੁਮਨ" ਅਰਪਨ ਕੀਤੇ ਗਏ। ਬਾਬਾ ਸਾਹਿਬ ਜੀ ਦੇ ਨਾਲ ਨਾਲ ਸਾਹਿਬ ਕਾਂਸ਼ੀ ਰਾਮ ਜੀ, ਬਾਬੂ ਮੰਗੂ ਰਾਮ ਮੂੰਗੋਵਾਲੀਆ, ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ ਨੂੰ ਵੀ ਯਾਦ ਕੀਤਾ ਗਿਆ। ਇਸ ਮੌਕੇ ਉੱਤੇ ਬਾਬਾ ਸਾਹਿਬ ਡਾ ਭੀਮ ਰਾਉ ਅੰਬੇਡਕਰ ਜੀ ਵੱਲੋਂ ਲਿਖੀ ਉਹਨਾ ਦੀ ਸਵੈਜੀਵਨੀ ਉੱਤੇ ਲਿਖੀ ਕਿਤਾਬ "ਵੀਜ਼ੇ ਦੀ ਉਡੀਕ ਵਿੱਚ" ਵੀ ਰਲੀਜ਼ ਕੀਤੀ ਗਈ।ਸ਼੍ਰੀ ਦੀਪਕ ਸਰੋਆ ਜੀ ਨੇ ਇਸ ਕਿਤਾਬ ਨੂੰ ਰਲੀਜ਼ ਕਰਦੇ ਸਮੇਂ ਦੱਸਿਆ ਕੇ ਇਸ ਕਿਤਾਬ ਦਾ ਪੰਜਾਬੀ ਅਨੁਵਾਦ ਕੈਲੀ-ਫੋਰਨੀਆ ਸਟੱਡੀ ਗਰੁੱਪ (Thus Spoke Ambedkar) ਅਤੇ ਅਸ਼ੋਕਾ ਇੰਨਫੋਟੇਨਮੈਟ ਵੱਲੋਂ ਕੀਤਾ ਗਿਆ ਹੈ । ਉਹਨਾਂ ਦੱਸਿਆ ਕੇ ਇਸ ਬਾਬਾ ਸਾਹਿਬ ਜੀ ਦੀ ਸਵੈਜੀਵਨੀ ਨੂੰ ਪਹਿਲੀ ਵਾਰ ਸੰਨ 1990 ਵਿੱਚ people educaiton soicety ਵੱਲੋਂ ਛਾਪਿਆ ਗਿਆ ਅਤੇ ਸੰਨ 1993 ਵਿੱਚ ਇਸ ਸਵੈਜੀਵਨੀ ਨੂੰ ਬਾਬਾ ਸਾਹਿਬ ਭੀਮ ਰਾਉ ਜੀ ਦੀਆਂ ਲਿਖਤਾਂ ਅਤੇ ਭਾਸ਼ਨਾਂ ਦੇ ਵੌਲੀਉਮ-12 ਵਿੱਚ ਪਹਿਲੀ ਵਾਰ ਅੰਕਿਤ ਕੀਤਾ ਗਿਆ। ਉਹਨਾਂ ਇਹ ਵੀ ਦੱਸਿਆ ਕੇ ਇਸ ਸਵੈਜੀਵਨੀ ਨੂੰ ਜਦੋਂ ਪਹਿਲੀ ਵਾਰ ਛਾਪਿਆ ਉਸ ਵਿੱਚ ਕਈ ਗਲਤੀਆਂ ਸਨ ਅਤੇ ਇਸ ਪੰਜਾਬੀ ਅਨੁਵਾਦ ਨੂੰ ਸਾਰੀਆਂ ਗਲਤੀਆਂ ਸੁਧਾਰ ਕੇ ਦੁਬਾਰਾ ਪੰਜਾਬੀ ਵਿੱਚ ਛਾਪਿਆ ਗਿਆ ਹੈ। ਪਾਠਕਾਂ ਨੂੰ ਇਸ ਕਿਤਾਬ ਨੂੰ ਪੜਨ ਤੋ ਉਪਰੰਤ ਉਹ ਹਲਾਤਾਂ ਅਤੇ ਪ੍ਰਸਥਿਤੀਆਂ ਨੂੰ ਮਹਿਸੂਸ ਕਰਨਗੇ ਜਿਹਨਾਂ ਹਲਾਤਾਂ ਅਤੇ ਪ੍ਰਸਥਿਤੀਆਂ ਨੇ ਬਾਲ ਅੰਬੇਡਕਰ ਨੂੰ ਮਹਾਨ ਅੰਬੇਡਕਰ ਬਣਾ ਦਿੱਤਾ ਅਤੇ ਕਿਵੇ ਇਹਨਾਂ ਘਟਨਾਵਾਂ ਨੇ ਬਾਲ ਅੰਬੇਡਕਰ ਨੂੰ ਮਾਨਵ ਕਲਿਆਣ ਦੇ ਰਾਹ ਤੋਰਿਆ। ਦੀਪਕ ਸਰੋਆ ਜੀ ਨੇ ਦੱਸਿਆ ਕੇ ਉਹਨਾਂ ਦੀ ਟੀਮ Thus Spoke Ambedkar ਯੂਟੀਊਬ ਚੈਨਲ ਉੱਤੇ ਬਾਬਾ ਸਾਹਿਬ ਅੰਬੇਡਕਰ ਜੀ ਦੀਆਂ ਲਿਖਤਾਂ ਪੰਜਾਬੀ ਭਾਸ਼ਾ ਵਿੱਚ ਚਰਚਾ ਕਰਦੀ ਹੈ ਅਤੇ ਹਰ ਹਫ਼ਤੇ ਦਿਨ ਸ਼ਨੀਵਾਰ ਸਿੱਧਾ ਪ੍ਰਸਾਰਣ ਕਰਦੀ ਹੈ। ਇਸ ਮੌਕੇ ਉਹਨਾਂ ਨੇ ਬਾਬਾ ਸਾਹਿਬ ਜੀ ਦੇ ਜੀਵਨ ਸੰਘਰਸ਼ ਉੱਤੇ ਵੀ ਸੰਗਤਾਂ ਨਾਲ ਸਾਂਝ ਪਾਈ। ਬੱਚਿਆਂ ਅਤੇ ਹੋਰ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਉਦੇਸ਼ਾਂ ਬਾਰੇ ਚਰਚਾ ਕੀਤੀ। ਬੁਲਾਰਿਆਂ ਵਿੱਚ ਬੇਟਾ ਹਰਨੂਰ ਸਿੰਘ, ਬੇਟਾ ਉਦੈ ਸੂਦ, ਸ਼੍ਰੀ ਕੇਵਲ ਬੋਲੀਨਾਂ (ਸਾਬਕਾ ਪ੍ਰਧਾਨ ਸੇਵਕ, ਸਮਾਜ਼ ਸੇਵੀ), ਸ਼੍ਰੀ ਮੋਹਿੰਦਰ ਸਿੰਘ ਧਾਮੀ (ਪ੍ਰਬੰਧਕ ਕਮੇਟੀ ਮੈਂਬਰ, ਸਮਾਜ਼ ਸੇਵੀ), ਸ਼੍ਰੀ ਰਾਜ ਸੂਦ (ਸਾਬਕਾ ਸਟੇਜ ਸਕੱਤਰ), ਸ਼੍ਰੀ ਜੀਵਨ ਰੱਤੂ (ਸਾਬਕਾ ਸਟੇਜ ਸਕੱਤਰ), ਸ਼੍ਰੀ ਦੀਪਕ ਸਰੋਆ (ਪ੍ਰਬੰਧਕ ਕਮੇਟੀ ਮੈਂਬਰ, ਸਟੇਜ ਸਕੱਤਰ), ਸ਼੍ਰੀ ਬਲਜੀਤ ਸਿੰਘ (ਪ੍ਰਬੰਧਕ ਕਮੇਟੀ ਮੈਂਬਰ, ਸਟੇਜ ਸਕੱਤਰ), ਸ਼੍ਰੀ ਲਹਿੰਬਰ ਸਿੰਘ, ਸ਼੍ਰੀ ਪ੍ਰੇਮ ਕੁਮਾਰ ਚੁੰਬਰ (ਅਦਾਰਾ Desh Doaba & Ambedkar Times ਦੇ ਮੁੱਖ ਸੰਪਾਦਕ) ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਹ ਪ੍ਰੋਗਰਾਮ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਵਲੋਂ Desh Doaba facebook page ਉਤੇ ਅਤੇ Gurughar Meida Team Ajay Padwagga, Pirnce Mall and Udey Sood ਵਲੋਂ ਇਹ ਸਾਰੇ ਪ੍ਰੋਗਰਾਮ Shir Guru Raivdass Temple Sacramento facebook page ਉਤੇ Live Cover ਕੀਤੇ ਗਏ।

ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)
6221 16th Street, Roi Linda, CA 95673

**- ਰਾਜ ਕੁਮਾਰ ਸੂਦ**




ਬੀਤੇ ਦਿਨੀਂ ਆਈ. ਵੀ. ਏ. ਸੀ. ਸੀ. ਦੇ ਸਾਲਾਨਾ ਸਮਾਗਮ ਦੌਰਾਨ (ਦਸੰਬਰ 6, 2024) ਸ਼੍ਰੀ ਜੀਵਨ ਰੱਤੂ ਦਾ ਸਨਮਾਨਿਤ ਕੀਤੇ ਜਾਣ ਦੀਆਂ ਕੁਝ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ। ਅਦਾਰਾ 'ਦੇਸ਼ ਦੁਆਬਾ' ਵੱਲੋਂ ਬਹੁਤ ਬਹੁਤ ਮੁਬਾਰਕਾਂ



## ਸ਼ਰਧਾਂਜਲੀ

# ਅਮਨ ਚੈਨ ਦਾ ਸਦੀਵੀ ਵਿਛੋੜਾ ਇਕ ਵੱਡਾ ਘਾਟਾ



**ਡਾ. ਜੀ. ਸੀ. ਕੌਲ**
ਐਮ. ਏ., ਪੀ. ਐਚ. ਡੀ.
91-94632-23223

ਲਹਿੰਬਰ ਸਿੰਘ ਪਾਲ ਦਾ ਸੈਕਰਾਮੈਂਟੋ, ਯੂ. ਐਸ. ਏ. ਤੋਂ ਫੋਨ ਆਇਆ, 'ਅਮਨ ਚੈਨ ਸਦੀਵੀ ਵਿਛੋੜਾ ਦੇ ਗਿਆ ਹੈ', ਸੁਣ ਕੇ ਕੁਝ ਪਲਾਂ ਲਈ ਦਿਮਾਗ ਸੁੰਨ ਜਿਹਾ ਹੋ ਗਿਆ। ਲਹਿੰਬਰ ਜੀ ਬੋਲੀ ਜਾ ਰਹੇ ਸਨ, ਪਰ ਮੇਰਾ ਧਿਆਨ ਉਖੜ ਗਿਆ, ਕੁਝ ਗੱਲਾਂ ਸਮਝ ਆਈਆਂ, ਕੁਝ ਨਹੀਂ। ਬੀਤ ਚੁੱਕੇ ਦੀਆਂ ਯਾਦਾਂ, ਅਮਨ ਚੈਨ ਨਾਲ ਬਿਤਾਏ ਸਮੇਂ ਦੇ ਕੁਝ ਯਾਦਗਾਰੀ ਪਲ ਮਨ ਦੇ ਚਿੱਤਰ-ਪਟ 'ਤੇ ਫਿਲਮ ਦੀ ਰੀਲ ਵਾਂਗ ਰੂਪਮਾਨ ਹੋ ਰਹੇ ਸਨ। 1982 ਵਿਚ ਉਹ ਅੰਬੇਡਕਰ ਮਿਸ਼ਨ ਸੁਸਾਇਟੀ ਦਾ ਮੈਂਬਰ ਬਣਿਆ ਅਤੇ ਉਸੇ ਸਾਲ ਸੁਸਾਇਟੀ ਅਤੇ ਆਰ. ਪੀ. ਆਈ. ਦੇ ਸਹਿਯੋਗ ਨਾਲ ਸਮਤਾ ਸੈਨਿਕ ਦਲ ਦੇ ਸਰਗਰਮ ਸਿਪਾਹੀ ਸ੍ਰੀ ਬਿਹਾਰੀ ਲਾਲ ਖਾਰ ਵੱਲੋਂ ਪੰਜਾਬ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀ ਗਜ਼ਟਿਡ ਛੁੱਟੀ ਦੀ ਹੱਕੀ ਮੰਗ ਮਨਵਾਉਣ ਲਈ 4 ਅਪ੍ਰੈਲ ਨੂੰ ਜਲੰਧਰ ਦੇ ਅੰਬੇਡਕਰ ਚੌਂਕ ਵਿਖੇ ਮਰਨ ਵਰਤ ਆਰੰਭ ਕੀਤਾ ਗਿਆ। ਇਹ ਮਰਨ ਵਰਤ 9 ਦਿਨ ਚੱਲਿਆ ਅਤੇ ਜਲੰਧਰ ਸ਼ਹਿਰ ਵਿਚ ਲਗਾਤਾਰ 9 ਦਿਨ ਹੀ ਭਾਰੀ ਗਿਣਤੀ ਵਿਚ ਸ਼ਾਮਲ ਹੋ ਕੇ ਦਲਿਤਾਂ ਵੱਲੋਂ ਰੋਜ਼ ਮੁਜ਼ਾਹਰੇ ਕੀਤੇ ਗਏ। ਸ਼ਹਿਰ ਦੇ ਦਲਿਤ ਬਹੁਗਿਣਤੀ ਖੇਤਰਾਂ ਅਤੇ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਇਨ੍ਹਾਂ ਰੋਸ ਮੁਜ਼ਾਹਰਿਆਂ ਵਿਚ ਸ਼ਾਮਲ ਹੋਣ ਲਈ ਲਗਾਤਾਰ ਪ੍ਰੇਰਿਤ ਕਰਨ ਵਾਲੀ ਸਾਂਝੀ ਐਕਸ਼ਨ ਕਮੇਟੀ ਵਿਚ ਅਮਨ ਚੈਨ ਵੀ ਸ਼ਾਮਲ ਸਨ। ਅੰਬੇਡਕਰ ਭਵਨ ਵੱਲੋਂ ਕੀਤੇ ਇਨ੍ਹਾਂ ਯਤਨਾਂ ਸਦਕਾ 12 ਅਪ੍ਰੈਲ 1982 ਨੂੰ ਪੰਜਾਬ ਸਰਕਾਰ ਵੱਲੋਂ 14 ਅਪ੍ਰੈਲ ਦੀ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਗਿਆ।

ਜਲੰਧਰ ਦੇ ਮੁਹੱਲਾ ਚੁਗਿੱਟੀ ਵਿਖੇ ਦਲਿਤਾਂ ਦੀ ਸ਼ਮਸ਼ਾਨ ਭੂਮੀ 'ਤੇ ਸਥਾਨਕ ਜ਼ਿਮੀਦਾਰਾਂ ਵੱਲੋਂ ਧੱਕੇਸ਼ਾਹੀ ਨਾਲ ਕੀਤੇ ਜਾ ਰਹੇ ਕਬਜ਼ੇ ਦੇ ਮਸਲੇ ਨੂੰ ਸੁਲਝਾਉਣ ਲਈ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਅਗਵਾਈ ਹੇਠ ਕੀਤੇ ਅੰਦੋਲਨ ਵਿਚ ਵੀ ਅਮਨ ਚੈਨ ਨੇ ਸਰਗਰਮੀ ਨਾਲ ਭਾਗ ਲਿਆ। ਸੁਸਾਇਟੀ ਵੱਲੋਂ ਕੀਤੀਆਂ ਜਾਂਦੀਆਂ ਸਰਗਰਮੀਆਂ ਵਿਚ ਉਹ ਲਗਾਤਾਰ ਸਰਗਰਮ ਰਹੇ। 'ਭੀਮ ਪੱਤ੍ਰਿਕਾ' ਦੇ ਉਹ ਕੁਲਵਰਤੀ ਕਰਮਚਾਰੀ ਸਨ। ਸ੍ਰੀ ਐਲ. ਆਰ. ਬਾਲੀ ਵੱਲੋਂ ਲਿਖੀਆਂ ਪੁਸਤਕਾਂ ਦੀ ਪਰੂਫ ਰੀਡਿੰਗ, ਪ੍ਰਕਾਸ਼ਨਾ, ਡਾਕ ਰਾਹੀਂ ਦੂਰ-ਦੁਰਾਡੇ ਸ਼ਹਿਰਾਂ, ਪ੍ਰਾਂਤਾਂ ਵਿਚ ਭੇਜਣ ਅਤੇ ਭੀਮ ਪੱਤ੍ਰਿਕਾ ਦੇ ਪਾਠਕਾਂ ਨਾਲ ਖਤੋ-ਖਤਾਬਤ ਕਰਨ ਵਰਗੇ ਸਾਰੇ ਕੰਮ ਉਨ੍ਹਾਂ ਦੀ ਡਿਊਟੀ ਵਿਚ ਸ਼ਾਮਲ ਸਨ। ਅਮਨ ਚੈਨ ਜੀ ਬੇਹੱਦ ਇਮਾਨਦਾਰ, ਮਿਠਬੋਲੜੇ, ਲਗਨ ਨਾਲ ਕੰਮ ਕਰਨ ਵਾਲੇ ਸ਼ਾਂਤ-ਚਿੱਤ, ਪ੍ਰਸਿੱਧੀ ਤੋਂ ਕੋਹਾਂ ਦੂਰ, ਪੰਜਾਬੀ ਦੇ ਮੁਢਲੇ ਆਧੁਨਿਕ ਕਵੀ ਭਾਈ ਵੀਰ ਸਿੰਘ ਦੇ ਬੋਲਾਂ ਅਨੁਸਾਰ 'ਮੇਰੀ ਛੁਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ' ਭਾਵਨਾ ਵਿਚ ਯਕੀਨ ਰੱਖਣ ਵਾਲੀ ਸ਼ਖਸੀਅਤ ਦੇ ਮਾਲਕ ਸਨ। ਸੈਕਰਾਮੈਂਟੋ ਅਤੇ ਨਜ਼ਦੀਕੀ ਸ਼ਹਿਰਾਂ ਤੋਂ ਕਈ ਸਾਥੀਆਂ ਦੇ ਲਗਾਤਾਰ ਦੋ-ਤਿੰਨ ਦਿਨ ਅਫਸੋਸ ਦੇ ਫੋਨ ਆਉਂਦੇ ਰਹੇ ਕਿ ਸਾਨੂੰ ਪਤਾ ਹੀ ਨਹੀਂ ਲੱਗਾ ਕਿ ਅੰਬੇਡਕਰ ਭਵਨ, ਜਲੰਧਰ ਨਾਲ ਜੁੜਿਆ ਸਰਗਰਮ ਸਾਥੀ ਲੰਮੇ ਸਮੇਂ ਤੋਂ ਇੱਥੇ ਰਹਿੰਦਾ ਹੈ ਅਤੇ ਕਾਫੀ ਅਰਸੇ ਤੋਂ ਗੰਭੀਰ ਬਿਮਾਰੀ ਦਾ ਸਾਹਮਣਾ ਕਰ ਰਿਹੈ। ਸਾਰਿਆਂ ਨੂੰ ਅਮਨ ਚੈਨ ਜੀ ਦੇ ਸਦੀਵੀ ਵਿਛੋੜੇ ਦਾ ਦਿਲੀ ਦੁੱਖ ਸੀ ਕਿ ਅਸੀਂ ਉਨ੍ਹਾਂ ਦੀ ਤੰਦਰੁਸਤੀ ਸਮੇਂ ਅੰਬੇਦਕਰ ਮਿਸ਼ਨ ਦੇ ਸੰਦਰਭ ਵਿਚ ਉਨ੍ਹਾਂ ਦੇ ਤਜਰਬੇ ਅਤੇ ਅਗਵਾਈ ਦਾ ਫਾਇਦਾ ਨਹੀਂ ਉਠਾ ਸਕੇ। ਸੈਕਰਾਮੈਂਟੋ ਤੋਂ ਛਪਦੇ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਮਨ ਚੈਨ ਜੀ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਏਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਟੈਂਪਲ ਰਿਓਲਿੰਡਾ ਵਿਖੇ ਇਕ ਵਜੇ ਬਾਅਦ ਦੁਪਹਿਰ, ਅਮਨ ਚੈਨ ਜੀ ਦੇ ਸਸਕਾਰ ਉਪਰੰਤ, ਆਯੋਜਿਤ ਸ਼ਰਧਾਂਜਲੀ ਸਮਾਗਮ ਨੂੰ ਆਨਲਾਈਨ ਪ੍ਰਸਾਰਿਤ ਕਰਕੇ ਭਾਰਤ ਵਿਚ ਰਾਤ ਦੇ ਦੋ ਵਜੇ ਮੈਨੂੰ ਵੀ ਇਸ ਦੁੱਖ ਭਰੇ ਸਮੇਂ ਨਾਲ ਜੋੜੀ ਰੱਖਿਆ। ਅਮਨ ਚੈਨ ਜੀ ਸਦੀਵੀ ਵਿਛੋੜਾ ਦੇ ਗਏ, ਪਰਿਵਾਰ ਵਿਚ ਉਹਨਾਂ ਦੀ ਸੁਪਤਨੀ ਸ੍ਰੀਮਤੀ ਬਖਸ਼ੀਸ਼ ਕੌਰ, ਉਨ੍ਹਾਂ ਦੀ ਸੁਸ਼ੀਲ ਨੂੰਹ ਅਤੇ ਸਪੁੱਤਰ ਸਿਧਾਰਥ ਚਾਹਲ ਨੇ ਉਨ੍ਹਾਂ ਦੀ ਲਗਾਤਾਰ ਬਹੁਤ ਸੇਵਾ-ਸੰਭਾਲ ਕੀਤੀ। ਉਨ੍ਹਾਂ ਦੀਆਂ ਦੋਨੋਂ ਬੇਟੀਆਂ ਸੁਜਾਤਾ, ਸੰਦੀਪ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਦੀ ਹਰ ਸਹੂਲਤ ਦਾ ਪੂਰਾ ਧਿਆਨ ਰੱਖਿਆ, ਅਜੋਕੇ ਮਸਰੂਫੀਅਤ ਭਰੇ ਸਮੇਂ ਵਿਚ ਇਹ ਬਹੁਤ ਤਸੱਲੀ ਵਾਲੀ ਗੱਲ ਹੈ। ਅੰਬੇਡਕਰ ਮਿਸ਼ਨ ਦੇ ਸੰਦਰਭ ਵਿਚ ਅਮਨ ਚੈਨ ਜੀ ਦੀ ਸਰਗਰਮ ਕਾਰਗੁਜ਼ਾਰੀ ਦੀਆਂ ਯਾਦਾਂ ਹਮੇਸ਼ਾ ਉਸਦੇ ਸਨੇਹੀਆਂ ਦੇ ਮਨਾਂ ਦੀਆਂ ਡੂੰਘੀਆਂ ਤਹਿਆਂ ਵਿਚ ਲਿਪਟੀਆਂ ਰਹਿਣਗੀਆਂ।

15 ਦਸੰਬਰ ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਦੀ ਮੀਟਿੰਗ ਵਿਚ ਅਮਨ ਚੈਨ ਜੀ ਦੇ ਦੇਹਾਂਤ ਉਪਰ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸੁਸਾਇਟੀ ਦੇ ਅਹੁਦੇਦਾਰਾਂ ਨੇ ਆਸ ਪ੍ਰਗਟਾਈ ਕਿ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਪਦ-ਚਿੰਨ੍ਹਾਂ 'ਤੇ ਚਲਦਿਆਂ ਅੰਬੇਡਕਰ ਮਿਸ਼ਨ ਦਾ ਪ੍ਰਚਾਰ ਤੇ ਪਾਸਾਰ ਵਿਚ ਕਾਰਜਰੱਤ ਰਹੇਗਾ।

# ਅੰਬੇਦਕਰੀ ਮਿਸ਼ਨਰੀ ਸ੍ਰੀ ਅਮਨਚੈਨ ਸਿੰਘ ਚਾਹਲ ਦਾ ਦੇਹਾਂਤ

## ਪਰਿਵਾਰਕ ਅਤੇ ਸਮਾਜਿਕ ਸੁਨੇਹੀਆਂ ਵੱਲੋਂ ਭਾਵਭਿੰਨੀ ਸ਼ਰਧਾਂਜਲੀਆਂ












ਰਿਪੋਰਟ ਅਤੇ ਤਸਵੀਰਾਂ - ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'













**ਸੈਕਰਾਮੈਂਟੋ (ਪ੍ਰੇਮ ਕੁਮਾਰ ਚੁੰਬਰ)** ਚੜ੍ਹਦੇ ਪੰਜਾਬ ਦੇ ਦੁਆਬਾ, ਜ਼ਿਲ੍ਹਾ ਜਲੰਧਰ ਦੇ ਪਿੰਡ ਤੱਲਣ ਦੇ ਵਸਨੀਕ ਮਲ ਲਿੰਕਨ (ਕੈਲੇਫੋਰਨੀਆ) ਅਮਰੀਕਾ ਰਹਿ ਰਹੇ ਸ੍ਰੀ ਅਮਨਚੈਨ ਸਿੰਘ ਚਾਹਲ ਦਾ ਲੰਬਾ ਸਮਾਂ ਬਿਮਾਰ ਰਹਿਣ ਉਪਰੰਤ 9 ਦਸੰਬਰ 2024 ਨੂੰ ਦੇਹਾਂਤ ਹੋ ਗਿਆ ਅਤੇ 14 ਦਸੰਬਰ 2024 ਨੂੰ ਸੈਕਰਾਮੈਂਟੋ ਫਿਊਨਰਲ ਹੋਮ, 725 ਐਲ-ਕਮੀਨੋ ਐਵੇਨਿਊ, ਸੈਕਰਾਮੈਂਟੋ (ਕੈਲੇਫੋਰਨੀਆ)ਵਿਖੇ ਸਸਕਾਰ ਕਰ ਦਿੱਤਾ ਗਿਆ। ਇਸ ਸਮੇਂ ਬੇਹੱਦ ਦੁਖੀ ਪਰਿਵਾਰ 'ਚੋਂ ਸ੍ਰੀ ਅਮਨਚੈਨ ਸਿੰਘ ਚਾਹਲ ਦੀ ਸੁਪਤਨੀ ਸ੍ਰੀਮਤੀ ਬਖਸ਼ੀਸ਼ ਕੌਰ ਚਾਹਲ, ਸਿਧਾਰਥ ਚਾਹਲ (ਸਪੁੱਤਰ), ਬੇਟੀਆਂ ਸੰਦੀਪ ਕੌਰ ਅਤੇ ਸੁਕਾਤਾ ਕੌਰ ਆਪੋ-ਆਪਣੇ ਪਰਿਵਾਰਾਂ ਨਾਲ ਹਾਜ਼ਰ ਸਨ ਅਤੇ ਵੱਡੀ ਗਿਣਤੀ 'ਚ ਸਕੇ ਸਬੰਧੀ, ਰਿਸ਼ਤੇਦਾਰ ਅਤੇ ਭਾਈਚਾਰਕ ਸੁਨੇਹੀਆਂ ਨੇ ਬੇਹੱਦ ਦੁਖੀ ਸਮੇਂ ਹਾਜ਼ਰ ਹੋ ਕੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਛੜੀ ਰੂਹ ਦੇ ਅੰਤਿਮ ਦਰਸ਼ਨ ਅਤੇ ਅੰਤਿਮ ਨਮਨ ਕੀਤਾ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਭਾਈ ਸਾਹਿਬ ਭਾਈ ਜੀਵਨ ਸਿੰਘ ਗਰਚਾ ਜੀ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਅਤੇ ਸ੍ਰੀ ਅਮਨਚੈਨ ਸਿੰਘ ਚਾਹਲ ਨੂੰ ਅਗਨ ਭੇਂਟ ਸਮੇਂ ਸੋਹਿਲਾ ਸਾਹਿਬ ਬਾਣੀ ਦੇ ਜਾਪ ਕੀਤੇ।

ਇਸ ਦੁਖਦਾਈ ਸਮੇਂ ਸਦੀਵੀ ਵਿਛੋੜਾ ਦੇ ਚੁੱਕੇ ਸ੍ਰੀ ਅਮਨਚੈਨ ਸਿੰਘ ਚਾਹਲ ਦੇ ਪਰਿਵਾਰਕ ਮੈਂਬਰਾਂ ਅਤੇ ਭਾਈਚਾਰਕ/ਸਮਾਜਿਕ ਸਾਂਝ ਵਾਲੇ ਸੁਨੇਹੀਆਂ ਵੱਲੋਂ ਬੜੇ ਦੁਖੀ ਹਿਰਦੇ ਨਾਲ ਸ਼ਰਧਾਂਜਲੀ ਦਿੱਤੀ ਗਈ, ਜਿਨ੍ਹਾਂ 'ਚ ਸ੍ਰੀਮਤੀ ਵਰਖਾ ਚਾਹਲ ਤੋਂ ਇਲਾਵਾ ਸਰਵਸ੍ਰੀ ਨਰੇਸ਼ ਕੁਮਾਰ, ਸਾਹਿਲ ਕੁਮਾਰ, ਦੀਪਕ ਸਰੋਇਆ, ਪ੍ਰਮਜੀਤ ਭੁੱਟਾ, ਵਿਨੋਦ ਕੁਮਾਰ ਚੁੰਬਰ, ਪ੍ਰੇਮ ਕੁਮਾਰ ਚੁੰਬਰ, ਸੁਖਵੀਰ ਹੀਰ ਆਦਿ ਦੇ ਨਾਂ ਵਰਣਨਯੋਗ ਹਨ ਅਤੇ ਸ੍ਰੀ ਰਾਜ ਸੂਦ ਨੇ ਸਟੇਜ ਸੰਭਾਲਦਿਆਂ ਸਮੂਹ ਚਾਹਲ ਪਰਿਵਾਰ ਵੱਲੋਂ ਦੁਖੀ ਸਮੇਂ ਦੁੱਖ ਸਾਂਝਾ ਕਰਨ ਲਈ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ। ਇਸ ਦੌਰਾਨ ਸਦੀਵੀ ਵਿਛੋੜਾ ਦੇ ਗਏ ਅੰਬੇਦਕਰੀ ਸਾਥੀ ਨੂੰ ਨੀਲੀ ਚਾਦਰ ਅਤੇ ਦੋ ਅੰਬੇਦਕਰੀ ਕਿਤਾਬਾਂ ਨਾਲ ਆਖਰੀ ਵਿਦਾਈ। ਜੈ ਭੀਮ, ਜੈ ਭਾਰਤ। ਇਸ ਉਪਰੰਤ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਆਲਾਹਣੀਆ ਅਤੇ ਰਾਮ ਕਲੀ ਸਦ ਦੇ ਜਾਪ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਜੀਵਨ ਸਿੰਘ ਜੀ ਨੇ ਕੀਰਤਨ ਕੀਤਾ ਅਤੇ ਅੰਤਿਮ ਅਰਦਾਸ ਭਾਈ ਜੀਵਨ ਸਿੰਘ ਗਰਚਾ ਨੇ ਕੀਤੀ।

ਸ੍ਰੀ ਰਾਜ ਸੂਦ ਨੇ ਇਕ ਵਾਰ ਫਿਰ ਤੋਂ ਦੁਖੀ ਚਾਹਲ ਪਰਿਵਾਰ ਦੀ ਤਰਫ਼ੋਂ ਸਭ ਦਾ ਦੁੱਖ ਦੀ ਘੜੀ ਸ਼ਾਮਲ ਹੋ ਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਧੰਨਵਾਦ ਕੀਤਾ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਦਿਲ ਦੀਆਂ ਗਹਿਰਾਈਆਂ ਤੋਂ ਦੁਖੀ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।

# ਅੰਬੇਦਕਰੀ ਮਿਸ਼ਨਰੀ ਸ੍ਰੀ ਅਮਨਚੈਨ ਸਿੰਘ ਚਾਹਲ ਦਾ ਦੇਹਾਂਤ







Pictures by Prem Kumar Chumber (Desh Doaba)







HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212

EMAIL : indiabazaar08@yahoo.com

# ਐੱਸਕੇਐੱਮ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਦੇ ਖਿਲਾਫ ਦੇਸ਼ ਭਰ 'ਚ ਵਿਰੋਧ ਪ੍ਰਦਰਸ਼ਨ






**ਨਵੀਂ ਦਿੱਲੀ/ਚੰਡੀਗੜ੍ਹ, (ਦਲਜੀਤ ਕੌਰ)** ਐੱਸਕੇਐੱਮ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਦੇ ਖਿਲਾਫ ਦੇਸ਼ ਭਰ 'ਚ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਕਿਸਾਨ ਜਥੇਬੰਦੀਆਂ ਵੱਲੋਂ ਅਤਿ ਤਾਨਾਸ਼ਾਹ ਅਤੇ ਕਾਰਪੋਰੇਟ ਪੱਖੀ ਐਨ।ਡੀ।ਏ।3 ਸਰਕਾਰ ਵਿਰੁੱਧ ਕਿਸਾਨਾਂ ਦਾ ਗੁੱਸਾ ਦੇਸ਼ ਭਰ ਵਿੱਚ ਜ਼ਿਲ੍ਹਿਆਂ ਵਿੱਚ ਕੀਤੇ ਜਾ ਰਹੇ ਰੋਸ ਮੁਜ਼ਾਹਰਿਆਂ ਵਿੱਚ ਤਿੱਖੇ ਰੂਪ ਵਿਚ ਪ੍ਰਗਟ ਕੀਤਾ ਗਿਆ। ਇਨ੍ਹਾਂ ਰੋਸ ਪ੍ਰਦਰਸ਼ਨਾਂ ਦੌਰਾਨ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦਰੋਪਦੀ ਮੁਰਮੂ ਦੇ ਦਖਲ ਦੀ ਮੰਗ ਕਰਦਿਆਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸਮੂਹ ਕਿਸਾਨ ਜਥੇਬੰਦੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਪਿਛਲੇ 28 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਦੀ ਮੰਗ ਕੀਤੀ ਗਈ। ਕਿਸਾਨਾਂ ਨੇ ਸਖ਼ਤ ਚੇਤਾਵਨੀ ਦਿੱਤੀ ਕਿ ਜੇਕਰ ਕਿਸਾਨ ਆਗੂ ਦੀ ਜਾਨ ਬਚਾਉਣ ਵਿੱਚ ਕੋਈ ਅਣਗਹਿਲੀ ਹੁੰਦੀ ਹੈ ਤਾਂ ਇਸ ਦੀ ਸਾਰੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਹੋਵੇਗੀ।

ਹੁਣ ਤੱਕ ਪ੍ਰਾਪਤ ਰਿਪੋਰਟਾਂ ਦੇ ਅਨੁਸਾਰ, ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਗਏ ਹਨ ਅਤੇ ਸੰਵਿਧਾਨ ਦੁਆਰਾ ਨਿਰਧਾਰਤ ਸ਼ਾਸਨ ਦੇ ਲੋਕਤੰਤਰੀ ਸਿਧਾਂਤਾਂ ਦੀ ਪਾਲਣਾ ਨਾ ਕਰਨ ਲਈ, ਐਨਡੀਏ 3 ਸਰਕਾਰ ਦੇ ਅਸੰਵੇਦਨਸ਼ੀਲ ਅਤੇ ਹੰਕਾਰੀ ਰਵੱਈਏ ਵਿਰੁੱਧ ਸਖ਼ਤ ਭਾਵਨਾ ਅਤੇ ਗੁੱਸਾ ਹੈ। ਭਾਰਤ ਅੰਦੋਲਨਕਾਰੀ ਕਿਸਾਨ ਸੰਗਠਨਾਂ ਨਾਲ ਗੱਲਬਾਤ ਕਰਨ ਦੀ ਬਜਾਏ ਜਨਤਕ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਵਹਿਸ਼ੀ ਫੋਰਸ ਦਾ ਸਹਾਰਾ ਲਿਆ ਗਿਆ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਦਰਪੇਸ਼ ਗੰਭੀਰ ਸੰਕਟ 'ਤੇ ਚਰਚਾ ਕਰਨ ਦੀ ਬਜਾਏ, ਐਨਡੀਏ-3 ਸਰਕਾਰ ਨਵੀਂ ਰਾਸ਼ਟਰੀ ਖੇਤੀ ਮੰਡੀ ਨੀਤੀ ਅਤੇ ਡਿਜੀਟਲ ਖੇਤੀਬਾੜੀ ਮਿਸ਼ਨ, ਰਾਸ਼ਟਰੀ ਸਹਿਕਾਰਤਾ ਨੀਤੀ, ਚਾਰ ਲੇਬਰ ਕੋਡ ਅਤੇ ਇਕ ਰਾਸ਼ਟਰ ਲਾਗੂ ਕਰਕੇ ਖੇਤੀਬਾੜੀ, ਉਦਯੋਗ ਅਤੇ ਸੇਵਾਵਾਂ 'ਤੇ ਹੋਰ ਹਮਲੇ ਕਰ ਰਹੀ ਹੈ। ਇੱਕ ਚੋਣ ਜੋ ਰਾਜ ਸਰਕਾਰਾਂ ਦੇ ਸੰਘੀ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ ਕਾਰਪੋਰੇਟ ਮੁਨਾਫਾਖੋਰੀ ਲਈ 'ਇਕ ਰਾਸ਼ਟਰ ਇਕ ਬਾਜ਼ਾਰ' ਦਾ ਕਾਰਪੋਰੇਟ ਏਜੰਡਾ। ਐਨਡੀਏ-3 ਸਰਕਾਰ ਦੀ ਖੇਤੀ, ਉਦਯੋਗ ਅਤੇ ਸੇਵਾਵਾਂ ਦੇ ਨਿਗਮੀਕਰਨ ਦੀ ਨੀਤੀ ਅਤੇ ਭਾਰਤ ਦੇ ਸੰਵਿਧਾਨ ਦੇ ਸੰਘੀ ਢਾਂਚੇ 'ਤੇ ਹਮਲੇ ਨੂੰ ਪਿੱਛੇ ਧੱਕਣ ਲਈ 2020-21 ਦੇ ਸੰਘਰਸ਼ਾਂ ਨਾਲੋਂ ਵੱਡੇ ਅਤੇ ਵਿਸ਼ਾਲ ਦੇਸ਼ ਵਿਆਪੀ ਸੰਘਰਸ਼ ਜ਼ਰੂਰੀ ਹਨ।

ਅੱਜ ਦਾ ਰੋਸ ਪ੍ਰਦਰਸ਼ਨ ਕਿਸਾਨ ਲਹਿਰ ਅਤੇ ਮਜ਼ਦੂਰ-ਕਿਸਾਨ ਏਕਤਾ ਦੀ ਵਿਸ਼ਾਲ ਏਕਤਾ ਦਾ ਸੂਚਕ ਹੈ ਜੋ ਕਿ ਕਿਸਾਨਾਂ-ਮਜ਼ਦੂਰਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਅਤੇ ਘੱਟੋ-ਘੱਟ ਉਜਰਤ ਤੋਂ ਇਨਕਾਰ ਕਰਨ ਦੇ ਕਾਰਪੋਰੇਟ ਏਜੰਡੇ ਦਾ ਟਾਕਰਾ ਕਰਨ ਅਤੇ ਬੁਨਿਆਦੀ ਮੰਗਾਂ ਦੀ ਪ੍ਰਾਪਤੀ ਲਈ ਵੱਡੇ ਸੰਘਰਸ਼ਾਂ ਲਈ ਤਿਆਰ ਕਰਨ ਲਈ ਜ਼ਰੂਰੀ ਹੈ। ਕਿਸਾਨਾਂ ਨੂੰ ਐਮ.ਐਸ.ਪੀ., ਕਰਜ਼ਾ ਮੁਆਫ਼ੀ, ਬਿਜਲੀ ਦਾ ਨਿੱਜੀਕਰਨ ਨਾ ਕਰਨਾ ਅਤੇ ਐੱਲ.ਏ.ਆਰ.ਆਰ. ਐਕਟ 2013 ਨੂੰ ਲਾਗੂ ਕਰਨਾ ਆਦਿ ਸ਼ਾਮਲ ਹਨ।

ਐੱਸਕੇਐੱਮ ਵੱਲੋਂ ਉਹਨਾਂ ਸਾਰੇ ਕਿਸਾਨਾਂ ਦਾ ਸ਼ੁਕਰੀਆ ਅਦਾ ਕੀਤਾ ਗਿਆ ਜੋਜੋ ਅੱਜ ਪੂਰੇ ਭਾਰਤ ਵਿੱਚ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸਨ।

# ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਅਤੇ ਕੌਮੀ ਖੇਤੀ ਮੰਡੀਕਰਨ ਨੀਤੀ ਦੇ ਖਿਲਾਫ ਐੱਸਕੇਐੱਮ ਵੱਲੋਂ ਪੰਜਾਬ ਭਰ 'ਚ ਧਰਨੇ

**ਚੰਡੀਗੜ੍ਹ (ਦਲਜੀਤ ਕੌਰ)** ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਤੇ ਅੱਜ ਸਾਰੇ ਭਾਰਤ ਦੇ 500 ਤੋਂ ਵੱਧ ਜ਼ਿਲ੍ਹਿਆਂ ਵਿੱਚ ਕਿਸਾਨਾਂ ਵੱਲੋਂ ਡਿਪਟੀ ਕਮਿਸ਼ਨਰਾਂ ਰਾਹੀਂ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਦਿੱਤੇ ਗਏ। ਇਸੇ ਕੜੀ ਤਹਿਤ ਅੱਜ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਿਲ ਜਥੇਬੰਦੀਆਂ ਨੇ ਡੀਸੀ ਦਫਤਰਾਂ ਤੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ। ਭਾਵੇਂ ਕਿ ਪੰਜਾਬ ਵਿੱਚ ਮੌਸਮ ਖਰਾਬ ਸੀ ਇਸ ਦੇ ਬਾਵਜੂਦ ਵਰ੍ਹਦੇ ਮੀਂਹ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ ਜ਼ਿਲਾ ਹੈਡ ਕੁਆਰਟਰਾਂ ਤੇ ਇਕੱਠੇ ਹੋਏ, ਆਪਣੀਆਂ ਮੰਗਾਂ ਨੂੰ ਦੁਹਰਾਇਆ ਅਤੇ ਮੰਗ ਪੱਤਰ ਪੇਸ਼ ਕੀਤੇ ਗਏ।

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਹੈਡ ਕੁਆਰਟਰ ਤੇ ਪਹੁੰਚੀਆਂ ਖਬਰਾਂ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਦਾ ਸੱਦਾ ਪੰਜਾਬ ਵਿੱਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ਸਾਰੇ ਜ਼ਿਲ੍ਹਿਆਂ ਵਿੱਚ ਕਿਸਾਨਾਂ ਨੇ ਇਕੱਠੇ ਹੋ ਕੇ ਕੇਂਦਰ ਸਰਕਾਰ ਨੂੰ ਸੁਣਵਾਈ ਕੀਤੀ ਹੈ ਕਿ ਉਹ ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ ਪੂਰੀਆਂ ਕਰੇ ਅਤੇ ਮੰਗ ਪੱਤਰ ਵਿੱਚ ਦਿੱਤੀਆਂ ਗਈਆਂ ਮੰਗਾਂ ਤੇ ਗੌਰ ਕਰੇ।

ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਭੇਜੀ ਗਈ ਨਵੀਂ ਖੇਤੀ ਮੰਡੀਕਰਨ ਨੀਤੀ ਦੇ ਫਰੇਮਵਰਕ ਨੂੰ ਕਿਸੇ ਹਾਲਤ ਵਿੱਚ ਵੀ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਅਸੀਂ ਦਿੱਲੀ ਦੇ ਬਾਰਡਰਾਂ ਤੇ 13 ਮਹੀਨੇ ਸੰਘਰਸ਼



ਕਰਕੇ ਜੋ ਕਾਲੇ ਖੇਤੀ ਕਾਨੂੰਨ ਰੱਦ ਕਰਵਾਏ ਸਨ, ਕੇਂਦਰ ਸਰਕਾਰ ਉਹਨਾਂ ਹੀ ਕਾਨੂੰਨਾਂ ਨੂੰ ਸੂਬਿਆਂ ਰਾਹੀਂ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰ ਸਰਕਾਰ ਦੀ ਇਸ ਸਾਜਿਸ਼ ਦੇ ਖਿਲਾਫ ਆਉਣ ਵਾਲੇ ਸਮੇਂ ਵਿੱਚ ਸੰਯੁਕਤ ਕਿਸਾਨ ਮੋਰਚਾ ਭਾਰਤ ਪੱਧਰ ਤੇ ਤਕੜਾ ਸੰਘਰਸ਼ ਸ਼ੁਰੂ ਕਰੇਗਾ।

ਕਿਸਾਨ ਆਗੂਆਂ ਨੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਸੰਘਰਸ਼ ਲੜ ਰਹੇ ਕਿਸਾਨਾਂ ਨਾਲ ਇੱਕਮੁੱਠਤਾ ਜ਼ਾਹਿਰ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦੀ ਛੇ ਮੈਂਬਰੀ ਏਕਤਾ ਕਮੇਟੀ ਵੱਲੋਂ ਜੋ ਗੱਲਬਾਤ ਕਿਸਾਨ ਮਜ਼ਦੂਰ ਮੋਰਚਾ ਅਤੇ ਐੱਸਕੇਐੱਮ (ਗੈਰ ਰਾਜਨੀਤਿਕ) ਨਾਲ ਕੀਤੀ ਗਈ ਹੈ, ਉਸ ਅਨੁਸਾਰ ਏਕਤਾ ਦੀ ਗੱਲਬਾਤ ਹੋਰ ਅੱਗੇ ਵਧਣ ਦੀਆਂ ਸੰਭਾਵਨਾਵਾਂ ਹਨ। ਕਿਸਾਨਾਂ ਨੇ ਆਪਣੇ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਕੇਂਦਰ ਸਰਕਾਰ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਤੁਰੰਤ ਗੱਲਬਾਤ ਸ਼ੁਰੂ ਕਰੇ, ਸੰਘਰਸ਼ ਕਰ ਰਹੇ ਕਿਸਾਨਾਂ ਤੇ ਜ਼ਬਰ ਬੰਦ ਕਰੇ, ਕੌਮੀ ਖੇਤੀ ਮੰਡੀਕਰਨ ਨੀਤੀ ਰੱਦ ਕਰੇ, ਨੋਇਡਾ ਅਤੇ ਗ੍ਰੇਟਰ ਨੋਇਡਾ ਦੇ ਕਿਸਾਨਾਂ ਨੂੰ ਲਕਸ਼ਰ ਜੇਲ੍ਹ ਵਿੱਚੋਂ ਰਿਹਾਅ ਕਰਕੇ ਉਹਨਾਂ ਦੀਆਂ ਹੱਕੀ ਮੰਗਾਂ ਮੰਨੇ ਅਤੇ ਦਿੱਲੀ ਘੋਲ ਵੇਲੇ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਕਰੇ। ਵੱਖ-ਵੱਖ ਥਾਵਾਂ ਤੇ ਇਹਨਾਂ ਰੋਸ ਧਰਨਿਆਂ ਨੂੰ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਿਲ ਸਾਰੀਆਂ ਜਥੇਬੰਦੀਆਂ ਦੇ ਸੂਬਾਈ ਅਤੇ ਜ਼ਿਲਿਆਂ ਦੇ ਆਗੂਆਂ ਨੇ ਸੰਬੋਧਨ ਕੀਤਾ, ਜਿਨ੍ਹਾਂ ਵਿੱਚ ਜੋਗਿੰਦਰ ਸਿੰਘ ਉਗਰਾਹਾਂ, ਡਾਕਟਰ ਦਰਸ਼ਨ ਪਾਲ, ਬਲਵੀਰ ਸਿੰਘ ਰਾਜੇਵਾਲ, ਮਨਜੀਤ ਸਿੰਘ ਧਨੇਰ, ਡਾ: ਸਤਨਾਮ ਸਿੰਘ ਅਜਨਾਲਾ, ਹਰਿੰਦਰ ਸਿੰਘ ਲੱਖੋਵਾਲ, ਜੰਗਵੀਰ ਸਿੰਘ ਚੌਹਾਨ, ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਬੁਰਜ ਗਿੱਲ, ਨਿਰਭੈ ਸਿੰਘ ਢੁੱਡੀਕੇ, ਹਰਮੀਤ ਸਿੰਘ ਕਾਦੀਆਂ, ਫੁਰਮਾਨ ਸਿੰਘ ਸੰਧੂ, ਪ੍ਰੇਮ ਸਿੰਘ ਭੰਗੂ, ਮਲੂਕ ਸਿੰਘ ਹੀਰਕੇ, ਬਲਕਰਨ ਸਿੰਘ ਬਰਾੜ, ਨਛੱਤਰ ਸਿੰਘ ਜੈਤੋ, ਬਲਵਿੰਦਰ ਸਿੰਘ ਰਾਜੂ, ਸੁੱਖ ਗਿੱਲ ਮੋਗਾ,ਬੋਘ ਸਿੰਘ ਮਾਨਸਾ, ਸੁਖਦੇਵ ਸਿੰਘ ਅਰਾਈਆਂ ਵਾਲਾ, ਬੂਟਾ ਸਿੰਘ ਸ਼ਾਦੀਪੁਰ, ਕੁਲਦੀਪ ਸਿੰਘ ਬਜੀਦਪੁਰ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਬਿੰਦਰ ਸਿੰਘ ਗੋਲੇ ਵਾਲਾ, ਹਰਬੰਸ ਸਿੰਘ ਸੰਘਾ, ਹਰਦੇਵ ਸਿੰਘ ਸੰਧੂ, ਹਰਜਿੰਦਰ ਸਿੰਘ ਟਾਂਡਾ, ਵੀਰ ਸਿੰਘ ਵੜਬਾ ਅਤੇ ਮੇਜਰ ਸਿੰਘ ਪੁੰਨਾਂਵਾਲ ਸ਼ਾਮਿਲ ਹਨ।

# ਸੰਗਰੂਰ 'ਚ ਮਰਨ ਵਰਤ-ਹੱਡ ਚੀਰਵੀ ਠੰਢ ਅਤੇ ਵਰਦੇ ਮੀਂਹ 'ਚ ਡਟੇ ਰਹੇ ਕੰਪਿਊਟਰ ਅਧਿਆਪਕ

**ਸੰਗਰੂਰ, (ਦਲਜੀਤ ਕੌਰ)** ਪੰਜਾਬ ਦੇ ਕੰਪਿਊਟਰ ਅਧਿਆਪਕਾਂ ਦਾ ਸੰਘਰਸ਼ ਹੁਣ ਅਹਿਮ ਮੋੜ ’ਤੇ ਹੈ। ਸੰਗਰੂਰ ਵਿੱਚ ਡੀਸੀ ਦਫ਼ਤਰ ਅੱਗੇ 116 ਦਿਨਾਂ ਤੋਂ ਚੱਲ ਰਹੀ ਭੁੱਖ ਹੜਤਾਲ ਦੇ ਨਾਲ-ਨਾਲ ਕੰਪਿਊਟਰ ਅਧਿਆਪਕ ਆਗੂ ਜੌਨੀ ਸਿੰਗਲਾ ਵੱਲੋਂ ਸੰਗਰੂਰ ਵਿੱਚ ਸ਼ੁਰੂ ਕੀਤੇ ਮਰਨ ਵਰਤ ਦਾ ਅੱਜ ਦੂਜਾ ਦਿਨ ਸੀ। ਸਵੇਰ ਤੋਂ ਲਗਾਤਾਰ ਪੈ ਰਹੀ ਬਾਰਿਸ਼ ਅਤੇ ਕੜਾਕੇ ਦੀ ਠੰਢ ਦੇ ਬਾਵਜੂਦ ਅਧਿਆਪਕ ਧਰਨੇ ਵਾਲੀ ਥਾਂ ’ਤੇ ਡਟੇ ਹੋਏ ਹਨ। ਪੰਜਾਬ ਭਰ ਤੋਂ ਅਧਿਆਪਕਾਂ ਦਾ ਸਮਰਥਨ ਮਿਲ ਰਿਹਾ ਹੈ ਅਤੇ ਆਮ ਲੋਕ ਵੀ ਇਸ ਅੰਦੋਲਨ ਵਿੱਚ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਗ੍ਰਹਿ ਸ਼ਹਿਰ ਵਿੱਚ ਹੋ ਰਹੇ ਇਸ ਅੰਦੋਲਨ ਨੇ ਪ੍ਰਸ਼ਾਸਨ ਦੀ ਅਸੰਵੇਦਨਸ਼ੀਲਤਾ ਨੂੰ ਜੱਗ ਜਾਹਿਰ ਕੀਤਾ ਕਰ ਦਿੱਤਾ ਹੈ। ਕੰਪਿਊਟਰ ਅਧਿਆਪਕ ਮੀਂਹ ਅਤੇ ਕੜਕਦੀ ਠੰਢ ਵਿੱਚ ਭਿੱਜਣ ਦੇ ਬਾਵਜੂਦ ਆਪਣੀਆਂ ਮੰਗਾਂ ਲਈ ਡਟੇ ਹੋਏ ਹਨ। ਇਸ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਕੋਈ ਠੋਸ ਜਵਾਬ ਨਹੀਂ ਆਇਆ। ਮੀਂਹ ਨਾਲ ਗਿੱਲੀ ਜ਼ਮੀਨ ’ਤੇ ਬੈਠੇ ਭੁੱਖ ਹੜਤਾਲੀ ਆਪਣੇ ਇਰਾਦੇ ’ਤੇ ਕਾਇਮ ਹਨ। ਉਨ੍ਹਾਂ ਸਪੱਸ਼ਟ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਹ ਇੱਥੋਂ ਹਟਣ ਵਾਲੇ ਨਹੀਂ ਹਨ। ਅੱਜ ਸਵੇਰ ਤੋਂ ਪੈ ਰਹੀ ਤੇਜ਼ ਬਾਰਿਸ਼ ਅਤੇ ਕੜਾਕੇ ਦੀ ਠੰਡ ਨੇ ਅੰਦੋਲਨਕਾਰੀਆਂ ਲਈ ਸਥਿਤੀ ਹੋਰ ਵੀ ਔਖੀ ਬਣਾ ਦਿੱਤੀ ਹੈ। ਧਰਨੇ ਵਾਲੀ ਥਾਂ ’ਤੇ ਅਧਿਆਪਕ ਬਾਂਸ ਤੇ ਤਰਪਾਲਾਂ ਹੇਠ ਠੰਢ ਤੇ ਪਾਣੀ ਨਾਲ ਲੜਦੇ ਦੇਖੇ ਗਏ। ਇਸ ਦੇ ਬਾਵਜੂਦ ਉਸ ਦੇ ਹੌਸਲੇ ਘੱਟ ਨਹੀਂ ਹੋਏ। ਕਈ ਅਧਿਆਪਕ ਭਿੱਜਣ ਅਤੇ ਠੰਢ ਹੋਣ ਦੇ ਬਾਵਜੂਦ ਸੰਘਰਸ਼ ਵਾਲੀ ਥਾਂ ਤੋਂ ਹਟਣ ਲਈ ਤਿਆਰ ਨਹੀਂ ਹਨ। ਇੱਕ ਅਧਿਆਪਕ ਨੇ ਕਿਹਾ, “ਇਹ ਸਾਡੇ ਹੱਕਾਂ ਦੀ ਲੜਾਈ ਹੈ, ਭਾਵੇਂ ਮੀਂਹ ਹੋਵੇ ਜਾਂ ਠੰਢ, ਅਸੀਂ ਹਾਰ ਨਹੀਂ ਮੰਨਾਂਗੇ।”

**ਲੋਕਾਂ ਅਤੇ ਜਥੇਬੰਦੀਆਂ ਦਾ ਵਧਿਆ ਸਮਰਥਨ**

ਬਾਰਿਸ਼ ਦੇ ਬਾਵਜੂ ਅੱਜ ਧਰਨੇ ਵਾਲੀ ਥਾਂ ’ਤੇ ਅਧਿਆਪਕਾਂ ਦੀ ਗਿਣਤੀ ਭਰਵੀਂ ਸ਼ਮੂਲੀਅਤ ਵੇਖਣ ਨੂੰ ਮਿਲੀ। ਅਧਿਆਪਕ ਹੀ ਨਹੀਂ, ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਅਧਿਕਾਰੀ ਵੀ ਸਮਰਥਨ ਲਈ ਆਏ। ਆਮ ਨਾਗਰਿਕਾਂ ਨੇ ਵੀ ਅੰਦੋਲਨ ਨਾਲ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਅੰਦੋਲਨਕਾਰੀ ਅਧਿਆਪਕਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਹਮਾਇਤ ਹੋਰ ਵਧੇਗੀ, ਜਿਸ ਨਾਲ ਸਰਕਾਰ ’ਤੇ ਦਬਾਅ ਬਣੇਗਾ।

ਕੰਪਿਊਟਰ ਅਧਿਆਪਕ ਜੌਨੀ ਸਿੰਗਲਾ ਦੇ ਨਾਲ ਭੁੱਖ ਹੜਤਾਲ ਸੰਘਰਸ਼ ਕਮੇਟੀ ਦੇ ਪ੍ਰਮੁੱਖ ਆਗੂ ਪਰਮਵੀਰ ਸਿੰਘ ਪੰਮੀ, ਪ੍ਰਦੀਪ ਕੁਮਾਰ ਮਲੂਕਾ, ਰਾਜਵੰਤ ਕੌਰ, ਰਣਜੀਤ ਸਿੰਘ, ਲਖਵਿੰਦਰ ਸਿੰਘ, ਗੁਰਬਖਸ਼ ਲਾਲ, ਜਸਪਾਲ, ਊਧਮ ਸਿੰਘ ਡੋਗਰਾ, ਬਵਲੀਨ ਬੇਦੀ, ਸੁਮੀਤ ਗੋਇਲ, ਰਜਨੀ ਡਾ।, ਧਰਮਿੰਦਰ ਸਿੰਘ, ਨਰਿੰਦਰ ਕੁਮਾਰ, ਰਾਕੇਸ਼ ਸੈਣੀ, ਸੁਸ਼ੀਲ ਅੰਗੁਰਲ, ਪ੍ਰਿਅੰਕਾ ਬਿਸ਼ਟ, ਮਨਜੀਤ ਕੌਰ, ਕਰਮਜੀਤ ਪੁਰੀ, ਗਗਨਦੀਪ ਸਿੰਘ, ਜਸਵਿੰਦਰ ਸਿੰਘ (ਲੁਧਿਆਣਾ), ਨਰਦੀਪ ਸ਼ਰਮਾ (ਸੰਗਰੂਰ), ਨਾਇਬ ਸਿੰਘ ਬੁੱਕਣਵਾਲ ਨੇ ਪੰਜਾਬ ਸਰਕਾਰ ’ਤੇ ਵਾਅਦਾ ਖ਼ਿਲਾਫ਼ੀ ਦਾ ਦੋਸ਼ ਲਾਇਆ। ਅਧਿਆਪਕਾਂ ਨੇ ਯਾਦ ਕਰਵਾਇਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ 4 ਦਰਜਨ ਤੋਂ ਵੱਧ ਮੀਟਿੰਗਾਂ ਕਰਨ ਦੇ ਬਾਵਜੂਦ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋਇਆ। “ਤਿੰਨ ਸਾਲ ਪਹਿਲਾਂ ਦੀਵਾਲੀ 'ਤੇ ਸਾਨੂੰ ਰਾਹਤ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਉਹ ਵਾਅਦਾ ਅੱਜ ਤੱਕ ਪੂਰਾ ਨਹੀਂ ਹੋਇਆ। ਹੁਣ ਇਹ ਸਪੱਸ਼ਟ ਹੈ ਕਿ ਸਰਕਾਰ ਸਾਡੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ, ”ਇੱਕ ਅਧਿਆਪਕ ਨੇ ਕਿਹਾ।

**ਵਿਰੋਧੀ ਪਾਰਟੀਆਂ ਦੀ ਚੁੱਪੀ ਤੋਂ ਨਾਰਾਜ਼ ਕੰਪਿਊਟਰ ਅਧਿਆਪਕ**

ਕੰਪਿਊਟਰ ਅਧਿਆਪਕਾਂ ਨੇ ਵਿਰੋਧੀ ਪਾਰਟੀਆਂ ਨੂੰ ਵੀ ਕਰੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਵਿਰੋਧੀ ਧਿਰ ਦਾ ਕੰਮ ਜਨਤਕ ਮੁੱਦੇ ਉਠਾਉਣਾ ਹੁੰਦਾ ਹੈ ਪਰ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵੀ ਚੁੱਪ ਵੱਟੀ ਬੈਠੀਆਂ ਹਨ। ਜੇਕਰ ਵਿਰੋਧੀ ਪਾਰਟੀਆਂ ਨੇ ਸਾਡੀ ਆਵਾਜ਼ ਸਰਕਾਰ ਤੱਕ ਨਾ ਪਹੁੰਚਾਈ ਤਾਂ ਅਸੀਂ ਉਨ੍ਹਾਂ ਨੂੰ ਚੋਣਾਂ ਵਿੱਚ ਕਟਹਿਰੇ ਵਿੱਚ ਖੜ੍ਹਾ ਕਰਾਂਗੇ। ਜੋ ਅੱਜ ਸਾਡਾ ਸਮਰਥਨ ਨਹੀਂ ਕਰ ਰਹੇ, ਉਨ੍ਹਾਂ ਨੂੰ ਜਨਤਾ ਤੋਂ ਵੋਟ ਮੰਗਣ ਦਾ ਕੋਈ ਅਧਿਕਾਰ ਨਹੀਂ ਹੈ।" ਅਧਿਆਪਕਾਂ ਨੇ ਸਪੱਸ਼ਟ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਇਹ ਰਵੱਈਆ ਲੋਕਤੰਤਰ ਦੇ ਮੂਲ ਸਿਧਾਂਤਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ, "ਲੋਕਤੰਤਰ 'ਚ ਵਿਰੋਧੀ ਧਿਰ ਦਾ ਅਹਿਮ ਕੰਮ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਉਣਾ ਅਤੇ ਲੋੜ ਪੈਣ 'ਤੇ ਲੋਕਾਂ ਨਾਲ ਖੜ੍ਹਨਾ ਹੁੰਦਾ ਹੈ। ਪਰ ਇੱਥੇ ਵਿਰੋਧੀ ਧਿਰ ਸਿਰਫ਼ ਆਪਣੇ ਸਿਆਸੀ ਹਿੱਤਾਂ ਵਿੱਚ ਉਲਝੀ ਹੋਈ ਹੈ। ਕੀ ਵਿਰੋਧੀ ਧਿਰ ਸਿਰਫ ਚੋਣ ਮੰਚਾਂ 'ਤੇ ਭਾਸ਼ਣ ਦੇਣ ਅਤੇ ਵੋਟਾਂ ਮੰਗਣ ਲਈ ਹੁੰਦੀ ਹੈ?

## ਆਜਾ ਆਜਾ ਫੇਮ ਪੰਜਾਬੀ ਗਾਇਕਾ ਜੱਸ ਕੌਰ" ਹੈਲੋ ਹੈਲੋ 2025" ਪ੍ਰੋਗਰਾਮ ਵਿੱਚ ਕਰੇਗੀ ਗੀਤ ਪੇਸ਼



**ਸਰੀ /ਵੈਨਕੂਵਰ, (ਕੁਲਦੀਪ ਚੁੰਬਰ)–** ਪੰਜਾਬੀ ਗਾਇਕਾ ਜੱਸ ਕੌਰ ਜਿਹਨਾਂ ਨੂੰ ਤੁਸੀ ਬਹੁਤ ਸਾਰੇ ਸੱਭਿਆਚਾਰਕ ਮੇਲਿਆਂ ਤੇ ਯੂਨੀਵਰਸਿਟੀਜ ਤੇ ਕਾਲਜਾਂ ਚ ਦੇਖਦੇ ਹੋ ਬਹੁਤ ਹੀ ਪਿਆਰਾ ਜਿਹਾ ਪੰਜਾਬੀ ਗੀਤ "ਆਜਾ ਆਜਾ" ਸਰੋਤਿਆ ਦੀ ਕਚਹਿਰੀ ਅਤੇ ਨਵੇਂ ਸਾਲ ਦਾ ਰੰਗਾਰੰਗ ਪ੍ਰੋਗਰਾਮ ਹੈਲੋ ਹੈਲੋ 2025 ਚ ਲੈ ਕੇ ਹਾਜ਼ਿਰ ਹੋ ਰਹੀ ਹੈ। ਇਸ ਗੀਤ ਦਾ ਸੰਗੀਤ ਤਿਆਰ ਕੀਤਾ ਆਰ ਡੀ ਨੇ, ਕਲਮਬੱਧ ਕੀਤਾ ਬਹੁਤ ਹੀ ਮਸ਼ਹੂਰ ਗੀਤਕਾਰ ਜੀਤ ਨੇ। "ਆਜਾ ਆਜਾ" ਨਵਾਂ ਗੀਤ ਤੁਸੀ ਸੁਣੋਂਗੇ ਤੇ ਦੇਖੋਗੇ ਰੰਗਾਰੰਗ ਪ੍ਰੋਗਰਾਮ ਹੈਲੋ ਹੈਲੋ 2025 1 ਜਨਵਰੀ ਨੂੰ ਰਾਤ 8 ਵਜੇ ਤੋਂ ਲੈਕੇ 9 ਵਜੇ ਤੱਕ ਦੂਰਦਰਸ਼ਨ ਜਲੰਧਰ ਡੀ ਡੀ ਪੰਜਾਬੀ ਤੇ। ਪ੍ਰੋਗਰਾਮ ਹੈਲੋ ਹੈਲੋ 2025 ਦੇ ਗਾਇਕ ਤੇ ਨਿਰਦੇਸ਼ਕ ਅਮਰੀਕ ਮਾਇਕਲ ਤੇ ਨਿਰਮਾਤਾ ਪੂਜਾ ਸੱਭਰਵਾਲ ਤੇ ਲੇਬਲ ਅਨੁਰਾਗ ਪ੍ਰੋਡਕਸ਼ਨ ਹੋਵੇਗਾ। ਸਾਰੀ ਟੀਮ ਨੇ ਬਹੁਤ ਹੀ ਮਿਹਨਤ ਕੀਤੀ ਇਸ ਗੀਤ ਵਾਸਤੇ ਤੇ ਗੀਤ ਬਹੁਤ ਪਿਆਰਾ ਹੈ।

# ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾਈ ਪ੍ਰਧਾਨ ਗੁਰਬਖਸ਼ ਕੌਰ ਸੰਘਾ ਨੂੰ ਇਨਕਲਾਬੀ ਨਾਹਰਿਆਂ ਨਾਲ ਦਿੱਤੀ ਅੰਤਮ ਵਿਦਾਇਗੀ

**ਬੰਗਾ (ਰੇਸ਼ਮ ਕਰਨਾਣਵੀ)–** ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕਰੇਸੀ, ਇਸਤਰੀ ਜਾਗ੍ਰਿਤੀ ਮੰਚ ਅਤੇ ਹੋਰ ਜਥੇਬੰਦੀਆਂ ਵਲੋਂ ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾਈ ਪ੍ਰਧਾਨ ਗੁਰਬਖਸ਼ ਕੌਰ ਸੰਘਾ ਨੂੰ ਜੋਸ਼ੀਲੇ ਇਨਕਲਾਬੀ ਨਾਹਰਿਆਂ ਨਾਲ ਅੰਤਮ ਵਿਦਾਇਗੀ ਦਿੱਤੀ ਗਈ। ਇਥੇ ਵਰਨਣਯੋਗ ਹੈ ਕਿ ਗੁਰਬਖਸ਼ ਕੌਰ ਸੰਘਾ (77) ਕਰੀਬ ਚਾਰ ਮਹੀਨੇ ਤੋਂ ਬਿਸਤਰ ਤੇ ਸਨ ਅਤੇ ਉਹਨਾਂ ਦਾ ਇਲਾਜ ਚੱਲ ਰਿਹਾ ਸੀ। ਸਿਹਤ ਖਰਾਬ ਹੋਣ ਕਾਰਨ ਉਹਨਾਂ ਨੂੰ 30 ਅਗਸਤ ਨੂੰ ਸੋਹਾਣਾ ਹਸਪਤਾਲ ਮੁਹਾਲੀ ਵਿਖੇ ਦਾਖਲ ਕਰਵਾਇਆ ਗਿਆ ਸੀ ਜਿੱਥੇ 5 ਸਤੰਬਰ ਨੂੰ ਉਹਨਾਂ ਦੇ ਦਿਮਾਗ ਦੀ ਨਾੜੀ ਫਟ ਗਈ। ਉਸ ਦਿਨ ਤੋਂ ਬਾਅਦ ਉਹ ਅੰਤਮ ਸਮੇਂ ਤੱਕ ਬੋਲ ਨਹੀਂ ਸਕੇ। ਬੀਤੀ ਰਾਤ 11 ਵਜੇ ਉਹਨਾਂ ਦਾ ਦੇਹਾਂਤ ਹੋ ਗਿਆ। ਅੱਜ ਪਿੰਡ ਸ਼ਹਾਬ ਪੁਰ ਦੇ ਸ਼ਮਸ਼ਾਨਘਾਟ ਵਿਖੇ ਉਹਨਾਂ ਦੀ ਮ੍ਰਿਤਕ ਦੇਹ ਦਾ ਸੰਸਕਾਰ ਕੀਤਾ ਗਿਆ। ਉਹਨਾਂ ਦੀ ਚਿਖਾ ਨੂੰ ਅਗਨੀ ਉਹਨਾਂ ਦੀ ਪੁੱਤਰੀ ਨਵਦੀਪ ਕੌਰ ਨੇ ਲਗਾਈ। ਉਹਨਾਂ ਦੀ ਮ੍ਰਿਤਕ ਦੇਹ ਉੱਤੇ ਸੀ.ਪੀ ਆਈ (ਐਮ.ਐਲ) ਐਨ.ਡੀ, ਇਸਤਰੀ ਜਾਗ੍ਰਿਤੀ ਮੰਚ, ਸੀ.ਪੀ.ਆਈ, ਦੇਸ਼ ਭਗਤ ਯਾਦਗਾਰ ਜਲੰਧਰ, ਇਫਟੂ, ਕਿਰਤੀ ਕਿਸਾਨ ਯੂਨੀਅਨ, ਡੀ.ਟੀ.ਐਫ, ਪੇਂਡੂ ਮਜਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਝੰਡੇ ਪਾ ਕੇ ਸ਼ਰਧਾਂਜਲੀ ਦਿੱਤੀ ਗਈ। ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਸਿੰਘ ਖੱਟਕੜ, ਕਾਮਰੇਡ ਸਰਦਾਰਾ ਸਿੰਘ ਮਾਹਿਲ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾਈ ਸਕੱਤਰ ਅਮਨਦੀਪ ਕੌਰ ਦਿ  ਲ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਚਿਰੰਜੀ ਲਾਲ, ਇਫਟੂ ਦੇ ਸੂਬਾਈ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ ਸੀ.ਪੀ.ਆਈ ਦੇ ਆਗੂ ਬਲਜਿੰਦਰ ਸਿੰਘ ਨੇ ਗੁਰਬਖਸ਼ ਕੌਰ ਦੇ ਸਦਾ ਲਈ ਤੁਰ ਜਾਣ ਨੂੰ ਬਹੁਤ ਵੱਡਾ ਘਾਟਾ ਕਰਾਰ ਦਿੱਤਾ ਹੈ।






ਇਸ ਮੌਕੇ ਪ੍ਰਿੰਸੀਪਲ ਬਿਕਰਮਜੀਤ ਸਿੰਘ, ਮਾਸਟਰ ਅਵਤਾਰ ਸਿੰਘ ਬਾਸੀ ਮਹਾਲੋਂ (ਕੈਨੇਡਾ) ਮਹਿੰਦਰ ਸਿੰਘ ਕਰੀਹਾ, ਜਮਹੂਰੀ ਅਧਿਕਾਰ ਸਭਾ ਦੇ ਜਿਲਾ ਪ੍ਰਧਾਨ ਅਸ਼ੋਕ ਕੁਮਾਰ, ਬੂਟਾ ਸਿੰਘ ਮਹਿਮੂਦ ਪੁਰ, ਗੁਰਨੇਕ ਸਿੰਘ ਚੂਹੜ ਪੁਰ, ਤਰਸੇਮ ਪੀਟਰ, ਕਸ਼ਮੀਰ ਘੁੱਗਸ਼ੋਰ, ਹੰਸ ਰਾਜ ਪੱਬਵਾਂ, ਸੇਵਾ ਮੁਕਤ ਡੀ ਈ ਟੀ ਸੀ ਪਰਮਜੀਤ ਸਿੰਘ ਧੰਜਲ, ਪ੍ਰਿੰਸੀਪਲ ਪਰਮਜੀਤ ਕੌਰ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਰਵਿੰਦਰ ਕੌਰ ਕਾਕੜਾ, ਲੇਖਕ ਅਜਮੇਰ ਸਿੱਧੂ, ਦੀਦਾਰ ਸਿੰਘ ਸ਼ੇਤਰਾ, ਰੁਪਿੰਦਰ ਕੌਰ ਦੁਰਗਾ ਪੁਰ,ਰਣਜੀਤ ਕੌਰ ਮਹਿਮੂਦ ਪੁਰ, ਚਮਨ ਸਿੰਘ ਡਾਇਰੈਕਟਰ ਨਸ਼ਾ ਛੁਡਾਊ ਕੇਂਦਰ ਨਵਾਂਸ਼ਹਿਰ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜਿਲਾ ਸਕੱਤਰ ਤਰਸੇਮ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਸੁਰਜੀਤ ਕੌਰ ਉਟਾਲ, ਬਲਾਕ ਪ੍ਰਧਾਨ ਪਰਮਜੀਤ ਸਿੰਘ ਸੰਘਾ, ਅਵਤਾਰ ਸਿੰਘ ਤਾਰੀ, ਪੀ ਐਸ ਯੂ ਦੇ ਸੂਬਾਈ ਪ੍ਰਧਾਨ ਰਣਬੀਰ ਸਿੰਘ ਕੁਰੜ, ਬਲਜੀਤ ਸਿੰਘ ਧਰਮਕੋਟੀ, ਮੰਗਲ ਜੀਤ ਪੰਡੋਰੀ, ਕਮਲ ਜੀਤ ਸਨਾਵਾ, ਹਰੀ ਰਾਮ ਰਸੂਲਪੁਰੀ, ਕਿਰਨ ਧਰਮਕੋਟੀ, ਨਰਿੰਦਰ ਸਿੰਘ ਉੜਾਪੜ, ਰੰਗਕਰਮੀ ਜਸਵੰਤ ਖੱਟਕੜ, ਬਹਾਦਰ ਸਿੰਘ ਸ਼ਹਾਬ ਪੁਰ, ਬਹਾਦਰ ਸਿੰਘ ਕੰਗ ਇਟਲੀ, ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ, ਅਨੀਤਾ ਜਲੰਧਰ, ਜਸਵੀਰ ਕੌਰ ਜੱਸੀ ਜਲੰਧਰ, ਗੁਰਦਿਆਲ ਰੱਕੜ ,ਵਿਵੇਕ ਮਾਰਕੰਡਾ, ਮਾ ਮੁਕੇਸ਼ ਕੁਮਾਰ, ਹੰਸ ਰਾਜ, ਹਰਦੀਪ ਕੌਰ ਕੋਟਲਾ, ਬੂਟਾ ਸਿੰਘ ਮਹਿਮੂਦ ਪੁਰ, ਗੁਰਨੇਕ ਸਿੰਘ ਚੂਹੜ ਪੁਰ, ਰਘਵਿੰਦਰਪਾਲ ਸਿੰਘ ਸੇਵਾ ਮੁਕਤ ਐਸ ਡੀ ਓ, ਮਾਨਵਤਾ ਕਲਾ ਮੰਚ ਨਗਰ ਵਲੋਂ ਜਸਵਿੰਦਰ ਪੱਪੀ, ਕੁਲਵੰਤ ਕੌਰ,ਇਸਤਰੀ ਸਭਾ ਦੀ ਆਗੂ ਗੁਰਬਖਸ਼ ਕੌਰ ਰਾਹੋਂ, ਜਰਨੈਲ ਸਿੰਘ ਰਾਣੇਵਾਲ, ਡਾਕਟਰ ਦਿਲਦਾਰ ਸਿੰਘ ਚਾਹਲ, ਡਾਕਟਰ ਰਮੇਸ਼ ਕੁਮਾਰ ਬਾਲੀ, ਡਾਕਟਰ ਅਵਤਾਰ ਬਾਲੀ, ਪਰਵੀਨ ਕੁਮਾਰ ਨਿਰਾਲਾ, ਸ਼ਿਵ ਨੰਦਨ, ਕਿਸ਼ੋਰ ਕੁਮਾਰ, ਹਰੀ ਲਾਲ, ਕਪਿਲ ਯੂਨੀਅਨ ਆਗੂਆਂ ਤੋਂ ਇਲਾਵਾ ਇਸ ਮੌਕੇ ਉਹਨਾਂ ਦੇ ਰਿਸ਼ਤੇਦਾਰ ਸਾਕਸਬੰਧੀ ਅਤੇ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਅੰਬੇਡਕਰੀ ਨੇਤਾਵਾਂ ਵਲੋਂ ਅਮਿਤ ਸ਼ਾਹ ਦੇ ਖ਼ਿਲਾਫ਼ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਭੇਜਿਆ

**ਫਿਲੌਰ/ਅੱਪਰਾ (ਜੱਸੀ)–** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਡਾਕਟਰ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਜੀ ਦੇ ਖਿਲਾਫ਼ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਉਹ ਉਹਨਾਂ ਦੀ ਗੰਦੀ ਸੋਚ ਤੇ ਦਲਿਤ ਵਿਰੋਧੀ




ਮਾਨਸਿਕਤਾ ਦਾ ਸਬੂਤ ਹੈ ਅਤੇ ਹਲਕੇਪਨ ਦੀ ਰਾਜਨੀਤੀ ਦੀ ਸੋਚ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਡਾ. ਸੁਖਬੀਰ ਸਲਾਰਪੁਰ ਦੀ ਅਗਵਾਈ ਅੰਬੇਡਕਰੀ ਆਗੂਆਂ ਦੇ ਵਫ਼ਦ ਨੇ ਅੱਜ ਡਿਪਟੀ ਕਮਿਸ਼ਨਰ ਜਲੰਧਰ ਦੇ ਰਾਹੀਂ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦੇ ਨਾਂਅ ਇਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਅਮਿਤ ਸ਼ਾਹ ਦੇ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਇਸ ਮੌਕੇ ਡਾ। ਸੁਖਬੀਰ ਸਲਾਰਪੁਰ ਨੇ ਕਿਹਾ ਕਿ ਅਮਿਤ ਸ਼ਾਹ ਰਾਜ ਸਭਾ ਵਿੱਚ ਆਪਣੇ ਦਿੱਤੇ ਭਾਸ਼ਣ ਦੀ ਮਾਫ਼ੀ ਮੰਗੇ ਨਹੀਂ ਤਾਂ ਅਮਿਤ ਸ਼ਾਹ ਦੇ ਵਿਰੁੱਧ ਦੇਸ਼ ਭਰ ਵਿੱਚ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦਾ ਅੰਜ਼ਾਮ ਅਤੇ ਸਿੱਟਾ ਅਮਿਤ ਸ਼ਾਹ ਤੇ ਬੀਜੇਪੀ ਨੂੰ ਭੁਗਤਣਾ ਪਵੇਗਾ ਉਨ੍ਹਾਂ ਅੱਗੇ ਕਿਹਾ ਕਿ ਇਹ ਦੇਸ਼ ਨੂੰ ਵੰਡਣ ਵਾਲਾ ਹੈ ਅਤੇ ਸਾਡੇ ਰਹਿਬਰਾਂ ਪ੍ਰਤੀ ਭਾਜਪਾ ਦੀ ਸੌੜੀ ਮਾਨਸਿਕਤਾ ਦਰਸਾਉਂਦਾ ਹੈ। ਇਸ ਮੌਕੇ ਅੰਬੇਡਕਰੀ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਕਿਹਾ ਬਾਬਾ ਸਾਹਿਬ ਡਾਕਟਰ ਭੀਮ ਰਾ ਅੰਬੇਡਕਰ ਜੀ ਸੰਵਿਧਾਨ ਨਿਰਮਾਤਾ ਤੇ ਸਾਡੇ ਮਹਾਨ ਰਹਿਬਰ ਹਨ ਅਤੇ ਸਾਨੂੰ ਇਸ ਧਰਤੀ ਤੇ ਸਵਰਗ ਦੀ ਪ੍ਰਾਪਤੀ ਬਾਬਾ ਸਾਹਿਬ ਅੰਬੇਡਕਰ ਕਰਕੇ ਹੀ ਹੋਈ ਹੈ ਉਨ੍ਹਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਜੀ ਅਪਮਾਨ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਦੇਸ਼ ਵਿੱਚ ਅਮਿਤ ਸ਼ਾਹ ਦੇ ਖ਼ਿਲਾਫ਼ ਲਾਮਬੰਦੀ ਸ਼ੁਰੂ ਕੀਤੀ ਜਾਵੇਗੀ ਊਨ੍ਹਾਂ ਪੰਜਾਬ ਵਿੱਚ ਅੰਦੋਲਨ ਦਾ ਆਗਾਜ਼ ਦਾ ਐਲਾਨ ਕਰਦਿਆਂ ਕਿਹਾ ਕਿ 26 ਜਨਵਰੀ ਤੋਂ ਜਨ ਸੰਪਰਕ ਮੁਹਿੰਮ ਸ਼ੁਰੂ ਕਰਾਂਗੇ।

ਇਸ ਵਫ਼ਦ ਦੀ ਅਗਵਾਈ ਸੀਨੀਅਰ ਕਾਂਗਰਸੀ ਆਗੂ ਡਾਕਟਰ ਸੁਖਬੀਰ ਸਲਾਰਪੁਰ ਸਪੋਕਸਪਰਸਨ ਪੀਪੀਸੀਸੀ, ਫਿਲੌਰ ਤੋਂ ਅੰਬੇਡਕਰੀ ਆਗੂ ਅੰਮ੍ਰਿਤਪਾਲ ਭੌਂਸਲੇ ਸੀਨੀਅਰ ਨੇ ਕੀਤੀ ਅਤੇ ਇਸ ਮੌਕੇ ਸਰਪੰਚ ਸੋਮ ਲਾਲ ਸਰਪੰਚ, ਬੂਟਾ ਸਿੰਘ ਚੋਲਾਂਗ ,ਕਰਨਜੀਤ ਸਰਪੰਚ ਫਰਾਲਾ, ਇੰਦਰਜੀਤ ਰਾਏਪੁਰ, ਬਲਦੇਵ ਕਾਸਮਪੁਰ, ਬਿਸ਼ਨਪਾਲ ਸੰਧੂ ਮਹੇੜੂ, ਗੋਲਡੀ ਸਲਾਰਪੁਰ, ਬੂਟਾ ਸਰਪੰਚ ਚਾਚੋਵਾਲ, ਕਾਲਾ ਸਰਪੰਚ ਖੇੜਾ, ਗੁਰਪਾਲ ਪਾਲਾ ਜੰਡਿਆਲਾ, ਪਰਮਿੰਦਰ ਬੌਧ ਹੋਰ ਵੀ ਬਹੁਤ ਸਾਰੇ ਆਗੂ ਤੇ ਸਾਥੀ ਅੱਜ ਦੇ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਿਲ ਸਨ।

# ਵਕੀਲਾਂ ਵੱਲੋਂ ਅਮਿਤ ਸ਼ਾਹ ਦਾ ਕੀਤਾ ਗਿਆ ਵਿਰੋਧ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਵਕੀਲਾਂ ਦੇ ਵਫਦ ਵੱਲੋਂ ਡਾਕਟਰ ਬਾਬਾ ਸਾਹਿਬ ਬੀ.ਆਰ.ਅੰਬੇਡਕਰ ਦੀ ਪ੍ਰਤਿਮਾ ਦੇ ਅੱਗੇ ਅਮਿਤ ਸ਼ਾਹ ਗ੍ਰਹ ਮੰਤਰੀ ਭਾਰਤ ਸਰਕਾਰ ਵੱਲੋਂ ਪਾਰਲੀਮੈਂਟ ਦੇ ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦੇ ਖਿਲਾਫ ਬੋਲੀ ਗਈ ਸ਼ਬਦਾਵਲੀ ਦੇ ਰੋਸ ਵਜੋਂ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਕੀਤਾ ਗਿਆ। ਡਾਕਟਰ ਬਾਬਾ ਸਾਹਿਬ ਅੰਬੇਡਕਰ ਜੀ ਦੇ ਪ੍ਰਤਿਮਾ ਅੱਗੇ ਫੁੱਲ ਫੁੱਲ ਭੇਟ ਕੀਤੇ ਗਏ। ਇਸ ਮੌਕੇ ਵਕੀਲ ਭਾਈਚਾਰੇ ਵਲੋਂ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਮੌਜੂਦਾ ਹਕੂਮਤ ਅਤੇ ਸਿਆਸਤਦਾਨਾਂ ਵੱਲੋਂ ਲਾਈ ਹੋਈ ਨਫਰਤ ਦੀ ਅੱਗ ਵਿੱਚ ਠੰਡੇ ਬੁੱਲੇ ਵਾਂਗੂੰ ਹੈ। ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਿਆਂ ਬਾਬਾ ਸਾਹਿਬ ਦੀਆ ਕੁਰਬਾਨੀਆਂ ਯਾਦ ਕਰਦੇ ਹੋਏ ਉਹਨਾਂ ਨੂੰ ਫੁੱਲ ਅਰਪਿਤ ਕੀਤੇ। ਉਹਨਾਂ ਦੀਆ ਭਾਰਤ ਦੇਸ਼ ਲਈ ਦਿਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਸਮਾਜ ਨੂੰ ਇਹੋ ਸੰਦੇਸ਼ ਹੈ ਕਿ ਬਾਬਾ ਸਾਹਿਬ ਅੰਬੇਡਕਰ ਜੀ ਦੀ ਸੋਚ ਦੇ ਖਿਲਾਫ ਉਠਦੀ ਹਰ ਅਵਾਜ ਦੇਰ-ਸਵੇਰ ਦਬਾਅ ਦਿੱਤੀ ਜਾਵੇਗੀ। ਕਿਉ ਕਿ ਅੰਤ ਜਿੱਤ ਸਦਾ ਸੱਚਾਈ ਦੀ ਹੀ ਹੁੰਦੀ ਹੈ ਨਫਰਤ ਹਮੇਸ਼ਾ ਹਾਰੀ ਹੈ। ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਯੁਵਰਾਜ ਸਿੰਘ, ਐਡਵੋਕੇਟ ਕਰਨਬੀਰ ਸਿੰਘ ਬਾਠ ,ਐਡਵੋਕੇਟ ਦਲੀਪ ਕੁਮਾਰ, ਐਡਵੋਕੇਟ ਤਜਿੰਦਰ ਬੱਧਨ ,ਐਡਵੋਕੇਟ ਸੰਗੀਤਾ ਸੋਨੀ ਸਰਪੰਚ, ਐਡਵੋਕੇਟ ਮਨਵੀਰ ਕੌਰ, ਐਡਵੋਕੇਟ ਅੰਜਲੀ ਵਿਰਦੀ, ਐਡਵੋਕੇਟ ਗੁਰਜੀਤ ਸਿੰਘ ਕਾਹਲੋਂ, ਐਡਵੋਕੇਟ ਅਨੁਭਵ ਕਪਾਹੀ, ਐਡਵੋਕੇਟ ਤਰਨਜੀਤ ਕੌਰ, ਐਡਵੋਕੇਟ ਧੀਰਜ ਕੁਮਾਰ, ਐਡਵੋਕੇਟ ਤਲਵਿੰਦਰ ਕੁਮਾਰ ਮਹਿਮੀ, ਐਡਵੋਕੇਟ ਕਰਨ ਕੁਮਾਰ ਰਾਏ, ਸੋਨਮ, ਐਡਵੋਕੇਟ ਕੁਲਦੀਪ ਕੌਰ, ਐਡਵੋਕੇਟ ਮਮਤਾ, ਐਡਵੋਕੇਟ ਰੁਬਲ ਅਤੇ ਹੋਰ ਖਾਸ ਤੌਰ ਤੇ ਹਾਜਰ ਰਹੇ।



# ਪੰਜਾਬੀ ਲਿਖਾਰੀ ਸਭਾ (ਰਜਿ.) ਬਸਤੀ ਸ਼ੇਖ, ਜਲੰਧਰ ਦਾ ਮਹੀਨਾਵਾਰੀ ਸਮਾਗਮ ਅਤੇ ਕਵੀ ਦਰਬਾਰ

**ਜਲੰਧਰ–** ਪੰਜਾਬੀ ਲਿਖਾਰੀ ਸਭਾ (ਰਜਿ.) ਬਸਤੀ ਸ਼ੇਖ, ਜਲੰਧਰ ਜੋ ਕਿ ਬੀਤੇ ਪੰਜਾਹ ਸਾਲਾਂ ਤੋਂ ਸ੍ਰ. ਬੇਅੰਤ ਸਿੰਘ ਸਰਹੱਦੀ ਜੀ ਦੀ ਰਹਿਨੁਮਾਈ ਹੇਠ ਪੰਜਾਬੀ ਸਾਹਿਤ ਦੀ ਸੇਵਾ ਕਰ ਰਹੀ ਹੈ, ਦਾ ਮਹੀਨਾਵਾਰੀ ਸਮਾਗਮ ਅਤੇ ਕਵੀ ਦਰਬਾਰ ਮਿਤੀ 15 ਦਸੰਬਰ 2024, ਦਿਨ ਐਤਵਾਰ ਨੂੰ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰ. ਗਗਨਦੀਪ ਸਿੰਘ ਸੰਧੂ ਸਪੁੱਤਰ (ਸਾਬਕਾ ਵਾਈਸ ਚੇਅਰਮੈਨ ਸ੍ਰ. ਮੁਖਵਿੰਦਰ ਸਿੰਘ ਸੰਧੂ) ਅਤੇ ਵਿਸੇਸ਼ ਮਹਿਮਾਨ ਉੱਘੇ ਸਾਹਿਤਕਾਰ ਡਾ। ਮਨੋਜ ਫਗਵਾੜਵੀ ਸਨ। ਇਨ੍ਹਾਂ ਮਹਾਨ ਸ਼ਖਸੀਅਤਾਂ ਨੂੰ 'ਪੰਜਾਬੀ ਮਾਂ ਬੋਲੀ' ਦਾ ਮਾਣ' ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਧਾਨਗੀ ਮੰਡਲ 'ਚ ਉੱਘੇ ਸਾਹਿਤਕਾਰ, ਆਲੋਚਕ ਅਤੇ ਅਨੁਵਾਦਕ ਡਾ. ਬਲਦੇਵ ਸਿੰਘ ਬੱਦਨ, ਗਗਨਦੀਪ ਸਿੰਘ ਸੰਧੂ, ਡਾ. ਮਨੋਜ ਫਗਵਾੜਵੀ, ਸ੍ਰ. ਸੁਰਜੀਤ ਸਿੰਘ ਸਸਤਾ ਆਇਰਨ , ਹਰਭਜਨ ਸਿੰਘ ਨਾਹਲ ਅਤੇ ਹਰਜਿੰਦਰ ਕੌਰ ਧਰਮਪਤਨੀ ਸ੍ਰ। ਮੁਖਵਿੰਦਰ ਸਿੰਘ ਸੰਧੂ ਵੀ ਸ਼ਾਮਿਲ ਸਨ।

ਸਭਾ ਦੇ ਸ਼ੁਰੂ ਵਿੱਚ ਪ੍ਰਧਾਨ ਹਰਭਜਨ ਸਿੰਘ ਨਾਹਲ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਕਵੀਆਂ ਦਾ ਸਵਾਗਤ ਕੀਤਾ ਅਤੇ ਸਨਮਾਨਿਤ ਸ਼ਖਸੀਅਤਾਂ ਦੀ ਜਾਣ ਪਹਿਚਾਣ ਅਤੇ ਸਾਹਿਤਕ ਖੇਤਰ ਵਿੱਚ ਉਨ੍ਹਾਂ ਦੀ ਦੇਣ ਬਾਰੇ ਜਾਣਕਾਰੀ ਦਿੱਤੀ। ਹਰ ਵਾਰ ਦੀ ਤਰ੍ਹਾਂ ਕਵੀ ਦਰਬਾਰ ਵੀ ਕਰਾਇਆ ਗਿਆ, ਜਿਸ ਵਿਚ ਉੱਘੇ ਕਵੀਆਂ ਨੇ ਆਪਣੀਆਂ ਉਮਦਾ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਇਨ੍ਹਾਂ ਕਵੀਆਂ ਤੋਂ ਇਲਾਵਾ ਗਗਨਦੀਪ ਸਿੰਘ ਸੰਧੂ ਨੇ ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ ਅਤੇ ਡਾ. ਮਨੋਜ ਫਗਵਾੜਵੀ ਨੇ ਵੀ ਆਪਣੀਆਂ ਰਚਨਾਵਾਂ ਦੀ ਸਾਂਝ ਪਾਈ। ਪ੍ਰਧਾਨਗੀ ਮੰਡਲ ਵਿੱਚੋਂ ਬਲਦੇਵ ਸਿੰਘ ਬੱਦਨ ਨੇ ਅਪਣੇ ਕੀਮਤੀ ਵਿਚਾਰਾਂ ਅਤੇ ਆਪਣੀਆਂ ਗਜ਼ਲਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕੀਤਾ ਅਤੇ ਸਭਾ ਵੱਲੋ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸਨਮਾਨਿਤ ਕੀਤਾ ਗਿਆ।







ਸਟੇਜ ਸਕੱਤਰ ਦੀ ਭੂਮਿਕਾ ਪਰਮਦਾਸ ਹੀਰ ਨੇ ਬਾਖੂਬੀ ਨਿਭਾਈ। ਉਹਨਾਂ ਨੇ ਪ੍ਰੋਗਰਾਮ ਦੇ ਸ਼ੁਰੂ ਵਿੱਚ ਸਾਰੇ ਮੈਂਬਰ ਸਾਹਿਬਾਨ ਜੀ ਦਾ ਸਵਾਗਤ ਅਤੇ ਧੰਨਵਾਦ ਵੀ ਕੀਤਾ। ਇਸ ਵਾਰ ਦੇ ਕਵੀ ਦਰਬਾਰ ਦਾ ਵਿਸ਼ਾ 'ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ।

ਸਭਾ ਦੇ ਪ੍ਰਧਾਨ ਹਰਭਜਨ ਸਿੰਘ ਨਾਹਲ, ਜਨਰਲ ਸੱਕਤਰ ਪਰਮਦਾਸ ਹੀਰ, ਗੁਰਦੀਪ ਸਿੰਘ ਉਜਾਲਾ ਅਤੇ ਸੁਰਜੀਤ ਸਿੰਘ ਸਸਤਾ ਆਇਰਨ ਨੇ ਮੁੱਖ ਮਹਿਮਾਨ ਗਗਨਦੀਪ ਸਿੰਘ ਸੰਧੂ, ਵਿਸ਼ੇਸ਼ ਮਹਿਮਾਨ ਮਨੋਜ ਫਗਵਾੜਵੀ ਦਾ ਸਭਾ ਵੱਲੋ 'ਪੰਜਾਬੀ ਮਾਂ ਬੋਲੀ' ਦਾ ਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ। ਮੈਡਮ ਗੁਰਮਿੰਦਰ ਕੌਰ ਨੇ ਹਰਜਿੰਦਰ ਕੌਰ ਧਰਮਪਤਨੀ (ਸ੍ਰ. ਮੁਖਵਿੰਦਰ ਸਿੰਘ ਸੰਧੂ) ਨੂੰ ਸਨਮਾਨਿਤ ਕੀਤਾ।

ਇਸ ਪ੍ਰੋਗਰਾਮ ਵਿੱਚ ਪ੍ਰਧਾਨ ਹਰਭਜਨ ਸਿੰਘ ਨਾਹਲ, ਬਲਦੇਵ ਸਿੰਘ ਬੱਦਨ, ਗਗਨਦੀਪ ਸਿੰਘ ਸੰਧੂ, ਪਰਮਦਾਸ ਹੀਰ (ਜਨਰਲ ਸਕੱਤਰ), ਸੁਖਦੇਵ ਸਿੰਘ ਗੰਢਵਾਂ, ਮਨੋਜ ਫਗਵਾੜਵੀ, ਸਾਹਿਬਾ ਜੀਟਨ ਕੌਰ, ਸੰਦੀਪ ਕੌਰ ਚੀਮਾ, ਹਰਬੰਸ ਸਿੰਘ ਕਲਸੀ, ਉਰਮਲਜੀਤ ਸਿੰਘ ਵਾਲੀਆ, ਮੈਡਮ ਗੁਰਮਿੰਦਰ ਕੌਰ, ਗੁਰਦੀਪ ਸਿੰਘ ਉਜਾਲਾ, ਸੁਰਜੀਤ ਸਿੰਘ ਸਸਤਾ ਆਇਰਨ, ਹਰਵਿੰਦਰ ਸਿੰਘ ਅਲਵਾਦੀ, ਦਲਜੀਤ ਸਿੰਘ, ਜਸਪਾਲ ਜੀਰਵੀ, ਪਰਮਜੀਤ ਸਿੰਘ, ਅਵਤਾਰ ਸਿੰਘ ਖਾਲਸਾ, ਪਰਮਜੀਤ ਸਿੰਘ ਨੈਨਾਂ, ਅੰਗਦਬੀਰ ਸਿੰਘ ਅਤੇ ਏਕਸਜੋਤ ਕੌਰ ਸੰਧੂ ਵੀ ਸ਼ਾਮਿਲ ਹੋਏ।

ਏਕਸਜੋਤ ਕੌਰ ਸੰਧੂ ਪੋਤਰੀ ਮੁਖਵਿੰਦਰ ਸਿੰਘ ਸੰਧੂ ਨੇ ਭਾਵੁਕ ਹੁੰਦਿਆਂ ਆਪਣੇ ਦਾਦਾ ਜੀ ਨੂੰ ਯਾਦ ਕਰਦਿਆਂ ਇੱਕ ਰਚਨਾ ਪੇਸ਼ ਕੀਤੀ। ਅੰਤ ਵਿੱਚ ਸਭਾ ਦੇ ਪ੍ਰਧਾਨ ਹਰਭਜਨ ਸਿੰਘ ਨਾਹਲ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਪ੍ਰਾਇਮਰੀ ਅਧਿਆਪਕ ਤੋਂ ਡਾਕਟਰੇਟ ਤੱਕ ਦੇ ਸੰਘਰਸ਼ਮਈ ਸਫ਼ਰ ਦਾ ਪਾਂਧੀ: ਡਾਕਟਰ ਕੇਵਲ ਰਾਮ ਨਵਾਂਸ਼ਹਿਰ

## ਪੰਜਾਬੀ, ਰਾਜਨੀਤੀ ਸ਼ਾਸ਼ਤਰ, ਲੋਕ ਪ੍ਰਸ਼ਾਸ਼ਨ, ਸਮਾਜ ਸ਼ਾਸ਼ਤਰ, ਭਾਸ਼ਾ ਵਿਗਿਆਨ ਅਤੇ ਅੰਗਰੇਜ਼ੀ ਵਿਸ਼ਿਆਂ ਵਿੱਚ ਐੱਮ.ਏ. ਹਨ ਡਾ: ਕੇਵਲ ਰਾਮ



**ਬੰਗਾ, (ਰੇਸ਼ਮ ਕਰਨਾਣਵੀ)–** ਮੁੱਢੋਂ ਹੀ ਮਿਹਨਤ ਅਤੇ ਸਿਦਕ ਨੂੰ ਪਰਾਣਾਏ ਕੇਵਲ ਰਾਮ ਨਵਾਂਸ਼ਹਿਰ ਨੇ ਸਿੱਖਿਆ ਖੇਤਰ ਵਿੱਚ ਇੱਕ ਹੋਰ ਮੀਲ ਪੱਥਰ ਗੱਡ ਦਿੱਤਾ ਹੈ। ਇਸ ਮੁਕਾਮ ਤੱਕ ਦੇ ਸਫ਼ਰ ਵਿੱਚ ਹੋਰ ਵੀ ਅਨੇਕਾਂ ਮੀਲ ਪੱਥਰ ਸਥਾਪਿਤ ਕੀਤੇ ਹੋਏ ਹਨ। ਉਨ੍ਹਾਂ ਵਾਸਤੇ 18 ਸਤੰਬਰ 2024 ਦਾ ਦਿਨ ਵਿਸ਼ੇਸ਼ ਦਿਨ ਹੋ ਨਿੱਬੜਿਆ ਜਦੋਂ ਉਨ੍ਹਾਂ ਨੂੰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਦੀ ਸਲਾਨਾ ਕਨਵੋਕੇਸ਼ਨ ਵਿੱਚ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਵਲੋਂ ਡਾਕਟਰ ਆਫ਼ ਫ਼ਿਲਾਸਫ਼ੀ ਦੀ ਉਪਾਧੀ ਦੇ ਕੇ ਨਿਵਾਜਿਆ ਗਿਆ। ਇਸ ਕਨਵੋਕੇਸ਼ਨ ਵਿੱਚ ਕੇਵਲ ਰਾਮ ਨਵਾਂਸ਼ਹਿਰ ਨੂੰ ਉਨ੍ਹਾਂ ਦੇ ਥੀਸਿਜ਼ ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਸਮਾਜ ਸ਼ਾਸਤਰੀ ਅਧਿਐਨ''ਵਿਸ਼ੇ ਤੇ ਕੀਤੀ ਖੋਜ ਤੇ ਇਹ ਡਿਗਰੀ ਪ੍ਰਦਾਨ ਕੀਤੀ ਗਈ।ਇੱਥੇ ਜ਼ਿਕਰਯੋਗ ਹੈ ਕਿ ਦਲਿਤ ਪਰਿਵਾਰ ਪਿਤਾ ਸਵ:ਸ਼੍ਰੀ ਰਾਮ ਕਿਸ਼ਨ ਅਤੇ ਮਾਤਾ ਸਵ:ਸ਼੍ਰੀਮਤੀ ਚਰਨ ਕੌਰ ਦੇ ਘਰ ਜਨਮੇ ਤੇ ਤੰਗੀਆਂ ਤੁਰਸ਼ੀਆਂ ਵਿੱਚ ਪੜ੍ਹੇ ਕੇਵਲ ਰਾਮ ਨੇ ਪ੍ਰਾਇਮਰੀ ਤੱਕ ਦੀ ਸਿੱਖਿਆ ਆਪਣੀ ਸਤਿਕਾਰਯੋਗ ਅਧਿਆਪਕਾ ਇੰਦਰਜੀਤ ਕੌਰ ਸ਼ੇਤਰਾ ਤੋਂ ਪ੍ਰਾਪਤ ਕਰਦਿਆਂ ਮਿਲੀ ਸੇਧ ਤੋਂ ਪੜ੍ਹਨ ਦੀ ਰੁਚੀ ਵਿੱਚ ਵਾਧਾ ਹੋਇਆ। ਡਾਕਟਰ ਕੇਵਲ ਰਾਮ ਨਵਾਂਸ਼ਹਿਰ ਨੇ ਐੱਮ.ਏ. ਪੰਜਾਬੀ, ਰਾਜਨੀਤੀ ਸ਼ਾਸ਼ਤਰ, ਲੋਕ ਪ੍ਰਸ਼ਾਸ਼ਨ, ਸਮਾਜ ਸ਼ਾਸ਼ਤਰ, ਭਾਸ਼ਾ ਵਿਗਿਆਨ ਅਤੇ ਅੰਗਰੇਜ਼ੀ ਵਿਸ਼ਿਆਂ ਵਿੱਚ ਪ੍ਰਾਪਤ ਕਰਕੇ ਅਕਾਦਮਿਕ ਬੁਲੰਦੀਆਂ ਨੂੰ ਸਰ ਕੀਤਾ। ਇਸ ਤੋਂ ਇਲਾਵਾ ਐੱਮ. ਐੱਡ, ਯੂ.ਜੀ.ਸੀ.ਨੈੱਟ ਵਰਗੀਆਂ ਡਿਗਰੀਆਂ ਪ੍ਰਾਪਤ ਡਾ: ਕੇਵਲ ਰਾਮ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਆਪਣਾ ਮਾਰਗ ਦਰਸ਼ਕ ਤੇ ਰਹਿਬਰ ਮੰਨਦੇ ਹਨ। ਡਾ: ਕੇਵਲ ਰਾਮ ਅਜਕਲ੍ਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿਆਲਾ ਵਿੱਚ ਪੰਜਾਬੀ ਅਧਿਆਪਕ ਵਜੋਂ ਸੇਵਾ ਨਿਭਾਅ ਰਹੇ ਹਨ। ਡਾ: ਕੇਵਲ ਰਾਮ ਬੀ.ਐੱਸ.ਸੀ. ਮੈਡੀਕਲ ਬੀ.ਐੱਡ, ਐੱਮ.ਏ.ਅੰਗਰੇਜ਼ੀ ਆਪਣੀ ਅਧਿਆਪਕਾ ਪਤਨੀ ਕੁਲਦੀਪ ਕੌਰ ਮਾਨ ਅਤੇ ਬੇਟੀ ਖੁਸ਼ਦੀਪ ਕੌਰ ਨਾਲ ਨਵਾਂਸ਼ਹਿਰ ਦੇ ਕੁਲਾਮ ਰੋਡ ਵਿਖੇ ਨਿਵਾਸ ਕਰ ਰਹੇ ਹਨ।ਉਨ੍ਹਾਂ ਨੇ ਆਪਣਾ ਪੀ.ਐੱਚ.ਡੀ. ਥੀਸਿਜ਼ ਆਪਣੇ ਸਤਿਕਾਰਯੋਗ ਧਰਮ ਦੇ ਪਿਤਾ ਸ਼੍ਰੀ ਲਾਲ ਸਿੰਘ ਮਾਨ, ਮਾਤਾ ਸ਼੍ਰੀਮਤੀ ਕਮਲਜੀਤ ਕੌਰ ਮਾਨ ਅਤੇ ਪਹਿਲੀ ਅਧਿਆਪਕਾ ਇੰਦਰਜੀਤ ਕੌਰ ਸ਼ੇਤਰਾ ਨੂੰ ਸਮਰਪਿਤ ਕੀਤਾ ਹੈ।

*****

## ਸ਼ੇਅਰ



**–ਰੇਸ਼ਮ ਕਰਨਾਣਵੀ**

ਇਹ ਤਾਂ ਪਾਣੀ ਹੈ ਹੜ੍ਹ ਦਾ ਜਿਸ ਨੇ ਸਾਡੀ ਸਾਰ ਪੁੱਛੀ ਏ,
ਨਹੀਂ ਤਾਂ ਸਾਉਣ ਵਿਚ ਨੀਵੇਂ ਘਰਾਂ ਨੂੰ ਕੌਣ ਪੁੱਛਦਾ ਹੈ।

ਫਸਲ ਤੇਰੀ ਖਰੀਦੀ ਹੈ ਉਨ੍ਹਾਂ ਜੋ ਕੌਡੀਆਂ ਬਦਲੇ,
ਉਸੇ ਨੂੰ ਕੋਲ ਤੇਰੇ ਚੌਗਣੇ ਭਾਅ ਵੇਚ ਦੇਣਾ ਹੈ।

ਜਦੋਂ ਉਸ ਪਾਰ ਕੋਈ ਵੀ ਮੇਰਾ ਨਾ ਆਪਣਾ ਹੋਇਆ।
ਮੈਂ ਤਰਨਾ ਕਿਸ ਲਈ ਸੀ ਫਿਰ ਸਮੁੰਦਰ ਖੌਲਦਾ ਹੋਇਆ।

ਮੇਲੇ ਲੱਗਣ ਕੁਝ ਸ਼ਖਸੀਅਤਾਂ ਮਰੀਆਂ ਦੇ।
ਮੁੱਲ ਪੈਂਦੇ ਨੇ ਮਗਰੋਂ ਗੱਲਾਂ ਖਰੀਆਂ ਦੇ।

ਉਸ ਨੂੰ ਦੁੱਖ ਹੈ ਜਿਸ ਦਾ ਆਪਣਾ ਮਰਿਆ ਹੈ,
ਬਾਕੀ ਬੈਠੇ ਧਾਗੇ ਤੋੜਨ ਦਰੀਆਂ ਦੇ।

# ਐਸ.ਡੀ.ਐਮ ਡਾ. ਅਕਸ਼ਿਤਾ ਗੁਪਤਾ ਵੱਲੋਂ ਪ੍ਰੀਖਿਆ ਕੇਂਦਰ ਦੀ ਅਚਨਚੇਤ ਚੈਕਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਰਜਿਸਟਰਾਰ-ਕਮ-ਕੰਟਰੋਲਰ ਪ੍ਰੀਖਿਆਵਾਂ, ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਅਤੇ ਇੰਡਸਟੀਅਲ ਟ੍ਰੇਨਿੰਗ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿਚ ਪੋਲੀਟੈਕਨਿਕ ਅਤੇ ਫਾਰਮੇਸੀ ਦੀਆਂ ਚੱਲ ਰਹੀਆਂ ਪ੍ਰੀਖਿਆਵਾਂ ਸਬੰਧੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਉੱਪ ਮੰਡਲ ਮੈਜਿਸਟ੍ਰੇਟ, ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ ਵੱਲੋਂ ਅੱਜ ਦੋਆਬਾ ਪੋਲੀਟੈਕਨਿਕ ਕਾਲਜ, ਰਾਹੋਂ ਦੇ ਪ੍ਰੀਖਿਆ ਕੇਂਦਰ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਪਾਇਆ ਗਿਆ ਕਿ ਕੰਪਲੈਕਸ ਵਿਚ ਚੱਲ ਰਿਹਾ ਪ੍ਰੀਖਿਆਵਾਂ ਦਾ ਕੰਮ ਸੁਚੱਝੇ ਢੰਗ ਨਾਲ ਚੱਲ ਰਿਹਾ ਸੀ। ਉਨ੍ਹਾਂ ਮੌਕੇ 'ਤੇ ਕਾਲਜ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਉਹ ਪ੍ਰੀਖਿਆਂ ਕੇਂਦਰ ਦੇ ਆਲੇ-ਦੁਆਲੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ, ਤਾਂ ਜੋ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੂਹ ਪੇਪਰ ਦੇ ਰਹੇ ਸਿਖਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਪੇਪਰਾਂ ਦੀ ਤਿਆਰੀ ਪੂਰੀ ਮਿਹਨਤ ਅਤੇ ਲਗਨ ਨਾਲ ਕਰਨ, ਤਾਂ ਜੋ ਆਪਣਾ ਭਵਿੱਖ ਸੁਨਹਿਰਾ ਬਣਾ ਸਕਣ।



# ਅਜੈ ਤਨਵੀਰ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਫ਼ਤਵਿਆਂ ਦੇ ਦੌਰ ਵਿੱਚ' 'ਤੇ ਗੋਸ਼ਟੀ

**ਹੁਸ਼ਿਆਰਪੁਰ–** ਜ਼ਿਲ੍ਹਾ ਭਾਸ਼ਾ ਦਫ਼ਤਰ ਨੇ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਖੇ ਅਜੈ ਤਨਵੀਰ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਫ਼ਤਵਿਆਂ ਦੇ ਦੌਰ ਵਿੱਚ' 'ਤੇ ਗੋਸ਼ਟੀ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ, ਡਾ। ਕਰਮਜੀਤ ਸਿੰਘ, ਪ੍ਰੋ। ਬਲਦੇਵ ਸਿੰਘ ਬੱਲੀ, ਡਾ. ਹਰਪ੍ਰੀਤ ਸਿੰਘ ਮੁਖੀ ਪੰਜਾਬੀ ਵਿਭਾਗ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਅਤੇ ਪ੍ਰਧਾਨ ਪੰਜਾਬੀ ਸਾਹਿਤ ਸਭਾ ਜਸਬੀਰ ਸਿੰਘ ਧੀਮਾਨ ਨੇ ਕੀਤੀ। ਜੀ ਆਇਆਂ ਸ਼ਬਦ ਵਾਇਸ ਪ੍ਰਿੰਸੀਪਲ ਪਟਵਾਰ ਟ੍ਰੇਨਿੰਗ ਸਕੂਲ ਹੁਸ਼ਿਆਰਪੁਰ ਗਣੇਸ਼ ਸ਼ਰਮਾ ਨੇ ਆਖੇ। ਪਹਿਲਾ ਖੋਜ ਪਰਚਾ ਪੇਸ਼ ਕਰਦਿਆਂ ਡਾ। ਹਰਪ੍ਰੀਤ ਸਿੰਘ ਨੇ ਕਿਹਾ ਕਿ ਤਨਵੀਰ ਦੀ ਸ਼ਾਇਰੀ ਆਮ ਆਦਮੀ ਦੇ ਦਰਦ ਦੀ ਤਸਵੀਰ ਬਣਾਉਣ ਦੇ ਨਾਲ-ਨਾਲ ਸੁਫ਼ਨੇ, ਸਫ਼ਰ, ਸਲੀਬ ਤੇ ਸੰਵਾਦ ਪੈਦਾ ਕਰਨ ਵਾਲੀ ਸ਼ਾਇਰੀ ਹੈ। ਡਾ. ਮੋਹੀ ਨੇ ਕਿਹਾ ਕਿ ਤਨਵੀਰ ਦਾ ਕਾਵਿ ਨਾਇਕ ਖ਼ੁਦਕੁਸ਼ੀ ਨਹੀਂ ਸੰਘਰਸ਼ ਦਾ ਰਾਹ ਚੁਣਦਾ ਹੈ। ਪੇਸ਼ ਪਰਚਿਆਂ 'ਤੇ ਚਰਚਾ ਨੂੰ ਅਗਾਂਹ ਤੋਰਦਿਆਂ ਡਾ. ਕਰਮਜੀਤ ਸਿੰਘ, ਡਾ। ਰਾਏ ਅਤੇ ਪ੍ਰੋ। ਬੱਲੀ ਨੇ ਕਿਹਾ ਕਿ ਤਨਵੀਰ ਦੀ ਸ਼ਾਇਰੀ ਵਿੱਚ ਨਾਬਰੀ ਦਾ ਰੰਗ, ਸਮ-'ਜਵਾਦ ਦਾ ਸੰਕਲਪ, ਕੁਦਰਤ, ਹਾਸ਼ੀਆਗਤ ਲੋਕਾਂ ਦੀ ਹੂਕ, ਮੁਹੱਬਤ ਦੀਆਂ ਛੋਹਾਂ ਦੇ ਨਾਲ-ਨਾਲ ਇਤਿਹਾਸਕ ਅੰਸ਼ਾਂ ਅਤੇ ਨਾਇਕਾਂ ਦੀ ਹਾਜ਼ਰੀ ਸ਼ਾਇਰ ਦੀ ਪਲੇਠੇ ਗ਼ਜ਼ਲ ਸੰਗ੍ਰਹਿ ਵਿੱਚ ਹੀ ਪ੍ਰਪੱਕਤਾ ਨਾਲ ਕਦਮ ਰੱਖਣ ਦੀ ਹਾਮੀ ਭਰਦੀ ਹੈ, ਉਸਦੀ ਸ਼ਾਇਰੀ ਜ਼ਿਕਰ ਦੀ ਨਹੀਂ ਫ਼ਿਕਰ ਦੀ ਹੈ।

ਸੰਵਾਦ ਵਿੱਚ ਹਿੱਸਾ ਲੈਂਦਿਆਂ ਮਦਨ ਵੀਰਾ, ਡਾ. ਸਾਂਵਲ ਧਾਮੀ, ਨਵਤੇਜ ਗੜ੍ਹਦੀਵਾਲਾ ਕਿਹਾ ਕਿ ਤਨਵੀਰ ਦੇ ਸ਼ੇਅਰਾਂ ਦੀ ਸੰਖੇਪਤਾ ਵਿੱਚ ਹੀ ਵਿਸਤਾਰ ਪਿਆ ਹੈ। ਚੇਤਨਾ ਅਤੇ ਚਿੰਤਨ ਨਾਲ ਲਬਰੇਜ਼ ਉਸਦੇ ਸ਼ੇਅਰ ਲੂੰ ਕੰਡੇ ਖੜ੍ਹੇ ਕਰਨ ਵਾਲੈ ਹਨ।ਵਿਦੇਸ਼ੀ ਧਰਤੀ 'ਤੇ ਰਹਿੰਦਿਆਂ ਤਨਵੀਰ ਨੇ ਦੂਰੋਂ ਆਫ਼ਣੀ ਮਿੱਟੀ, ਬੋਲੀ ਅਤੇ ਲੋਕਾਂ ਦੀਆਂ ਲੋੜਾਂ ਥੋੜਾਂ ਤੇ ਦਰਦਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੇ ਆਫ਼ਣੀ ਸ਼ਾਇਰੀ ਵਿੱਚ ਢਾਲਿਆ ਹੈ। ਸਾਹਿਤ ਸਭਾ 'ਚੋਂ ਸੁਰਿੰਦਰ ਕੰਗਵੀ ਅਤੇ ਕੁਲਤਾਰ ਸਿੰਘ ਕੁਲਤਾਰ ਨੇ ਤਨਵੀਰ ਦੀਆਂ ਗ਼ਜ਼ਲਾਂ ਨੂੰ ਤਰੰਨੁੰ ਵਿੱਚ ਪੇਸ਼ ਕਰਕੇ ਰੰਗ ਬੰਨ੍ਹ ਦਿੱਤਾ। ਇਸ ਸਮੇਂ ਪ੍ਰਧਾਨਗੀ ਮੰਡਲ ਵਿੱਚ ਹਾਜ਼ਰ ਅਦੀਬਾਂ ਅਤੇ ਸੰਵਾਦ ਰਚਾਉਣ ਵਾਲੇ ਵਿਦਵਾਨਾਂ ਦਾ ਭਾਸ਼ਾ ਵਿਭਾਗ ਅਤੇ ਸਾਹਿਤ ਸਭਾ ਵੱਲੋਂ ਲੋਈਆਂ ਅਤੇ ਕਿਤਾਬਾਂ ਦੇ ਸੈੱਟਾਂ ਨਾਲ ਸਨਮਾਨ ਕੀਤਾ ਗਿਆ। ਧੰਨਵਾਦੀ ਸ਼ਬਦ ਜਸਬੀਰ ਸਿੰਘ ਧੀਮਾਨ ਨੇ ਆਫ਼ਣੀਆਂ ਸਾਰਥਕ ਟਿੱਪਣੀਆਂ ਰਾਹੀਂ ਆਖੇ।

ਇਸ ਮੌਕੇ ਡਾ. ਮਨਮੋਹਨ ਸਿੰਘ ਤੀਰ, ਸਤੀਸ਼ ਕੁਮਾਰ, ਡਾ. ਅਜੀਤ ਸਿੰਘ ਜੱਬਲ, ਹਰਦਿਆਲ ਹੁਸ਼ਿਆਰਪੁਰੀ, ਰਬਿੰਦਰ ਸ਼ਰਮਾ, ਰਜਿੰਦਰ ਸੱਚਦੇਵਾ, ਰਾਜਦੀਪ ਸਿੰਘ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ, ਤੀਰਥ ਚੰਦ ਸਰੋਆ, ਲਵਪ੍ਰੀਤ, ਲਾਲ ਸਿੰਘ, ਪੁਸ਼ਪਾ ਰਾਣੀ, ਸਿਮਰਤਪਾਲ ਸਿੰਘ ਥਿਆੜਾ, ਕਰਮਜੀਤ ਸਿੰਘ ਅਤੇ ਪਟਵਾਰ ਟ੍ਰੇਨਿੰਗ ਸਕੂਲ ਦੇ ਵਿਦਿਆਰਥੀ ਭਰਵੀਂ ਗਿਣਤੀ ਵਿੱਚ ਹਾਜ਼ਰ ਸਨ।



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਉਸਮਾਨਪੁਰ ਵਿਖੇ ਜਾਗਰੂਕਤਾ ਕੈਂਪ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ ਭ ਸ ਨਗਰ ਵੱਲੋਂ ਪਿੰਡ ਉਸਮਾਨਪੁਰ ਵਿਖੇ ਲਗਾਏ ਗਏ ਜਾਗਰੂਕਤਾ ਕੈਂਪ ਦੌਰਾਨ ਪੀ ਐੱਲ ਵੀ ਬਲਦੇਵ ਭਾਰਤੀ (ਸਟੇਟ ਅਵਾਰਡੀ) ਨੇ ਵੱਖ ਵੱਖ ਕਾਨੂੰਨਾਂ ਅਤੇ ਭਲਾਈ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਪਿੰਡ ਵਾਸੀਆਂ ਨੂੰ 'ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗਾਰੰਟੀ ਕਾਨੂੰਨ-2005' ਅਤੇ 'ਉਸਾਰੀ ਮਜ਼ਦੂਰ ਭਲਾਈ ਕਾਨੂੰਨ-1996' ਸਬੰਧੀ ਜਾਗਰੂਕ ਕਰਦਿਆਂ 2 ਦਰਜਨ ਦੇ ਕਰੀਬ ਉਸਾਰੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਕਰਕੇ ਅਤੇ ਭਲਾਈ ਸਕੀਮਾਂ ਦਾ ਲਾਭ ਪ੍ਰਦਾਨ ਕਰਵਾਉਣ ਲਈ ਮੁੱਢਲੀ ਪ੍ਰਕਿਰਿਆ ਵੀ ਮੁਕੰਮਲ ਕਰਵਾਈ। ਪੀ. ਐਲ. ਵੀ. ਬਲਦੇਵ ਭਾਰਤੀ ਨੇ ਬੱਚਿਆਂ ਦੀ ਸੁਰੱਖਿਆ ਹਿੱਤ 'ਪੋਕਸੋ ਐਕਟ-2012' ਅਤੇ 'ਜੁਵੇਨਾਈਲ ਜਸਟਿਸ ਐਕਟ-2015' ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 'ਚਾਇਲਡ ਹੈਲਪਲਾਈਨ ਨੰਬਰ-1098' ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਿੰਡ ਉਸਮਾਨਪੁਰ ਦੇ 5 ਲੋੜਵੰਦ ਬੱਚਿਆਂ ਨੂੰ ਮਿਸ਼ਨ ਵਾਤਸੱਲੀਆ ਤਹਿਤ 'ਸਪੋਂਸਰਸ਼ਿੱਪ ਐਂਡ ਫੋਸਟਰ ਕੇਅਰ ਸਕੀਮ' ਅਧੀਨ ਵਿੱਤੀ ਸਹਾਇਤਾ ਪ੍ਰਦਾਨ ਕਰਵਾਉਣ ਲਈ ਵੀ ਮੁੱਢਲੀ ਪ੍ਰਕਿਰਿਆ ਮੁਕੰਮਲ ਕੀਤੀ ਗਈ ਹੈ। ਇਸ ਜਾਗਰੂਕਤਾ ਕੈਂਪ ਦੌਰਾਨ ਨੈਸ਼ਨਲ ਲੇਬਰ ਆਰਗਨਾਈਜੇਸ਼ਨ (ਐਨ ਐਲ ) ਦੇ ਵਲੰਟੀਅਰ ਸੁਰਿੰਦਰ ਹੀਰ, ਕੁਲਦੀਪ ਸਿੰਘ ਦੀਪਾ, ਨਿਰਮਲ ਸਿੰਘ, ਨੀਲਮ ਰਾਣੀ, ਨਿਰਮਲ ਕੌਰ ਅਤੇ ਪ੍ਰੀਤਮ ਸਿੰਘ ਅਤੇ ਖੁਨਦਾਨੀ ਹਰਸ਼ਦੀਪ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ।




# ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ ਨੇ ਭਰੀ ਚਾਰ ਜਰੂਰਤਮੰਦ ਵਿਦਿਆਰਥੀਆਂ ਦੀ ਪੂਰੀ ਫੀਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 4 ਜ਼ਰੂਰਤਮੰਦ ਵਿਦਿਆਰਥੀਆਂ ਦੀ ਪੂਰੇ ਸਾਲ ਦੀ ਫੀਸ ਦਿੱਤੀ ਗਈ। ਇਸ ਮੌਕੇ ਤੇ ਸੁਸਾਇਟੀ ਦੇ ਪ੍ਰਧਾਨ ਸ। ਜਸਮੀਤ ਸਿੰਘ ਸੇਠੀ ਨੇ ਦੱਸਿਆ ਕਿ ਉਹ ਆਪਣੀ ਸੁਸਾਇਟੀ ਵੱਲੋਂ ਵਿੱਦਿਆ ਮੰਦਿਰ ਸਕੂਲ ਦੀਆਂ 4 ਬੱਚੀਆਂ ਦੀ ਪੂਰੇ ਸਾਲ ਦੀ ਫੀਸ ਦਿੰਦੇ ਹਨ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਬੱਚਿਆਂ ਨੂੰ ਨਸ਼ੇ ਤੋਂ ਦੂਰ ਰਹਿਣਾ ਚਾਹੀਦਾ ਹੈ, ਉਨ੍ਹਾਂ ਨੂੰ ਉੱਚ ਸਿੱਖਿਆ ਗ੍ਰਹਿਣ ਕਰਕੇ ਇੱਕ ਚੰਗੇ ਨਾਗਰਿਕ ਬਣ ਕੇ ਦੇਸ਼ ਦੀ ਉਨਤੀ ਵਿੱਚ ਯੋਗਦਾਨ ਦੇਣਾ ਚਾਹੀਦਾ ਹੈ। ਇਸ ਮੌਕੇ ਤੇ ਸੰਸਥਾਂ ਦੇ ਚੇਅਰਮੈਨ ਸ। ਆਗਿਆ ਪਾਲ ਸਾਹਨੀ ਨੇ ਕਿਹਾ ਕਿ ਸਾਡੀ ਸੰਸਥਾਂ ਸਮੇਂ-ਸਮੇਂ ਸਮਾਜ ਕਲਿਆਣ ਦੇ ਕੰਮਾਂ ਵਿੱਚ ਸਹਿਯੋਗ ਕਰਦੀ ਰਹਿੰਦੀ ਹੈ ਅਤੇ ਬੱਚਿਆਂ ਨੂੰ ਕਾਪੀਆਂ ਅਤੇ ਜ਼ਰੂਰਤ ਦਾ ਸਮਾਨ ਵੀ ਪ੍ਰਦਾਨ ਕਰਦੀ ਹੈ। ਸਟੇਜ ਦਾ ਸੰਚਾਲਨ ਸਕੂਲ ਦੀ ਮੈਡਮ ਮੋਨੀਕਾ ਨਾਰੰਗ ਜੀ ਨੇ ਬਾਖੂਬੀ ਕੀਤਾ। ਸਕੂਲ ਦੇ ਮੁੱਖ ਅਧਿਆਪਕਾ ਸ਼੍ਰੀਮਤੀ ਸ਼ੋਭਾ ਰਾਣੀ ਨੇ ਸੰਸਥਾਂ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਭੁਪਿੰਦਰ ਸਿੰਘ, ਗੁਰਜੀਤ ਸਿੰਘ ਵਧਾਵਨ, ਜਸਵੰਤ ਸਿੰਘ ਭੋਗਲ, ਗੁਰਪ੍ਰੀਤ ਸਿੰਘ, ਪ੍ਰੋ. ਦਲਜੀਤ ਸਿੰਘ, ਜਸਵੀਰ ਸਿੰਘ ਜੱਸੀ ਅਤੇ ਸਕੂਲ ਦੇ ਸਮੂਹ ਸਟਾਫ ਸ਼ਾਮਿਲ ਸਨ।



# ਮੁੱਖ ਮੰਤਰੀ ਤੋਂ ਮਿ.ਲੇ ਸੋਨ-ਸੁਨਹਿਰੀ ਸਨਮਾਨ ਦੀ ਸਾਖੀ?





ਇਹ ਲੇਖ ਪੜ੍ਹਦਿਆਂ ਪਾਠਕਾਂ ਦੇ ਮਨਾਂ ਵਿਚ ਮੇਰੇ ਬਾਰੇ ਪੈਦਾ ਹੋਣ ਵਾ.ਲੇ ਸ਼ੱਕ ਦੀ ਨਵਿਰਤੀ ਵਜੋਂ ਪਹਿਲਾਂ ਹੀ ਦੱਸ ਦਿਆਂ ਕਿ ਮੈਂ ਜਮਾਂਦਰੂ ਅਕਾਲੀ ਹਾਂ ਪਰ ਅਕਾਲੀ ਦਲ ਨੂੰ ਇਕ ਟੱਬਰ ਦੀ ਜਕੜ ਤੋਂ ਮੁਕਤ ਕਰਨ ਵਾਸਤੇ ਹੋਰ ਅਨੇਕਾਂ ਪੰਜਾਬੀਆਂ/ਸਿੱਖਾਂ ਵਾਂਗ ਪੰਜਾਬ ਵਿਚ ਆਈ ਸਿਆਸੀ ਤਬਦੀਲੀ ਦਾ ਹਮਾਇਤੀ ਬਣਿਆਂ ਸਾਂ। ਪੰਜਾਬ ਵਿਚ ਪਹਿਲੀ ਵਾਰ 'ਆਮ ਆਦਮੀ ਪਾਰਟੀ' ਵਲੋਂ ਚੋਣਾ ਲੜਨ ਮੌਕੇ ਮੈਂ ਉਚੇਚਾ ਨਹੀਂ ਸਗੋਂ ਆਪਣੇ ਨਿਜੀ ਰੁਟੀਨ ਮੁਤਾਬਿਕ ਹੀ ਆਪਣੇ ਪਿੰਡ ਪਹੁੰਚਿਆ ਸੀ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਨਾ.ਲ ਜੁੜੇ ਹੋਏ ਆਪਣੇ ਮਿੱਤਰ ਮਾਸਟਰ ਗੁਰਚਰਨ ਸਿੰਘ ਬਸਿਆ.ਲਾ ਨਾਲ ਉਦੋਂ ਗੜ੍ਹਸ਼ੰਕਰ ਲਾਗੇ ਹੋਈ 'ਆਪ' ਦੀ ਇੱਕ ਚੋਣ ਰੈਲੀ ਵਿਚ ਸ਼ਾਮਲ ਹੋਇਆ ਸਾਂ ਜਿੱਥੇ ਸ੍ਰੀ ਭਗਵੰਤ ਸਿੰਘ ਮਾਨ ਪ੍ਰਚਾਰ ਕਰਨ ਆਏ ਹੋਏ ਸਨ।

ਮਾਨ ਸਾਹਿਬ ਦੀ ਕਲਾ ਦਾ ਪ੍ਰਸੰਸਕ ਹੋਣ ਤੋਂ ਇਲਾਵਾ ਉਨ੍ਹਾਂ ਨਾਲ ਮੇਰੀ ਏਨੀ ਕੁ ਜਾਣ ਪਹਿਚਾਣ ਹੀ ਸੀ ਕਿ ਜਦ ਉਨ੍ਹਾਂ ਸੰਗਰੂਰ ਤੋਂ ਲੋਕ ਸਭਾ ਦੀ ਚੋਣ ਲੜੀ ਸੀ ਤਾਂ 'ਸੁਣ ਸੰਗਤੇ ਸੰਗਰੂਰ ਦੀਏ !' ਸਿਰਲੇਖ ਵਾ.ਲਾ ਮੇਰਾ ਇਕ ਅਖਬਾਰੀ ਲੇਖ ਪੜ੍ਹ ਕੇ ਉਨ੍ਹਾਂ ਮੈਨੂੰ ਅਮਰੀਕਾ ਨੂੰ ਫੋਨ ਕਰਿਆ ਸੀ।ਉਨ੍ਹਾਂ ਦੇ ਐਮ. ਪੀ ਜਾਂ ਮੁੱਖ ਮੰਤਰੀ ਬਣਨ ਬਾਅਦ ਮੈਂ ਅਮਰੀਕਾ ਤੋਂ ਪੰਜਾਬ ਜਾ ਕੇ ਕਈ ਕਈ ਮਹੀਨੇ ਆਪਣੇ ਪਿੰਡ ਰਹਿੰਦਾ ਰਿਹਾਂ ਪਰ ਨਾ ਮੈਂ ਕਦੇ ਮਾਨ ਸਾਹਬ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਕਦੇ ਫੋਨ 'ਤੇ ਦੁਆ-ਸਲਾਮ ਕਰੀ।ਹਾਂ ਇਕ ਵਾਰ ਜਦ ਮੈਨੂੰ ਲੱਗਿਆ ਕਿ ਪਹਿਲੀ ਵਾਰ ਮੁੱਖ ਮੰਤਰੀ ਬਣੇ ਮਾਨ ਸਾਹਬ ਦੁਆ.ਲੇ ਅਫਸਰਸ਼ਾਹੀ ਜੁੰਡਲੀ ਬਣਾ ਰਹੀ ਹੈ ਤਾਂ ਮੈਂ ਉਨ੍ਹਾਂ ਨੂੰ ਆਗਾਹ ਕਰਨ ਲਈ ਲੇਖ ਲਿਖਿਆ ਸੀ-'ਬ੍ਰੈਕਟਾਂ ਪਾਉਣੀ ਬਾਬੂਸ਼ਾਹੀ ਤੋਂ ਬਚ ਕੇ ਭਗਵੰਤ ਮਾਨ ਜੀ!'

ਪਿਛਲੇ ਸਾਲ 9 ਸਤੰਬਰ 2023 ਵਾ.ਲੇ ਦਿਨ 'ਰੋਜ਼ਾਨਾ ਸਪੋਕਸਮੈਨ' ਦੇ ਮੁੱਖ ਸਫੇ ਉੱਪਰ ਸੁਖਬੀਰ ਸਿੰਘ ਬਾਦਲ ਉੱਤੇ ਤਿੱਖਾ ਵਿਅੰਗ-ਬਾਣ ਛੱਡਦਾ ਮੇਰਾ ਇਕ ਛੋਟਾ ਜਿਹਾ ਲੇਖ 'ਸੁਖਬੀਰ ਬਾਦਲ ਨੇ ਕੁੰਡਾ ਖੜਕਾਇਆ ਐ?' ਛਪਿਆ, ਜਿਸਨੂੰ ਪੜ੍ਹ ਕੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਨੇ ਅਮਰੀਕਾ ਫੋਨ ਕਰਕੇ ਮੇਰੀ ਸ਼ਲਾਘਾ ਕੀਤੀ।ਸੁਭਾਅ ਮੁਤਾਬਿਕ ਕੁੱਝ ਹਾਸਾ ਮਜ਼ਾਕ ਕਰਦਿਆਂ ਉਨ੍ਹਾਂ ਮੈਨੂੰ ਪੁੱਛਿਆ ਕਿ ਤੁਸੀਂ ਪੰਜਾਬ ਨਹੀਂ ਆਉਂਦੇ ਹੁੰਦੇ ? ਜਦ ਮੈਂ ਹਰੇਕ ਸਾਲ ਆਪਣੇ ਪਿੰਡ ਆਉਣ ਅਤੇ ਕਈ ਕਈ ਮਹੀਨੇ ਰਹਿ ਕੇ ਜਾਣ ਦੀ ਗੱਲ ਦੱਸੀ ਤਾਂ ਉਹ ਥੋੜੇ ਹਿਰਖ ਕੇ ਕਹਿੰਦੇ ਕਿ ਫਿਰ ਮੈਨੂੰ ਮਿਲਣ ਕਿਉਂ ਨਹੀਂ ਆਉਂਦੇ ਤੁਸੀਂ? ਨਾ.ਲ ਹੀ ਉਨ੍ਹਾਂ ਵਲੋਂ 'ਹੁਣ ਕਦੋਂ ਪੰਜਾਬ ਆਉਣਾ?' ਪੁੱਛਣ 'ਤੇ ਜਦ ਮੈਂ ਦੱਸਿਆ ਕਿ ਦਸੰਬਰ ਵਿਚ ਹੀ ਆ ਰਿਹਾ ਹਾਂ ਤਾਂ ਉਹ ਹੱਸਦਿਆਂ ਕਹਿੰਦੇ ਕਿ ਆਹ ਮੇਰਾ ਪ੍ਰਸਨਲ ਨੰਬਰ ਨੋਟ ਕਰ ਲਉ, ਮੈਨੂੰ ਇਕ ਵਾਰ ਪੰਜਾਬ ਆਉਣ ਦੀ ਇਤਲਾਹ ਦੇ ਦਿਉ ਪਿੰਡੋਂ ਮੈਂ ਆਪੇ 'ਚੁੱਕ ਲਿਆਊਂ' ਤੁਹਾਨੂੰ!

ਲਉ ਜੀ 5 ਦਸੰਬਰ 2023 ਨੂੰ ਮੈਂ ਅਮਰੀਕਾ ਤੋਂ ਦੁਪਾਲ ਪੁਰ ਪਹੁੰਚ ਗਿਆ। ਮੁੱਖ ਮੰਤਰੀ ਨਾ.ਲ ਮੈਨੂੰ ਕੋਈ ਕੰਮ ਤਾਂ ਹੈ ਨਹੀਂ ਸੀ, ਸੋ ਹਫਤਾ ਕੁ ਜੱਕੋ-ਤੱਕੀ 'ਚ ਪਿਆ ਰਿਹਾ।ਪਰ ਇਕ ਦਿਨ ਮੈਂ ਮਾਨ ਸਾਹਬ ਨੂੰ ਫੋਨ ਕਰਿਆ ਤਾਂ ਉਨ੍ਹਾਂ ਦੇ ਸਹਾਇਕ ਨੇ ਪੰਜ ਕੁ ਮਿੰਟ ਬਾਅਦ ਮੇਰੀ ਮਾਨ ਸਾਹਬ ਨਾ.ਲ ਗੱਲ ਕਰਾ ਦਿੱਤੀ ਤੇ ਉਨ੍ਹਾਂ ਮੈਨੂੰ 22 ਦਸੰਬਰ ਸਵੇਰੇ ਗਿਆਰਾਂ ਵਜੇ ਮਿਲਣ ਦਾ ਸਮਾਂ ਦੇ ਦਿੱਤਾ।

ਇਕੱਲਾ ਜਾਣ ਦੀ ਬਜਾਏ ਮੈਂ ਆਪਣੇ ਨਾ.ਲ ਅਮ-ਰੀਕਾ ਤੋਂ ਹੀ ਬੀਰੋਵਾ.ਲ (ਪੰਜਾਬ) ਆਏ ਆਪਣੇ ਮਿੱਤਰ ਜਸਪਾਲ ਸਿੰਘ ਵਿਰਕ, ਇੰਪਰੂਵਮੈਂਟ ਟ੍ਰਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਅਤੇ 'ਆਪ' ਦੇ ਯੂਥ ਆਗੂ ਮਨਦੀਪ ਸਿੰਘ ਅਟਵਾਲ ਨੂੰ ਵੀ ਤਿਆਰ ਕਰ ਲਿਆ। ਸਮੇਤ ਡ੍ਰਾਈਵਰ ਅਸੀਂ ਪੰਜੇ ਜਣੇ ਮਿੱਥੇ ਸਮੇਂ ਉੱਤੇ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਜਾ ਪਹੁੰਚੇ। ਗਰਮਾ ਗਰਮ ਕੌਫੀ ਨਾ.ਲ ਬਰਫੀ ਖੁਆ ਕੇ ਸਟਾਫ ਨੇ ਸਾਨੂੰ ਇਕ ਕਮਰੇ ਵਿਚ ਬਿਠਾ ਲਿਆ। ਸਾਡੇ ਆਇਆਂ ਦੀ ਸੂਚਨਾ ਅੰਦਰ ਪਹੁੰਚਣ 'ਤੇ ਪੀ।ਏ ਨੇ ਬਾਹਰ ਆ ਕੇ ਸਾਨੂੰ ਦੱਸਿਆ ਕਿ 'ਸਾਹਬ' ਇਕ ਜਰੂਰੀ ਮੀਟਿੰਗ ਕਰ ਰਹੇ ਨੇ 'ਵੇਟ' ਕਰਿਉ!

ਅੱਧੇ ਕੁ ਘੰਟੇ ਬਾਅਦ ਇਕ ਸਰਦਾਰ ਜੀ ਸਾਡੇ ਕੋਲ ਆ ਕੇ ਕਹਿੰਦੇ 'ਦੁਪਾਲ ਪੁਰੀ ਜੀ' ਕੌਣ ਨੇ ਤੁਹਾਡੇ ਨਾ.ਲ? ਮੈਂ ਹੁੰਗਾਰੇ ਵਜੋਂ ਸਿਰ ਹਿਲਾਇਆ ਤਾਂ ਉਹ ਮੈਨੂੰ ਕਹਿੰਦੇ ਆਉ ਜੀ ਅੰਦਰ ਚੱਲੀਏ!ਮੈਂ ਆਪਣੇ ਸਾਥੀਆਂ ਵੱਲ੍ਹ ਦੇਖਿਆ ਤਾਂ ਉਹ ਸਰਦਾਰ ਜੀ ਕਹਿੰਦੇ ਇਨ੍ਹਾਂ ਨੂੰ ਵੀ ਮਿ.ਲਾਉਂਦੇ ਹਾਂ ਪਰ ਪਹਿਲਾਂ ਤੁਸੀਂ..! ਮੈਂ ਸੋਚ ਰਿਹਾ ਸਾਂ ਕਿ ਅੰਦਰ ਵੱਡੇ ਬਾਦਲ ਵਾਂਗ ਮੁੱਖ ਮੰਤਰੀ ਭੀੜ 'ਚ ਘਿਰਿਆ ਬੈਠਾ ਹੋਵੇ ਗਾ ਪਰ ਮੈਂ ਦੇਖ ਕੇ ਹੈਰਾਨ ਰਹਿ ਗਿਆ ! ਭਗਵੰਤ ਸਿੰਘ ਮਾਨ ਇਕੱਲਾ ਹੀ ਖੜ੍ਹਾ ਸੀ ਤੇ ਮੇਰੇ ਅੰਦਰ ਵੜਦਿਆਂ ਹੀ ਉਹ ਕੋਡਾ ਹੋ ਕੇ ਮੇਰੇ ਗੋਡੀਂ ਹੱਥ ਲਾਉਣ ਲਈ ਅਹੁਲਿ.ਆ !! ਪਰ ਮੈਂ ਛੇਤੀ ਦੇਣੀ ਉਸਦੇ ਹੱਥ ਫੜ ਲਏ ਤੇ ਉਸਨੇ ਮੈਨੂੰ ਗਲਵੱਕੜੀ ਪਾ ਕੇ ਫਤਹਿ ਬੁਲਾਈ... ਹਾਲ ਹਵਾਲ ਪੁੱਛਿਆ! ਉਹ ਮੈਨੂੰ ਕਮਰੇ ਤੋਂ ਬਾਹਰਵਾਰ ਚਿੜੀ-ਛਿੱਕੇ ਵਾ.ਲੇ ਗ੍ਰਾਊਂਡ ਵਿਚ ਡੱਠੀਆਂ ਕੁਰਸੀਆਂ ਵੱਲ ਲੈ ਗਏ।ਉਨ੍ਹਾਂ ਨਿਜੀ ਸੇਵਾਦਾਰ ਤੋਂ ਤਾਜ਼ਾ ਗਜ਼ਰੇਲਾ, ਬਰਫੀ ਅਤੇ ਕੌਫੀ ਮੰਗਵਾ ਲਈ। ਲਗਭਗ ਅੱਧਾ ਘੰਟਾ ਅਸੀਂ ਦੋਵੇਂ ਇਕੱਲੇ ਬੈਠੇ ਗੱਲਾਂ ਬਾਤਾਂ ਕਰਦੇ ਰਹੇ।

ਫਿਰ ਕਮਰੇ ਵਿਚ ਆ ਕੇ ਉਨ੍ਹਾਂ ਸਟਾਫ ਨੂੰ ਇਸ਼ਾਰਾ ਕੀਤਾ ਤੇ ਮੈਨੂੰ ਬੜੇ ਪਿਆਰ ਸਤਿਕਾਰ ਨਾ.ਲ ਚੌਵੀ ਕੈਰਟ ਸੋਨੇ ਨਾ.ਲ ਪਲੇਟਿਡ ਸ੍ਰੀ ਦਰਬਾਰ ਸਾਹਿਬ ਦਾ ਮੋਮੈਂਟੋ ਭੇਂਟ ਕੀਤਾ! ਉਸੇ ਵੇਲੇ ਅਮਨ ਅਰੋੜਾ ਜੀ ਅੰਦਰ ਆ ਗਏ ਤੇ ਮਾਨ ਸਾਹਬ ਨੂੰ ਮੇਰੇ ਬਾਰੇ ਪੁੱਛਣ ਲੱਗੇ। ਮੁੱਖ ਮੰਤਰੀ ਨੇ ਬੜੇ ਮਾਣ ਸਤਿਕਾਰ ਵਾ.ਲੇ ਵਿਸ਼ੇਸ਼ਣ ਲਾਉਂਦਿਆਂ ਅਰੋੜਾ ਜੀ ਨਾ.ਲ ਮੇਰਾ ਤੁਆਰਫ ਕਰਾਇਆ। ਅਰੋੜਾ ਸਾਹਬ ਮੁਸਕ੍ਰਾ ਕੇ ਕਹਿੰਦੇ ਕਿ ਫਿਰ ਤਾਂ ਮੈਂ ਵੀ 'ਕਲਮਕਾਰ' ਨੂੰ ਸਨਮਾਨਿਤ ਕਰਨਾ ਹੈ ਜੀ! ਫਿਰ ਮਾਨ ਸਾਹਬ ਮੇਰਾ ਹੱਥ ਫੜ ਕੇ ਉਸ ਕਮਰੇ 'ਚ ਆ ਗਏ ਜਿੱਥੇ ਮੇਰੇ ਸਾਥੀ ਬੈਠੇ ਸਨ। ਉਨ੍ਹਾਂ ਨੂੰ ਵੀ ਮਾਨ ਸਾਹਬ ਨੇ ਬੜੇ ਤਪਾਕ ਨਾਲ ਮਿ.ਲ ਕੇ ਗੱਲਬਾਤ ਕੀਤੀ ਚਾਹ-ਪਾਣੀ ਛਕਾਉਣ ਮਗਰੋਂ ਫੋਟੋਆਂ ਖਿਚਵਾਈਆਂ।

ਮੁੱਖ ਮੰਤਰੀ ਵਲੋਂ ਹੋਏ ਇਸ ਮਾਣ-ਸਨਮਾਨ ਮੌਕੇ ਸਰਕਾਰੀ ਫੋਟੋਗ੍ਰਾਫਰ ਵਲੋਂ ਖਿੱਚੀਆਂ ਹੋਈਆਂ ਫੋਟੋਆਂ ਮੈਂ ਪ੍ਰਵਾਰਕ ਮੈਂਬਰਾਂ ਜਾਂ ਕੁੱਝ ਕੁ ਅਤਿ ਨੇੜਲੇ ਮਿੱਤਰਾਂ ਤੋਂ ਇਲਾਵਾ ਅੱਜ ਤੱਕ ਕਿਸੇ ਨੂੰ ਕਦੇ ਨਹੀਂ ਦਿਖਾਈਆਂ।ਲੇਖਕ ਹੋਣਾ ਤਾਂ ਦੂਰ ਦੀ ਕੌਡੀ ਹੈ ਜਿਸ ਕਰਕੇ ਲੇਖਕਾਂ ਵਾਂਗ ਮੈਂ ਇਹ ਮਾਣ-ਸਨਮਾਨ ਸੋਸ਼ਲ ਸਾਈਟ 'ਤੇ ਵੀ ਹੁਣ ਤੱਕ ਸਾਂਝਾ ਨਹੀਂ ਕੀਤਾ। ਹੁਣ ਮੈਂ ਸੋਚਿਆ ਕਿ ਇਹ ਸਨਮਾਨ ਹੋਏ ਨੂੰ 22 ਦਸੰਬਰ 2024 ਵਾ.ਲੇ ਦਿਨ ਪੂਰਾ ਇਕ ਸਾਲ ਹੋ ਗਿਆ ਐ। ਸਾਲ ਬਾਅਦ ਤਾਂ ਇਹ ਫੋਟੋਆਂ 'ਜਨਤਕ ਕਰਨ' ਦਾ ਮਜ਼ਾ ਲੈ ਹੀ ਲੈਣਾ ਚਾਹੀਦਾ ਐ! ਕਿਉਂ ਜੀ ਮਿੱਤਰੋ?

**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

# ਪੰਜਾਬ ਦੇ ਰਾਜਪਾਲ ਨੇ ਰਿਆਤ-ਬਾਹਰਾ ਐਜੂਕੇਸ਼ਨ ਸਿਟੀ ’ਚ ਕਨਵੋਕੇਸ਼ਨ ਸਮਾਗਮ ’ਚ ਕੀਤੀ ਸ਼ਿਰਕਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਰਿਆਤ ਬਾਹਰਾ ਐਜੂਕੇਸ਼ਨ ਸਿਟੀ ਵਿਖੇ ਕਰਵਾਏ ਗਏ ਕਨਵੋਕੇਸ਼ਨ ਸਮਾਗਮ ਵਿਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸਿੱਖਿਆ, ਸੰਸਕਾਰ ਅਤੇ ਰੋਜ਼ਗਾਰ ਦੇ ਮਹੱਤਵ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੱਚੀ ਸਿੱਖਿਆ ਉਹ ਹੈ ਜੋ ਸਮਾਜ ਅਤੇ ਮਾਨਵਤਾ ਦੀ ਸੇਵਾ ਸਿਖਾਉਂਦੀ ਹੋਵੇ।

ਪ੍ਰੋਗਰਾਮ ਦੌਰਾਨ ਰਾਜਪਾਲ ਨੇ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਅਤੇ ਉਨ੍ਹਾਂ ਦੇ ਉਜਵੱਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਆਪਣੇ ਸੰਬੋਧਨ ਵਿਚ ਰਾਜਪਾਲ ਨੇ ਕਿਹਾ ਕਿ ਜੋ ਕੁਝ ਵੀ ਸਾਡੇ ਸਮਾਜ ਤੋਂ ਪ੍ਰਾਪਤ ਹੁੰਦਾ ਹੈ, ਉਸ ਨੂੰ ਵਾਪਸ ਕਰਨਾ ਸਾਡਾ ਕਰਤੱਵ ਹੈ ਅਤੇ ਇਸ ਵਿਚ ਸਭ ਤੋਂ ਵੱਡਾ ਆਨੰਦ ਲੁਕਿਆ ਹੋਇਆ ਹੈ। ਉਨ੍ਹਾਂ ਸੰਵਿਧਾਨ ਨਿਰਮਾਤਾ ਡਾ। ਭੀਮ ਰਾ ਅੰਬੇਦਕਰ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਿੱਖਿਆ ਸਭ ਤੋਂ ਵੱਡਾ ਹਥਿਆਰ ਹੈ। ਨਵੀਂ ਸਿੱਖਿਆ ਨੀਤੀ-2020 ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਹ ਨੀਤੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਕੌਸ਼ਲ ਵਿਕਾਸ ਨੂੰ ਪ੍ਰਾਥਮਿਕਤਾ ਦਿੰਦੀ ਹੈ। ਰਾਜਪਾਲ ਨੇ ਸ਼ੋਧ ਕਾਰਜਾਂ (ਰਿਸਰਚ) ’ਤੇ ਯੂਨੀਵਰਸਿਟੀਆਂ ਵਿਚ ਵੱਧ ਫੋਕਸ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਉਨ੍ਹਾਂ ਪੰਜਾਬ ਵਿਚ ਖੇਡਾਂ ਦੇ ਵਿਕਾਸ ਅਤੇ ਨਸ਼ੇ ’ਤੇ ਰੋਕ ਲਗਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਵੀ ਕਹੀ। ਰਿਆਤ-ਬਾਹਰ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਸਮਾਰੋਹ ਵਿਚ ਆਏ ਸਾਰੇ ਮਹਿਮਾਨ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਸਮਾਰੋਹ ਵਿਦਿਆਰਥੀਆਂ ਦੀ ਮਿਹਨਤ ਅਤੇ ਸਮਰਪਣ ਦਾ ਪ੍ਰਤੀਕ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਸਿੱਖਿਆ ਰਾਹੀਂ ਸਮਾਜ ਦੀ ਸੇਵਾ ਕਰਨਾ ਸਭ ਤੋਂ ਵੱਡਾ ਯੋਗਦਾਨ ਹੈ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਦੱਸਿਆ ਕਿ ਸਮਾਰੋਹ ਵਿਚ ਕੁੱਲ 438 ਵਿਦਿਆਰਥੀਆਂ ਨੂੰ ਡਿਗਰੀਆਂ ਦਿੱਤੀਆਂ ਗਈਆਂ।



ਇਸ ਵਿਚ 374 ਅੰਡਰ ਗਰੈਜੂਏਟ ਅਤੇ 64 ਪੋਸਟ ਗਰੈਜੂਏਟ ਵਿਦਿਆਰਥੀ ਸ਼ਾਮਲ ਸਨ ਜਿਸ ਵਿਚ ਫਾਰਮੇਸੀ ਦੇ 76, ਇੰਜਨੀਅਰਿੰਗ ਦੇ 109, ਨਰਸਿੰਗ ਦੇ 38, ਬੀ.ਐਡ ਦੇ 65, ਲਾਅ ਦੇ 15 ਅਤੇ ਮੈਨੇਜਮੈਂਟ ਦੇ 123 ਵਿਦਿਆਰਥੀ ਸ਼ਾਮਲ ਸਨ।

ਸਮਾਰੋਹ ਵਿਚ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ, ਸਾਬਕਾ ਸੰਸਦ ਅਵਿਨਾਸ਼ ਰਾਏ ਖੰਨਾ, ਸਾਬਕਾ ਕੈਬਨਿਟ ਮੰਤਰੀ ਤੀਕਸ਼ਨ ਸੂਦ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਐਸ.ਐਸ.ਪੀ. ਸੁਰੇਂਦਰ ਲਾਂਬਾ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਵਾਈਸ ਚਾਂਸਲਰ ਡਾ. ਰਾਜੀਵ ਸੂਦ, ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਸੁਸ਼ੀਲ ਮਿੱਤਲ, ਐਸ.ਡੀ.ਐਮ. ਸੰਜੀਵ ਕੁਮਾਰ ਸ਼ਰਮਾ, ਸਿਵਲ ਸਰਜਨ ਡਾ. ਪਵਨ ਕੁਮਾਰ, ਰਿਆਤ ਬਾਹਰਾ ਗਰੁੱਪ ਦੇ ਵਾਈਸ ਚੇਅਰਮੈਨ ਗੁਰਿੰਦਰ ਸਿੰਘ ਬਾਹਰਾ, ਸਾਹਿਲਾ ਭਾਮਰਾ, ਪ੍ਰੀਤ ਟਰੈਕਟਰਜ਼ ਦੇ ਐਮ।ਡੀ। ਸੁਖਵਿੰਦਰ ਸਿੰਘ ਸ਼ਾਮਲ ਸਨ।

## ਸਿੱਖ ਨੈਸ਼ਨਲ ਕਾਲਜ ਦੇ ਕੈਂਪਸ 'ਚ ਫੁੱਲਦਾਰ ਪੌਦੇ ਲਗਾਏ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)-** ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦਾ ਕਾਲਜ ਕੈਂਪਸ ਕੁਦਰਤੀ ਖ਼ੂਬਸੂਰਤੀ ਲਈ



ਜਾਣਿਆ ਜਾਂਦਾ ਹੈ। ਸੋ ਇਸ ਕੈਂਪਸ ਦੀ ਸੁੰਦਰਤਾ ਤੇ ਕੁਦਰਤੀ ਦਿੱਖ ਨੂੰ ਹੋਰ ਵੀ ਬੜਾਵਾ ਦੇਣ ਲਈ ਕਾਲਜ ਦੇ ਬਾਗਬਾਨੀ ਕਰਮਚਾਰੀਆਂ ਵੱਲੋਂ ਵੱਖ-ਵੱਖ ਕਿਸਮਾਂ ਦੇ ਰੰਗ-ਬਿਰੰਗੇ ਮੌਸਮੀ ਫੁੱਲਾਂ ਦੇ ਪੌਦੇ ਕਾਲਜ ਨੂੰ ਭੇਟ ਕੀਤੇ ਗਏ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਸਾਥੀ ਸਹਿਕਰਮੀਆਂ ਨੇ ਕਾਲਜ ਕੈਂਪਸ ਦੀਆਂ ਕਿਆਰੀਆਂ ਤੇ ਗਮਲਿਆਂ'ਚ ਇਹ ਪੌਦੇ ਲਗਾਏ। ਸਾਥੀ ਸਹਿਕਰਮੀਆਂ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਆਖਿਆ ਕਿ ਫ਼ੁੱਲ ਦੀ ਦਿੱਖ, ਸੁੰਦਰਤਾ ਤੇ ਖੁਸ਼ਬੂ ਜਿੱਥੇ ਮਨ ਨੂੰ ਮੋਂਹਦੀ ਤਰੋ-ਤਾਜ਼ਗੀ ਪ੍ਰਦਾਨ ਕਰਦੀ ਹੈ ਉੱਥੇ ਸਾਨੂੰ ਨਾਕਾਰਾਤਮਕਤਾ ਦੇ ਰਾਹ ਤੋਂ ਮੋੜ ਸਾਕਾਰਾਤਮਕਤਾ ਵੱਲ ਵੀ ਤੋਰਦੀ ਹੈ। ਸੋ ਹਰ ਵਿਅਕਤੀ ਨੂੰ ਆਪਣੇ ਰਹਿਣ ਬਸੇਰੇ, ਕੰਮ ਵਾਲੀ ਜਗ੍ਹਾ ਜਾਂ ਜਨਤਕ ਅਦਾਰਿਆਂ 'ਤੇ ਕੁਦਰਤੀ ਸੁਹੱਪਣ ਬਣਾਈ ਰੱਖਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਕਾਰਜ ਲਈ ਸ੍ਰੀ ਦਿਨੇਸ਼ ਕੁਮਾਰ ਨੇ ਮਾਲੀ ਤੌਰ 'ਤੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਮੌਕੇ ਡਾ. ਹਰਜੋਤ ਸਿੰਘ, ਪਰਮਜੀਤ ਸਿੰਘ (ਦਫ਼ਤਰ ਸੁਪ੍ਰਿੰਟੈਂਡੈਂਟ), ਅਮਨਦੀਪ ਸਿੰਘ (ਅਕਾਊਂਟੈਂਟ), ਬਲਜਿੰਦਰ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਸੀਤਾ ਰਾਮ, ਮਨਜੀਤ ਸਿੰਘ ਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ।

## ਗਾਇਕ ਕੇ. ਐਸ. ਮੱਖਣ-ਮਹਿਮਾਨ ਕਲਾਕਾਰ ਨੂੰ ਵਿਦਾਇਗੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਵਿਚ ਪੰਜਾਬੀ ਰਵਾਇਤੀ ਖੇਡਾਂ ਦੇ ਮਹਾਂਕੁੰਭ ‘ਨਿਊਜ਼ੀਲੈਂਡ ਸਿੱਖ ਖੇਡਾਂ’ ਅਤੇ ਸਭਿਆਚਾਰ ਮੇਲੈ ਦੇ ਖੁੱਲ੍ਹੇ ਅਖਾੜੇ ਵਜੋਂ ਜਾਣੇ ਜਾਂਦੇ ਸਿੱਖ ਖੇਡਾਂ ਦੇ ਸਭਿਆਚਾਰਕ ਮੇਲੈ ਵਿਚ ਇਸ ਵਾਰ ਪ੍ਰਸਿੱਧ ਪੰਜਾਬੀ ਗਾਇਕ ਕੇ. ਐਸ. ਮੱਖਣ ਪਹੁੰਚੇ ਸਨ। ਦੋ ਦਿਨਾਂ ਇਸ ਮੇਲੈ ਦੇ ਆਖਰੀ ਦਿਨ ਉਨ੍ਹਾਂ ਨੇ ਸਭਿਆਚਾਰ ਦੇ ਖੁੱਲ੍ਹੇ ਅਖਾੜੇ ਦੇ ਵਿਚ ਆਪਣੇ ਹਿੱਟ ਹੋ ਚੁੱਕੇ ਪੰਜਾਬੀ ਗੀਤਾਂ ਦੇ ਨਾਲ ਹਜ਼ਾਰਾਂ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਸੰਗੀਤਕ ਮੰਡਲੀ ਦੇ ਨਾਲ ਪਹੁੰਚੇ ਇਸ ਪੰਜਾਬੀ ਗਾਇਕ ਨੇ ਸਰੋਤਿਆਂ ਦੀਆਂ ਸਿਫਾਰਸ਼ਾਂ ਪੂਰੀਆਂ ਕਰਦਿਆਂ ਜਿੱਥੇ ਪਿਛਲੈ ਦੋ ਦਹਾਕਿਆਂ ਦੇ ਗੀਤਾਂ ਨੂੰ ਤਰੋਤਾਜ਼ਾ ਕਰ ਦਿੱਤਾ ਉਥੇ ਆਪਣੇ ਨਵੇਂ ਗੀਤਾਂ ਦੇ ਨਾਲ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਕੁਝ ਦਿਨ ਹੋਰ ਓਨ੍ਹਾਂ ਨੇ ਨਿਊਜ਼ੀਲੈਂਡ ਦੀ ਧਰਤੀ ਉਤੇ ਸਮਾਂ ਬਿਤਾਇਆ ਅਤੇ ਆਪਣੇ ਚਹੇਤਿਆਂ ਦੇ ਨਾਲ ਇਸ ਦੇਸ਼ ਦੀ ਸੁੰਦਰਤਾ ਨੂੰ ਮਾਣਿਆ। ਅੱਜ ਸਵੇਰੇ ਉਨ੍ਹਾਂ ਨੂੰ ਔਕਲੈਂਡ ਅੰਤਰ-ਰਾਸ਼ਟਰੀ ਹਵਾਈ ਅੱਡੇ ਉਤੇ ਨਿਊਜ਼ੀਲੈਂਡ ਸਿੱਖ ਖੇਡਾਂ ਦੀ ਕਮੇਟੀ ਦੀ ਤਰਫ਼ ਤੋਂ ਭਾਵ ਭਿੰਨੀ ਵਿਦਾਇਗੀ ਦਿੱਤੀ ਗਈ। ਨਿਊਜ਼ੀਲੈਂਡ ਸਿੱਖ ਖੇਡਾਂ ਦੀ ਨਿਸ਼ਾਨੀ ਵਜੋਂ ਉਨ੍ਹਾਂ ਨੂੰ ਬਹੁਤ ਹੀ ਸੁੰਦਰ ਯਾਦਗਾਰੀ ਚਿੰਨ੍ਹ ਦੇ ਕੇ ਸ. ਤਾਰਾ ਸਿੰਘ ਬੈਂਸ ਚੇਅਰਮੈਨ ਅਤੇ ਸ. ਦਲਜੀਤ ਸਿੰਘ ਸਿੱਧੂ ਪ੍ਰਧਾਨ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਨਿਊਜ਼ੀਲੈਂਡ ਸਿੱਖ ਖੇਡਾਂ ਦੀ ਕਮੇਟੀ ਦੇ ਦੇ ਦੂਜੇ ਅਹੁਦੇਦਾਰਾਂ ਸ. ਗੁਰਜਿੰਦਰ ਸਿੰਘ ਘੁੰਮਣ, ਸ. ਇੰਦਰਜੀਤ ਸਿੰਘ ਕਾਲਕਟ, ਸ. ਗੁਰਵਿੰਦਰ ਸਿੰਘ ਔਲਖ ਵੱਲੋਂ ਵੀ ਸ਼ੁੱਭ ਇਛਾਵਾਂ ਦਿੱਤੀਆਂ ਗਈਆਂ। ਪ੍ਰਸਿੱਧ ਕਾਰੋਬਾਰੀ ਸ. ਹਰਵਿੰਦਰ ਸਿੰਘ ਡੈਨੀ, ਜ਼ੋਰਾਵਰ ਸਿੰਘ ਰਾਇ, ਪੀਤਾ ਰਾਇ ਅਤੇ ਸ. ਦਲਬੀਰ ਸਿੰਘ ਲਸਾੜਾ ਹੋਰਾਂ ਨੇ ਉਨ੍ਹਾਂ ਨੂੰ ਮਿਲ ਕੇ ਇੰਡੀਆ ਜਾਣ ਵੇਲੈ ‘ਸੁਰੱਖਿਅਤ ਸਫ਼ਰ’ ਆਖਿਆ।



# ਪੱਤਰਕਾਰੀ ਦਾ ਵਰਤਮਾਨ ਸਰੂਪ ਅਤੇ ਚੁਣੌਤੀਆਂ

**ਪਟਿਆਲਾ–** ਪੱਤਰਕਾਰੀ ਵਿੱਚ ਪਿਛਲੇ ਪੰਜ ਦਹਾਕਿਆਂ ਵਿੱਚ ਵੱਡੇ ਪੱਧਰ 'ਤੇ ਤਬਦੀਲੀ ਆਈ ਹੈ। ਅਖ਼ਬਾਰਾਂ ਨੂੰ ਖ਼ਬਰਾਂ ਭੇਜਣ ਦੇ ਢੰਗ ਬਦਲ ਗਏ ਹਨ। ਸ਼ੁਰੂ ਵਿੱਚ ਖ਼ਬਰਾਂ ਭੇਜਣਾ ਔਖਾ ਕਾਰਜ ਸੀ ਪ੍ਰੰਤੂ ਸਮੇਂ ਦੀ ਤਬਦੀਲੀ ਨਾਲ ਤਾਰ ਪ੍ਰਣਾਲੀ, ਟੈਲੀਪ੍ਰਿੰਟਰ, ਫੈਕਸ ਅਤੇ ਹੁਣ ਈ.ਮੇਲ ਪ੍ਰਣਾਲੀ ਨਾਲ ਅਤਿਅੰਤ ਸੌਖਾ ਹੋ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ 'ਪੱਤਰਕਾਰੀ ਦਾ ਵਰਤਮਾਨ ਸਰੂਪ ਅਤੇ ਚੁਣੌਤੀਆਂ' ਬਾਰੇ ਜੀ.ਐਨ.ਗਰਲਜ਼ ਕਾਲਜ ਦੇ ਹੈਰੀਟੇਜ ਭਵਨ ਵਿੱਚ ਆਯੋਜਤ ਇੱਕ ਸੈਮੀਨਾਰ ਬੋਲਦਿਆਂ ਮੁੱਖਵਕਤਾ ਡਾ.ਹਰਜਿੰਦਰ ਪਾਲ ਸਿੰਘ ਵਾਲੀਆ ਨੇ ਕੀਤਾ। ਉਨ੍ਹਾਂ ਅੱਗੋਂ ਕਿਹਾ ਕਿ ਇਸ ਸਮੇਂ ਪੱਤਰਕਾਰੀ ਮਲਟੀ ਮੀਡੀਏ ਦੇ ਯੁਗ ਵਿੱਚ ਪਹੁੰਚ ਗਈ ਹੈ। ਅਜੋਕੇ ਸਮੇਂ ਵਿੱਚ ਪੱਤਰਕਾਰਾਂ ਲਈ ਸੱਚੀ ਖ਼ਬਰ ਦੀ ਪਛਾਣ ਕਰਨੀ ਮੁਸ਼ਕਲ ਹੋ ਗਈ ਹੈ। ਹਰ ਵਿਅਕਤੀ ਆਪਣੇ ਐਂਗਲ ਮੁਤਾਬਕ ਖ਼ਬਰ ਦਿੰਦਾ 'ਤੇ ਭੇਜਦਾ ਹੈ। ਅਮਰਜੀਤ ਸਿੰਘ ਵੜੈਚ ਨੇ ਕਿਹਾ ਕਿ ਪੱਤਰਕਾਰੀ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੀਆਂ ਨਵੀਆਂ ਟੈਕਨਾਲੋਜੀ ਦੀਆਂ ਕਾਢਾਂ ਤੋਂ ਵੀ ਖ਼ਤਰਾ ਹੈ। ਪੱਤਰਕਾਰਾਂ ਦਾ ਸ਼ੋਸ਼ਣ ਵੀ ਹੁੰਦਾ ਹੈ। ਪ੍ਰੋ. ਰਣਵਿੰਦਰ ਸਿੰਘ ਸੰਧੂ ਨੇ ਪੱਤਰਕਾਰਾਂ ਵੱਲੋਂ ਆਪਣੀ ਮਰਜ਼ੀ ਅਨੁਸਾਰ ਸੱਚ ਛੁਪਾਉਣ 'ਤੇ ਚਿੰਤਾ ਪ੍ਰਗਟ ਕੀਤੀ। ਇਹ ਸਮਾਗਮ ਡਾ.ਸਤਨਾਮ ਸਿੰਘ ਸੰਧੂ ਮੁੱਖ ਸੰਪਾਦਕ, ਪੰਜਾਬ ਹੈਰੀਟੇਜ ਨੇ ਆਯੋਜਤ ਕੀਤਾ ਸੀ। ਇਸ ਮੌਕੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਹੈਰੀਟੇਜ ਭਵਨ ਵਿੱਚ ਸੰਬਾਦ ਦੀ ਪ੍ਰਣਾਲੀ ਲਗਾਤਾਰ ਚਾਲੂ ਰੱਖੀ ਜਾਵੇਗੀ।




ਸੈਮੀਨਾਰ ਵਿੱਚ ਉਜਾਗਰ ਸਿੰਘ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਦਾ ਉਨ੍ਹਾਂ ਦੀਆਂ ਸਾਹਿਤ ਅਤੇ ਪੱਤਰਕਾਰੀ ਵਿੱਚ ਪਾਏ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਉਜਾਗਰ ਸਿੰਘ ਨੇ ਆਪਣੇ ਨਿੱਜੀ ਤਜ਼ਰਬਿਆਂ ਦੇ ਆਧਾਰ 'ਤੇ ਬੋਲਦਿਆਂ ਕਿਹਾ ਕਿ ਸਰਕਾਰੀ ਪ੍ਰਭਾਵ ਅਧੀਨ ਕਈ ਵਾਰੀ ਸੱਚੀਆਂ ਖ਼ਬਰਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ, ਜਿਸ ਕਰਕੇ ਲੋਕ ਪੱਤਰਕਾਰਾਂ ਦੀਆਂ ਖ਼ਬਰਾਂ ਨਾਲ ਗ਼ਲਤ ਰਾਏ ਬਣਾ ਲੈਂਦੇ ਹਨ ਤੇ ਘਟਨਾ ਦੀ ਅਸਲੀਅਤ ਦਾ ਪਤਾ ਹੀ ਨਹੀਂ ਲੱਗਦਾ।

ਇਸ ਮੌਕੇ 'ਤੇ ਡਾ.ਰਾਜਿੰਦਰ ਪਾਲ ਸਿੰਘ ਬਰਾੜ, ਅਜਾਇਬ ਸਿੰਘ ਚੱਠਾ ਜਗਤ ਪੰਜਾਬੀ ਸਭਾ ਕੈਨੇਡਾ, ਦਲ ਸਿੰਘ ਬਰਾੜ, ਸਤਨਾਮ ਚੌਹਾਨ, ਇੰਜ.ਜੁਗਰਾਜ ਸਿੰਘ, ਦਵਿੰਦਰ ਪਟਿਆਲਵੀ, ਸੁਖਵਿੰਦਰ ਚਹਿਲ, ਬਲਵਿੰਦਰ ਚਹਿਲ, ਰਵੇਲ ਸਿੰਘ ਭਿੰਡਰ, ਅੰਮ੍ਰਿਤ ਬੁੱਟਰ ਅਤੇ ਹੋਰ ਸਾਹਿਤਕਾਰਾਂ ਤੇ ਪੱਤਰਕਾਰਾਂ ਨੇ ਹਿੱਸਾ ਲਿਆ। ਡਾ. ਇਕਬਾਲ ਸਿੰਘ ਸੋਮੀਆ ਨੇ ਸਟੇਜ ਦਾ ਸੰਚਾਲਨ ਬਾਖ਼ੂਬੀ ਨਾਲ ਕੀਤਾ। ਸਕੂਲ ਦੀ ਪ੍ਰਿੰਸੀਪਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਪੰਜਾਬ ਵਣ ਗਾਰਡ ਸਿਖਲਾਈ ਸਕੂਲ ਵਿਖੇ ਨਸ਼ਿਆਂ ਅਤੇ ਇਸ ਦੇ ਇਲਾਜ ਸਬੰਧੀ ਜਾਗਰੂਕਤਾ ਸੰਬੰਧੀ ਵਰਕਸ਼ਾਪ ਲਗਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੋਮਲ ਮਿੱਤਲ ਆਈ.ਏ.ਐਸ. ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ , ਡਾ. ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ ਹੁਸ਼ਿਆਰਪੁਰ ਜੀ ਦੀ ਅਗਵਾਈ ਹੇਠ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਅਧੀਨ ਪੰਜਾਬ ਵਣ ਗਾਰਡ ਸਿਖਲਾਈ ਸਕੂਲ ਹੁਸ਼ਿਆਰਪੁਰ ਵਿਖੇ ਰਾਜੇਸ਼ ਕੁਮਾਰ ਮਹਾਜਨ ਆਈ.ਐਫ.ਐਸ. ਮੰਡਲ ਵਣ ਅਫ਼ਸਰ ਹੁਸ਼ਿਆਰਪੁਰ ਜੀ ਦੇ ਯਤਨਾਂ ਸਦਕਾ ਅਤੇ ਸ. ਗੁਰਦੀਪ ਸਿੰਘ ਵਣ ਰੇਂਜ ਅਫ਼ਸਰ ਹੁਸ਼ਿਆਰਪੁਰ ਅਤੇ ਡਾ. ਮਹਿਮਾ ਮਨਹਾਸ ਮੈਡੀਕਲ ਅਫ਼ਸਰ ਜਿਲ੍ਹਾ ਰਿਹੈਬਲੀਟੇਸ਼ਨ ਸੈਂਟਰ ਹੁਸ਼ਿਆਰਪੁਰ ਦੀ ਹਾਜ਼ਰੀ ਵਿੱਚ ਨਸ਼ਿਆਂ ਅਤੇ ਇਸ ਦੇ ਇਲਾਜ ਸਬੰਧੀ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਉਂਸਲਰ ਨਿਸ਼ਾ ਰਾਣੀ, ਮੈਨੇਜਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਨੇ ਸੰਬੋਧਨ ਕਰਦਿਆਂ ਕਿਹਾ ਵਿਸ਼ਵ ਸਿਹਤ ਸੰਗਠਨ ਅਨੁਸਾਰ ਨਸ਼ਾਖ਼ੋਰੀ ਇੱਕ ਮਾਨਸਿਕ ਬਿਮਾਰੀ ਹੈ, ਜਿਸ ਦਾ ਇਲਾਜ਼ ਸਰਕਾਰੀ ਸਿਹਤ ਅਦਾਰਿਆਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਨੇ ਨਸ਼ਾਖੋਰੀ ਦੇ ਕਾਰਨ, ਚਿੰਨ੍ਹ ਅਤੇ ਇਸ ਦੇ ਨਾਲ ਹੋਣ ਵਾਲਿਆਂ ਬਿਮਾਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਮੌਕੇ ਪ੍ਰਸ਼ਾਂਤ ਆਦਿਆ, ਕਾਉਸਲਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਨੇ ਕਿਹਾ ਕਿ ਨਸ਼ਾਖੋਰੀ ਦਾ ਇਲਾਜ਼ ਜਿਲ੍ਹਾ ਹੁਸ਼ਿਆਰਪੁਰ ਵਿੱਚ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅਤੇ ਦਸੂਹਾ ਵਿਖੇ ਮੁਫਤ ਕੀਤਾ ਜਾਂਦਾ ਹੈ। ਜਿਸ ਵਿੱਚ ਪਹਿਲਾਂ 15-21 ਦਿਨ ਤਕ ਮਰੀਜ਼ ਦਾ ਡੀਟੋਕਸੀਫਿਕੇਸ਼ਨ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਮਰੀਜ਼ ਨੂੰ ਸਰਕਾਰੀ ਪੁਨਰਵਾਸ ਕੇਂਦਰ ਮੁਹੱਲਾ ਫਤਹਿਗੜ੍ਹ ਹੁਸ਼ਿਆਰਪੁਰ ਵਿਖੇ 90 ਦਿਨਾਂ ਲਈ ਦਾਖ਼ਲ




ਕਰਵਾਇਆ ਜਾਂਦਾ ਹੈ, ਜਿਥੇ ਵਿਅਕਤੀਗਤ ਕਾਉਸਲਿੰਗ, ਗਰੁੱਪ ਕਾਉਸਲਿੰਗ, ਅਧਿਆਤਮਿਕ ਕਾਉਸਲਿੰਗ ਦੇ ਨਾਲ ਨਾਲ ਖੇਡਾਂ ਅਤੇ ਥੈਰਪੀ ਵੀ ਕਾਰਵਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਨਸ਼ਾਖੋਰੀ ਦੇ ਇਲਾਜ਼ ਦੇ ਨਾਲ ਨਾਲ ਪ੍ਰਮਾਨਿਤ ਸਕਿੱਲ ਡਿਵੈਲਪਮੈਂਟ ਕੋਰਸ ਵੀ ਕਰਵਾਏ ਜਾਂਦੇ ਹਨ ਤਾਂ ਕਿ ਮਰੀਜ਼ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ।

ਇਸ ਮੌਕੇ ਡਾ. ਮਹਿਮਾ ਮਨਹਾਸ ਮੈਡੀਕਲ ਅਫ਼ਸਰ ਜੀ ਨੇ ਕਿਹਾ ਕਿ ਨਸ਼ਾਖੋਰੀ ਦਾ ਇਲਾਜ਼ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋ ਮੁਫ਼ਤ ਕੀਤਾ ਜਾਂਦਾ ਹੈ, ਜ਼ੇਕਰ ਕੋਈ ਮਰੀਜ਼ ਇਲਾਜ਼ ਲਈ ਆਉਂਦਾ ਹੈ ਤਾਂ ਨਸ਼ਾ ਮੁਕਤੀ ਕੇਂਦਰ ਉਸ ਦਾ ਪੂਰਾ ਇਲਾਜ਼ ਕਰਨ ਲਈ ਵਚਨਵੱਧ ਹੈ। ਇਸ ਮੌਕੇ ਤੇ ਡਾ. ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ ਹੁਸ਼ਿਆਰਪੁਰ ਨੇ ਕਿਹਾ ਸਿਹਤ ਵਿਭਾਗ ਪੰਜਾਬ ਅਤੇ ਸ਼੍ਰੀਮਤੀ ਕੋਮਲ ਮਿੱਤਲ ਆਈ.ਏ.ਐਸ. ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੀ ਦੇ ਯਤਨਾਂ ਸਦਕਾ ਕੇਂਦਰ ਵਿੱਚ ਮਰੀਜ਼ਾ ਨੂੰ ਆਪਣੇ ਪੈਰਾਂ ਤੇ ਖੜੇ ਹੋਣ ਲਈ ਕਿੱਤਾ ਮੁੱਖੀ ਕੋਰਸ ਵੀ ਕਰਵਾਏ ਜਾਂਦੇ ਹਨ ਜੋ ਕਿ ਮਰੀਜ਼ਾ ਦੇ ਪੁਨਰਵਾਸ ਲਈ ਵਧੀਆ ਪਲੈਟਫਾਰਮ ਸਿੱਧ ਹੋਵੇਗਾ। ਇਸ ਮੌਕੇ ਤੇ ਸਮੂਹ ਵਣਗਾਰਡ ਤੇ ਸਟਾਫ਼ ਹਾਜ਼ਿਰ ਸੀ।

# ਕੰਨਿਆ ਸਕੂਲ ਰਾਹੋਂ ਦੀ ਜੈਸਮੀਨ ਨੇ ਰਾਜ ਪੱਧਰੀ ਮੁਕਾਬਲੇ 'ਚ ਤੀਸਰਾ ਸਥਾਨ ਹਾਸਲ ਕੀਤਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਾਲ ਭਲਾਈ ਕੌਂਸਲ ਪੰਜਾਬ ਦੇ ਹੁਕਮਾਂ ਤਹਿਤ ਦਫਤਰ ਜ਼ਿਲ੍ਹਾ ਸਿੱਖਿਆ



ਅਫ਼ਸਰ (ਸੈ।ਸਿੱ) ਅੰਮ੍ਰਿਤਸਰ ਦੀ ਅਗਵਾਈ ਹੇਠ ਸਕੂਲ ਆਫ ਐਮੀਨੈਂਸ, ਮਾਲ ਰੋਡ ਅੰਮ੍ਰਿਤਸਰ ਵਿਖੇ ਵੀਰ ਬਾਲ ਦਿਵਸ ਸਬੰਧੀ ਰਾਜ ਪੱਧਰੀਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਜੈਸਮੀਨ ਨੇ ਮੈਡਮ ਸੰਗੀਤਾ ਰਾਣੀ ਅਤੇ ਰਾਕੇਸ਼ ਰਾਣੀ ਦੀ ਗਾਈਡੈਂਸ ਅਧੀਨ ਇਨ੍ਹਾਂ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲਿਆ। ਉਨ੍ਹਾਂ ਦੱਸਿਆ ਕਿ ਜੈਸਮੀਨ ਜਮਾਤ ਗਿਆਰਵੀਂ ਨੇ ਪੇਪਰ ਰੀਡਿੰਗ ਮੁਕਾਬਲੇ ਵਿਚ ਤੀਸਰਾ ਸਥਾਨ ਹਾਸਲ ਕਰਕੇ ਇਲਾਕੇ ਦੀ ਮਾਣਮੱਤੀ ਸੰਸਥਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਂਹੋਂ ਦਾ ਨਾਮ ਰੋਸ਼ਨ ਕੀਤਾ। ਸਵੇਰ ਦੀ ਸਭਾ ਵਿਚ ਵਿਦਆਰਥਣ ਜੈਸਮੀਨ ਅਤੇ ਗਾਈਡ ਅਧਿਆਪਕਾਵਾਂ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਰਾਂਹੋ ਵੱਲੋਂ ਦੁਸਹਿਰਾ ਗਰਾਊਂਡ ਰਾਹੋਂ ਵਿਖੇ ਕਰਵਾਏ ਗਏ ਵੱਖ-ਵੱਖ ਖੇਡ ਮੁਕਾਬਲਿਆਂ ਵਿਚ ਵੀ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੱਧ- ਚੜ੍ਹ ਕੇ ਭਾਗ ਲਿਆ ਗਿਆ। ਉਨ੍ਹਾਂ ਦੱਸਿਆ ਕਿ ਦਸਵੀਂ ਜਮਾਤ ਦੀ ਵਿਦਿਆਰਥਣ ਸਵਾਤੀ ਦੀ ਅਗਵਾਈ ਹੇਠ ਕਬੱਡੀ ਦੀ ਏ ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ 10000 ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਸ਼ਿਵਾਨੀ ਦੀ ਅਗਵਾਈ ਹੇਠ ਕਬੱਡੀ ਦੀ ਬੀ ਟੀਮ ਵੱਲੋਂ ਦੂਸਰਾ ਸਥਾਨ ਹਾਸਲ ਕਰਕੇ 7000 ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ ਗਿਆ। ਦੋਵੇਂ ਟੀਮਾਂ ਨੂੰ ਨਿਊਜ਼ੀਲੈਂਡ ਦੇ 50 ਡਾਲਰ ਪ੍ਰਤੀ ਟੀਮ ਨਾ਼ਲ ਵੀ ਸਨਮਾਨਿਤ ਕੀਤਾ ਗਿਆ।ਅੰਡਰ-17 ਸਾਲ ਦੇ ਦੌੜ ਮੁਕਾਬਲਿਆਂ ਵਿਚ ਰਾਜ ਕੁਮਾਰੀ ਨੇ ਪਹਿਲਾ, ਰੱਜੋ ਨੇ ਦੂਸਰਾ ਅਤੇ ਨਗਮਾ ਨੇ ਤੀਸਰਾ ਸਥਾਨ ਹਾਸਲ ਕਰਕੇ ਨਕਦ ਇਨਾਮ ਹਾਸਲ ਕੀਤੇ। ਇਸੇ ਤਰ੍ਹਾਂ ਅੰਡਰ-14 ਸਾਲ ਦੇ ਦੌੜ ਮੁਕਾਬਲਿਆਂ ਵਿਚ ਵਿਚ ਰੱਜੋ ਨੇ ਪਹਿਲਾ, ਨਗਮਾ ਨੇ ਦੂਸਰਾ ਅਤੇ ਰੀਨਾ ਨੇ ਤੀਸਰਾ ਸਥਾਨ ਹਾਸਲ ਕਰਕੇ ਨਕਦ ਇਨਾਮ ਹਾਸਲ ਕੀਤੇ। ਇਸ ਤੋਂ ਇਲਾਵਾ ਸ਼ਾਟਪੁੱਟ ਮੁਕਾਬਲਿਆਂ ਵਿਚ ਸਵਾਤੀ ਨੇ ਪਹਿਲਾ ਅਤੇ ਨਗਮਾ ਨੇ ਦੂਸਰਾ ਸਥਾਨ ਹਾਸਲ ਕਰਕੇ ਨਕਦ ਇਨਾਮ ਜਿੱਤੇ।

ਇਸ ਮੌਕੇ ਸਤਨਾਮ ਸਿੰਘ, ਗੁਰਸ਼ਰਨਦੀਪ, ਅਜੀਤ ਸਿੰਘ, ਚਰਨਜੀਤ ਸਿੰਘ, ਹਰਜਿੰਦਰ ਲਾਲ, ਰਾਜਨ ਰਾਣਾ, ਸੁਖਮਿੰਦਰ ਕੌਰ, ਸਤਿੰਦਰ ਕੌਰ, ਗਗਨਦੀਪ, ਹਰਜੀਤ ਕੌਰ, ਬਲਦੇਵ ਕ੍ਰਿਸ਼ਨ, ਸੋਨਾ ਸ਼ਰਮਾ, ਰਵਦੀਪ ਕੌਰ, ਸਤਿੰਦਰਪਾਲ ਕੌਰ, ਸੰਦੀਪ ਕੌਰ, ਜਸਵਿੰਦਰ ਕੌਰ, ਸੰਗੀਤਾ, ਨੀਲਮ ਰਾਣੀ, ਕਮਲਦੀਪ, ਰਘਵਿੰਦਰ ਕੌਰ, ਕਰਮਜੀਤ ਕੌਰ, ਬਲਵਿੰਦਰ ਕੌਰ, ਪ੍ਰੀਤੀ ਲਿਆਲ, ਜਸਵੀਰ ਰਾਜ, ਰੇਨੂੰ, ਰਣਜੀਤ ਕੌਰ, ਰਾਜਵਿੰਦਰ ਸੰਧੂ, ਨਿਧੀ ਉੱਮਟ,ਰਾਕੇਸ਼ ਰਾਣੀ, ਨਿਰਮਲਜੀਤ ਕੌਰ, ਮਨਦੀਪ ਕੌਰ, ਸੰਗੀਤਾ ਰਾਣੀ, ਰਮਨਦੀਪ ਸਿੰਘ, ਕੈਂਪਸ ਮੈਨੇਜ਼ਰ ਰਾਜਿੰਦਰ ਨਾਥ ਆਦਿ ਹਾਜ਼ਰ ਸਨ।

# ਭਾਸ਼ਾ ਵਿਭਾਗ ਵੱਲੋਂ ਡਾ. ਤੀਰ ਦਾ ਬਾਲ ਕਹਾਣੀ ਸੰਗ੍ਰਹਿ 'ਗੁਡ ਜੌਬ ਲੋਕ-ਅਰਪਣ

**ਹੁਸ਼ਿਆਰਪੁਰ–** ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ ਅਤੇ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਪ੍ਰੋ. ਬਲਦੇਵ ਸਿੰਘ ਬੱਲੀ ਦੀ ਪ੍ਰਧਾਨਗੀ ਹੇਠ ਡਾ. ਮਨਮੋਹਨ ਸਿੰਘ ਤੀਰ ਦੇ ਬਾਲ ਕਹਾਣੀ ਸੰਗ੍ਰਹਿ 'ਗੁਡ ਜੌਬ' ਦੇ ਲੋਕ ਅਰਪਣ ਸਬੰਧੀ ਮਿੰਨੀ ਸਮਾਗਮ ਰਚਾਇਆ ਗਿਆ। ਭਾਸ਼ਾ ਵਿਭਾਗ ਦਫ਼ਤਰ ਵਿੱਚ ਸਾਹਿਤਕਾਰਾਂ ਨੂੰ ਜੀ ਆਇਆਂ ਆਖਦਿਆਂ ਤੇ ਡਾ. ਮਨਮੋਹਨ ਸਿੰਘ ਤੀਰ ਨੂੰ ਵਧਾਈ ਦਿੰਦਿਆਂ ਡਾ. ਜਸਵੰਤ ਰਾਏ ਨੇ ਕਿਹਾ ਕਿ ਡਾ. ਤੀਰ ਹੁਰਾਂ ਦਾ ਪਾਕਿਸਤਾਨੀ ਪੰਜਾਬੀ ਕਹਾਣੀ ਉੱਤੇ ਵੱਡਾ ਕੰਮ ਹੈ। ਹੁਣ ਤੱਕ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਡਾ. ਤੀਰ ਨੇ ਕਹਾਣੀ ਦੇ ਨਾਲ ਨਾਲ ਸਫ਼ਰਨਾਮੇ ਅਤੇ ਬਾਲ ਸਾਹਿਤ 'ਤੇ ਵੀ ਪ੍ਰਪੱਕਤਾ ਨਾਲ ਕਲਮ ਚਲਾਈ ਹੈ। ਲੰਬਾ ਸਮਾਂ ਸਕੂਲਾਂ ਅਤੇ ਕਾਲਜਾਂ ਵਿੱਚ ਅਧਿਆਪਨ ਦੇ ਕਿੱਤੇ ਨਾਲ ਜੁੜੇ ਰਹੇ ਡਾ. ਤੀਰ ਨੇ ਲੇਖਣੀ ਵਿੱਚ ਸਮਾਜਿਕ ਸਰੋਕਾਰਾਂ ਦਾ ਪੱਲਾ ਨਹੀਂ ਛੱਡਿਆ। ਉਨ੍ਹਾਂ ਦੁਆਰਾ ਰਚਿਆ ਬਾਲ ਸਾਹਿਤ ਬਾਲ ਮਨੋਵਿਗਿਆਨ 'ਤੇ ਅਧਾਰਿਤ ਹੈ। ਹੱਥਲੀ ਕਿਤਾਬ 'ਗੁਡ ਜੌਬ' ਬਾਰੇ ਗੱਲ ਕਰਦਿਆਂ ਪ੍ਰੋ ਬੱਲੀ ਨੇ ਕਿਹਾ ਕਿ ਇਸ ਵਿਚਲੀਆਂ ਕਹਾਣੀਆਂ ਬਾਲ ਮਨ ਦੀ ਬਾਤ ਪਾਉਂਦੀਆਂ ਹਨ। ਬੱਚਿਆਂ ਦੇ ਭਾਰੇ ਹੋ ਰਹੇ ਬਸਤੇ, ਢੇਰ ਸਾਰਾ ਹੋਮ ਵਰਕ, ਖੇਡ ਵਿਹੂਣਾ ਜੀਵਨ, ਬੋਝਲ ਵਾਤਾਵਰਨ, ਨੈਤਿਕ ਸਿੱਖਿਆ ਦੀ ਕਮੀ ਬਾਲ ਮਨ ਨੂੰ ਢਾਅ ਲਾਉਣ ਵਾਲੇ ਬਹੁਤ ਸਾਰੇ ਕਾਰਨ ਚੰਗੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਰੁਕਾਵਟ ਬਣਦੇ ਹਨ। ਪ੍ਰੀਖਿਆਵਾਂ ਦੇ ਡਰ ਅਤੇ ਸਿੱਖਿਆ ਤੰਤਰ ਵਿੱਚ ਨਿੱਤ ਹੋ ਰਹੇ ਨਵੇਂ ਤਜਰਬੇ ਵੀ ਬੱਚਿਆਂ ਦੀ ਸਿਰਜਣਾਤਮਕ ਸ਼ਕਤੀ ਨੂੰ ਡਾਵਾਂ ਡੋਲ ਕਰ ਰਹੇ ਹਨ। ਡਾ. ਤੀਰ ਨੇ ਇੱਕ ਪ੍ਰਬੁਧ ਬਾਲ ਲੇਖਕ ਦਾ ਰੋਲ ਨਿਭਾਉਂਦਿਆਂ ਇਸ ਪੁਸਤਕ ਵਿੱਚ ਇਨ੍ਹਾਂ ਸਾਰੀਆਂ ਚੀਜ਼ਾਂ ਵੱਲ ਇਸ਼ਾਰੇ ਹੀ ਨਹੀਂ ਕੀਤੇ ਸਗੋਂ ਆਪਣੀ ਕਹਾਣੀ ਕਲਾ ਰਾਹੀਂ ਇਨ੍ਹਾਂ ਨੂੰ ਬੱਚਿਆਂ ਦੇ ਸੰਤੁਲਿਤ ਵਿਕਾਸ ਨਾਲ ਜੋੜਿਆ ਹੈ। ਇਹ ਪੁਸਤਕ ਨਿਰਸੰਦੇਹ ਹੀ ਪੰਜਾਬੀ ਸਾਹਿਤ ਖ਼ਾਸ ਕਰਕੇ ਪੰਜਾਬੀ ਬਾਲ ਸਾਹਿਤ ਵਿੱਚ ਇੱਕ ਮਾਰਮਿਕ ਵਾਧਾ ਕਰਨ ਵਾਲੀ ਪੁਸਤਕ ਹੈ। ਮੁਖੀ ਨੈਸ਼ਨਲ ਇਨਫਰਮਨਮੇਸ਼ਨ ਸੈਂਟਰ ਪਰਦੀਪ ਸਿੰਘ ਨੇ ਵੀ ਡਾ. ਤੀਰ ਹੁਰਾਂ ਨੂੰ ਬਾਲ ਪੁਸਤਕ ਲਈ ਮੁਬਾਰਕਾਂ ਦਿੱਤੀਆਂ। ਇਸ ਸਮੇਂ ਰਾਜਬੀਰ ਸਿੰਘ, ਅਵਤਾਰ ਠਾਕੁਰ, ਲਾਲ ਸਿੰਘ, ਪੁਸ਼ਪਾ ਰਣੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।



# ਮਹਾਰਾਜਾ ਸ਼ੂਰ ਸੈਣੀ ਦਾ ਜਨਮ ਦਿਹਾੜਾ 22 ਦਸੰਬਰ ਨੂੰ ਮਨਾਇਆ ਜਾਵੇਗਾ

**ਹੁਸ਼ਿਆਰਪੁਰ ( ਸਤਨਾਮ ਸਿੰਘ ਸਹੂੰਗੜਾ)–** ਸੈਣੀ ਭਵਾਨ ਨੇੜੇ ਗੰਜਾ ਸਕੂਲ ਬਹਾਦਰਪੁਰ ਹੁਸ਼ਿਆਰਪੁਰ ਵਿਖੇ ਸੈਣੀ ਜਾਗਰਤੀ ਮੰਚ ਪੰਜਾਬ ਦੀ ਇੱਕ ਮੀਟਿੰਗ ਕੁਲਵੰਤ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਹਾਰਾਜਾ ਸ਼ੂਰ ਸੈਣੀ ਦੇ ਜਨਮ ਦਿਹਾੜੇ ਜੋ ਕਿ 22 ਦਸੰਬਰ ਨੂੰ ਹੈ। ਉਸ ਬਾਰੇ ਗੱਲਬਾਤ ਕੀਤੀ ਗਈ ਜਨਮ ਦਿਹਾੜਾ ਵੱਡੇ ਪੱਧਰ ਤੇ ਮਨਾਉਣ ਲਈ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਆਉਣ ਲਈ ਬੇਨਤੀ ਕੀਤੀ ਜਾਵੇਗੀ ਕਿਉਂਕਿ ਮਹਾਰਾਜਾ ਸ਼ੂਰ ਸੈਣੀ ਜਿਹਨਾਂ ਤੋਂ ਸਾਡਾ ਵੰਸ਼ ਚਲਿਆ ਹੈ ਉਹਨਾਂ ਨੂੰ ਯਾਦ ਕਰਨਾ ਸਾਡਾ ਮੁੱਢਲਾ ਫਰਜ਼ ਹੈ। ਵੱਖ-ਵੱਖ ਬੁਲਾਰਿਆਂ ਵੱਲੋਂ ਬੋਲ ਕੇ ਫੈਸਲਾ ਕੀਤਾ ਗਿਆ ਕਿ 22 ਦਸੰਬਰ 2024 ਦਿਨ ਐਤਵਾਰ ਨੂੰ ਸਵੇਰੇ 11 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਅਤੇ 11 ਵਜੇ ਭੋਗ ਪੈਣਗੇ ਭੋਗ ਪੈਣ ਉਪਰੰਤ ਲੰਗਰ ਅਤੁੱਟ ਵਰਤੇਗਾ ਅਤੇ ਸਵੇਰੇ ਆਉਣ ਵਾਲੇ ਸਮੇਂ ਸਾਰੇ ਪਹੁੰਚ ਰਹੇ ਮਹਿਮਾਨਾਂ ਲਈ ਚਾਹ ਪਕੌੜਿਆਂ ਦਾ ਲੰਗਰ ਵੀ ਚੱਲੇਗਾ, ਸੋ ਸਾਰਿਆਂ ਨੂੰ ਜੋ ਕਿ ਸੈਣੀ ਭਾਈਚਾਰੇ ਵਿੱਚ ਹਨ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਸੰਗਤਾਂ ਜਨਮ ਦਿਹਾੜੇ ਤੇ ਪਹੁੰਚ ਕੇ ਆਪਣੇ ਬਜ਼ੁਰਗਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਮੀਟਿੰਗ ਵਿੱਚ ਪ੍ਰੇਮ ਸੈਣੀ ਪ੍ਰਧਾਨ ਜਿਲਾ ਹੁਸ਼ਿਆਰਪੁਰ ਪ੍ਰਭਜੋਤ ਸਿੰਘ ਸੈਣੀ ਸਟਾਰ ਪ੍ਰਧਾਨ ਸੈਣੀ ਜਾਤੀ ਮੰਚ ਪੰਜਾਬ ਯੂਥ ਵਿੰਗ, ਕਿਰਪਾਲ ਸਿੰਘ ਪਾਲੀ ਜਿਲ੍ਹਾ ਪ੍ਰਧਾਨ ਯੂਥ ਵਿੰਗ, ਪਿਆਰੇ ਲਾਲ ਸੈਣੀ, ਤਰਲੋਚਨ ਸਿੰਘ ਸੈਣੀ, ਹਰਿੰਦਰ ਸੈਣੀ, ਹਰਪਾਲ ਲਾਡਾ, ਗਾਇਕ ਕ੍ਰਿਸ਼ਨ ਸੈਣੀ ਅਤੇ ਬੀਬੀ ਸੁਰਿੰਦਰ ਕੌਰ ਸੈਣੀ ਪੰਜਾਬ ਪ੍ਰਧਾਨ ਇਸਤਰੀ ਵਿੰਗ, ਸੰਦੀਪ ਸੈਣੀ ਚੇਅਰਮੈਨ ਪੰਜਾਬ, ਬੈਕ ਫਿੰਕੋ ਰੋਸ਼ਨ ਲਾਲ ਸੈਣੀ, ਹਰਵਿੰਦਰ ਸਿੰਘ ਸੈਣੀ ਜੀ ਸਭਨਾਂ ਨੇ ਵੱਡੇ ਪੱਧਰ ਤੇ ਮਨਾਉਣ ਲਈ ਆਪਣਾ ਯੋਗਦਾਨ ਤਨ ਮਨ ਧੰਨ ਨਾਲ ਪਾਉਣ ਦਾ ਫੈਸਲਾ ਲਿਆ।



# ਅਮਿਤ ਸ਼ਾਹ ਵਲੋਂ ਬਾਬਾ ਸਾਹਿਬ ਪ੍ਰਤੀ ਅਪਮਾਨਜਨਕ ਟਿੱਪਣੀਆਂ ਮੰਦੀ ਭਾਵਨਾ ਦਾ ਪ੍ਰਗਟਾਵਾ-ਸੁਲਹਾਣੀ

**ਕੋਟਕਪੂਰਾ-** ਆਰ ਐਸ ਐਸ, ਭਾਜਪਾ ਤੇ ਹੋਰ ਮਨੂਵਾਦੀਆਂ ਨੂੰ ਉਹਨਾਂ ਦੇ ਭਗਵਾਨ ਮੁਬਾਰਕ। ਬਹੁਜਨ ਸਮਾਜ ਦੇ ਇਕ ਮਾਤਰ ਭਗਵਾਨ ਬਾਬਾ ਸਾਹਿਬ ਡਾਕਟਰ ਭੀਮ ਰਾ ਅੰ-ਬੇਡਕਰ ਹਨ। ਜੇਕਰ ਬਾਬਾ ਸਾਹਿਬ ਨਾ ਹੁੰਦੇ ਤਾਂ ਕਰੋੜਾਂ ਅਛੂਤਾਂ ਸਛੂਤਾਂ ਦੀ ਕੋਈ ਹੋਂਦ ਨਾ ਹੁੰਦੀ। ਉਹਨਾਂ ਦੁਆਰਾ ਰਚਿਤ ਸੰਵਿਧਾਨ ਦੀ ਬਦੌਲਤ ਹੀ ਸਦੀਆਂ ਤੋਂ ਦੁਰਕਾਰੇ ਗਏ ਲੋਕਾਂ ਨੂੰ ਅੱਜ ਮਾਨਵੀ ਅਧਿਕਾਰ ਮਿਲੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮਿਉਂਸਪਲ ਚੋਣਾਂ ਸੰਬੰਧੀ ਬਸਪਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਂਝੇ ਉਮੀਦਵਾਰ ਸ੍ਰੀ ਸੂਰਜ ਭਾਨ ਬਿਲਾ ਦੇ ਹੱਕ ਚ ਪ੍ਰਚਾਰ ਦੇ ਆਖਰੀ ਦਿਨ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਰਨਲ ਸਕੱਤਰ ਸਰਦਾਰ ਲਾਲ ਸਿੰਘ ਸੁਲਹਾਣੀ ਵਲੋਂ ਭਾਜਪਾ ਆਗੂ ਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਬਾਬਾ ਸਾਹਿਬ ਪ੍ਰਤੀ ਕੀਤੀ ਗਈ ਅਪਮਾਨਜਨਕ ਟਿੱਪਣੀ ਸਬੰਧੀ ਰੋਸ ਜਤਾਉਂਦਿਆਂ ਕੀਤਾ ਗਿਆ। ਸ. ਸੁਲਹਾਣੀ ਨੇ ਆਖਿਆ ਕਿ ਬਾਬਾ ਸਾਹਿਬ ਦੁਆਰਾ ਕੀਤੇ ਗਏ ਸੰਘਰਸ਼ ਦੀ



ਬਦੌਲਤ ਬਹੁਜਨ ਸਮਾਜ ਸਵੈਮਾਣ ਭਰੀ ਜ਼ਿੰਦਗੀ ਜਿਉਣ ਦੇ ਲਾਇਕ ਬਣਿਆਂ ਹੈ ਅਤੇ ਉਹ ਆਪਣੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਲਈ ਸੰਘਰਸ਼ੀਲ ਹੈ। ਮਨੂਵਾਦੀ ਆਰੀਆ ਪੁਤਰਾਂ ਤੋਂ ਇਹ ਬਰਦਾਸ਼ਤ ਨਹੀਂ ਹੋ ਰਿਹਾ। ਇਕ ਪਾਸੇ ਉਹ ਬਹੁਜਨ ਸਮਾਜ ਨੂੰ ਗੁੰਮਰਾਹ ਕਰਨ ਲਈ ਬਾਬਾ ਸਾਹਿਬ ਦਾ ਨਾਮ ਜਪਦੇ ਰਹਿੰਦੇ ਹਨ ਅਤੇ ਉਹਨਾਂ ਦੇ ਸਤਿਕਾਰ ਕਰਨ ਦਾ ਪਾਖੰਡ ਕਰਦੇ ਹਨ। ਦੂਜੇ ਪਾਸੇ ਉਹ ਆਪਣੀ ਗੰਦੀ ਅਤੇ ਗੈਰ ਮਾਨਵੀ ਮਾਨਸਿਕਤਾ ਦਾ ਪ੍ਰਗਟਾਵਾ ਵੀ ਕਰਦੇ ਰਹਿੰਦੇ ਹਨ।

ਸੁਲਹਾਣੀ ਨੇ ਆਪਣੀ ਰੋਸ ਟਿਪਣੀ ਜਾਰੀ ਰੱਖਦਿਆਂ ਆਖਿਆ ਕਿ ਵੀਹਵੀਂ ਸਦੀ ਦੇ ਮਹਾਨ ਚਿੰਤਕ ਆਧੁਨਿਕ ਭਾਰਤ ਦੇ ਸ਼ਿਲਪਕਾਰ, ਔਰਤਾਂ ਅਤੇ ਕਰੋੜਾਂ ਅਛੂਤਾਂ ਦੇ ਮੁਕਤੀ ਦਾਤਾ ਬਾਬਾ ਸਾਹਿਬ ਸਬੰਧੀ ਮੰਦੀ ਭਾਵਨਾ ਨਾਲ ਕੀਤੀ ਜਾ ਰਹੀ ਭੱਦੀ ਬਿਆਨਬਾਜ਼ੀ ਮਨੂਵਾਦੀ ਆਗੂਆਂ ਦੀ ਮਾੜੀ ਸੋਚਤੇ ਘਿਨਾਉਣੇ ਮਨਸੂਬਿਆਂ ਦਾ ਪ੍ਰਗਟਾਵਾ ਹੈ ਜੋ ਅਤਿ ਨਿੰਦਣਯੋਗ ਹੈ।

# ਅੰਬੇਡਕਰ ਸੈਨਾ ਮੂਲ ਨਿਵਾਸੀ ਨੇ ਫੂਕਿਆ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ

**ਫਗਵਾੜਾ (ਬੀ. ਕੇ. ਰੱਤੂ)** ਅੰਬੇਡਕਰ ਸੈਨਾ ਮੂਲਨਿਵਾਸੀ ਵਲੋਂ ਪੰਜਾਬ ਪ੍ਰਧਾਨ ਹਰਭਜਨ ਸੁਮਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਫਗਵਾੜਾ ਦੇ ਜੀ।ਟੀ। ਰੋਡ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕਿਆ ਗਿਆ। ਇਸ ਤੋਂ ਪਹਿਲਾਂ ਜੱਥੇਬੰਦੀ ਦੇ ਸਮੂਹ ਵਰਕਰ ਤੇ ਅਹੁਦੇਦਾਰ ਸਵੇਰੇ ਡਾ. ਬੀ. ਆਰ. ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਇਕੱਠੇ ਹੋਏ। ਜਿੱਥੋਂ ਭਾਜਪਾ ਅਤੇ ਅਮਿਤ ਸ਼ਾਹ ਦੇ ਵਿਰੋਧ ਵਿਚ ਨਾਅਰੇਬਾਜੀ ਕਰਦਿਆਂ ਜੀ।ਟੀ। ਰੋਡ ਤੱਕ ਰੋਸ ਮਾਰਚ ਕੀਤਾ ਗਿਆ। ਇਸ ਮੌਕੇ ਅੰਬੇਡਕਰ ਸੈਨਾ ਮੂਲ ਨਿਵਾਸੀ ਦੇ ਜਿਲ੍ਹਾ ਪ੍ਰਧਾਨ ਧਰਮਵੀਰ ਬੋਧ, ਫਗਵਾੜਾ ਸ਼ਹਿਰੀ ਪ੍ਰਧਾਨ ਸੰਜੀਵ ਕੁਮਾਰ ਅਤੇ ਦਿਹਾਤੀ ਪ੍ਰਧਾਨ ਮਨਜੀਤ ਮਾਨ ਤੋਂ ਇਲਾਵਾ ਸਕੱਤਰ ਮਨੀ ਅੰਬੇਡਕਰੀ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਾਰਤੀ ਸੰਸਦ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਪ੍ਰਤੀ ਇਤਰਾਜਯੋਗ ਸ਼ਬਦਾਂ ਦੀ ਵਰਤੋਂ ਕਰਦਿਆਂ ਜੋ ਤੰਜ ਕੱਸਿਆ ਹੈ, ਉਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਅਮਿਤ ਸ਼ਾਹ ਨੂੰ ਤੁਰੰਤ ਦੇਸ਼-ਵਿਦੇਸ਼ ਦੇ ਕਰੋੜਾਂ ਅੰਬੇਡਕਰ ਵਾਦੀਆਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਨਹੀਂ ਤਾਂ ਇਹ ਵਿਰੋਧ ਹੋਰ ਤਿੱਖਾ ਕੀਤਾ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਅਮਿਤ ਸ਼ਾਹ ਦੇ ਬਿਆਨ ਤੋਂ ਸਾਫ ਹੈ ਕਿ ਭਾਜਪਾ ਮੰਨੂਵਾਦੀ ਪਾਰਟੀ ਹੈ ਅਤੇ ਇਹ ਬਾਬਾ ਸਾਹਿਬ ਡਾ. ਅੰਬੇਡਕਰ ਤੇ ਐਸ.ਸੀ. ਸਮਾਜ ਪ੍ਰਤੀ ਮਾੜੀ ਸੋਚ ਰੱਖਦੇ ਹਨ। ਇਸ ਮੌਕੇ ਸੀਨੀਅਰ ਆਗੂ ਬਲਵਿੰਦਰ ਬੋਧ, ਦਵਿੰਦਰ ਦੀਪ, ਬੰਟੀ ਮੋਰੋਵਾਲੀਆ, ਮੋਨੂੰ ਭਾਟੀਆ, ਕੁਲਵਿੰਦਰ ਭੁੱਲਾਰਾਈ, ਰਾਜ ਅੰਬੇਡਕਰੀ, ਹਰਜਿੰਦਰ ਮਾਹੀ, ਵਿਨੋਦ ਕੁਮਾਰ, ਧੀਰਜ ਬਸਰਾ, ਮਨੋਹਰ ਲਾਲ ਜੱਖੂ, ਅਮਰਜੀਤ ਖੁੱਤਣ, ਅਨੂ ਸਹੋਤਾ, ਸ੍ਰੀ ਗੁਰੂ ਰਵਿਦਾਸ ਸਭਾ ਅਰਬਨ ਅਸਟੇਟ, ਘਨਸ਼ਿਆਮ, ਪ੍ਰੇਮ ਨਾਥ ਸਰੋਆ, ਸੋਹਣ ਸਹਿਜਲ, ਐਡਵੋਕੇਟ ਹਰਭਜਨ ਸਾਂਪਲਾ ਸੰਦੀਪ ਮੇਹਲੀ, ਡਾ. ਅਜੇ, ਜੀਤਾ ਬੋਧ, ਨਵੀਨ ਕੁਮਾਰ ਆਦਿ ਹਾਜਰ ਸਨ।





# ਅਮਿਤ ਸ਼ਾਹ ਦੇ ਬਿਆਨ ਨਾਲ ਨੰਗਾ ਹੋਇਆ ਭਾਜਪਾ ਦਾ ਅੰਬੇਡਕਰ ਵਿਰੋਧੀ ਚਿਹਰਾ - ਸੁਰਿੰਦਰ ਢੰਡਾ



**ਫਗਵਾੜਾ (ਬੀ.ਕੇ.ਰੱਤ)** ਅੰਬੇਡਕਰ ਸੈਨਾ ਪੰਜਾਬ ਨੇ ਸੀਨੀਅਰ ਭਾਜਪਾ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਬੀਤੇ ਦਿਨ ਸੰਸਦ ਵਿਚ ਚਰਚਾ ਦੇ ਸਮੇਂ ਆਪਣੇ ਸੰਬੋਧਨ ਦੌਰਾਨ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬਾਰੇ ਵਰਤੇ ਸ਼ਬਦਾਂ ਨੂੰ ਬਹੁਤ ਹੀ ਇਤਰਾਜਯੋਗ ਦੱਸਿਆ ਹੈ। ਅੱਜ ਇੱਥੇ ਜਾਰੀ ਇਕ ਬਿਆਨ ਵਿਚ ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਸੁਰਿੰਦਰ ਢੰਡਾ ਨੇ ਕਿਹਾ ਕਿ ਅਮਿਤ ਸ਼ਾਹ ਦੇ ਬਿਆਨ ਨਾਲ ਭਾਜਪਾ ਦਾ ਬਾਬਾ ਸਾਹਿਬ ਅੰਬੇਡਕਰ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਭਾਜਪਾ ਨਹੀਂ ਜਾਣਦੀ ਕਿ ਬਾਬਾ ਸਾਹਿਬ ਨੇ ਸੰਵਿਧਾਨ ਵਿਚ ਸਮਾਨਤਾ ਦਾ ਅਧਿਕਾਰ ਦੁਆ ਕੇ ਸਮੁੱਚੇ ਦੱਬੇ-ਕੁਚਲੇ ਸਮਾਜ ਨੂੰ ਜਿੰਦਾ ਰਹਿੰਦਿਆਂ ਸਵਰਗ ਦੇ ਦਰਸ਼ਨ ਕਰਵਾਏ ਹਨ। ਅਮਿਤ ਸ਼ਾਹ ਦੇ ਬਿਆਨ ਨੂੰ ਲੈ ਕੇ ਬਾਬਾ ਸਾਹਿਬ ਨੂੰ ਰਹਿਬਰ ਮੰਨਣ ਵਾਲੇ ਉਹਨਾਂ ਦੇ ਦੇਸ਼ ਦੁਨੀਆ ਵਿਚ ਵੱਸਦੇ ਕਰੋੜਾਂ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਅਤੇ ਸਮਾਜ ਵਿਚ ਭਾਰੀ ਗੁੱਸਾ ਅਤੇ ਰੋਸ ਹੈ। ਇਸ ਲਈ ਅੰਬੇਡਕਰ ਸੈਨਾ ਪੰਜਾਬ ਮੰਗ ਕਰਦੀ ਹੈ ਕਿ ਅਮਿਤ ਸ਼ਾਹ ਆਪਣੇ ਬਿਆਨ ਲਈ ਸਮੁੱਚੇ ਦਲਿਤ ਸਮਾਜ ਤੋਂ ਬਿਨਾ ਸ਼ਰਤ ਤੇ ਤੁਰੰਤ ਸੰਸਦ ਵਿਚ ਮਾਫੀ ਮੰਗਣ। ਇਸ ਮੌਕੇ ਬਲਵਿੰਦਰ ਬੋਬੀ, ਸੁਰਿੰਦਰ ਰਾਵਲਪਿੰਡੀ, ਨਰਿੰਦਰ ਬਿੱਲਾ ਸਰਪੰਚ, ਅਸ਼ੋਕ ਸੰਧੂ, ਰਾਮ ਸਰੂਪ ਚੰਬਾ, ਐਡਵੋਕੇਟ ਕੁਲਦੀਪ ਭੱਟੀ, ਪਰਸ ਰਾਮ, ਡਾ. ਸੁਰਜੀਤ ਆਦਿ ਨੇ ਵੀ ਅਮਿਤ ਸ਼ਾਹ ਦੇ ਬਿਆਨ ਨੂੰ ਮੰਨੂਵਾਦੀ ਅਤੇ ਦਲਿਤ ਵਿਰੋਧੀ ਦੱਸਦਿਆਂ ਸਖਤ ਨਿਖੇਧੀ ਕੀਤੀ ਹੈ।

# ਅੰਬੇਡਕਰੀ ਆਗੂਆਂ ਨੇ ਅਮਿਤ ਸ਼ਾਹ ਦੇ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਰਾਸ਼ਟਰਪਤੀ ਦੇ ਨਾਂ ਦਿੱਤਾ ਮੰਗ ਪੱਤਰ

**ਫਗਵਾੜਾ (ਬੀ.ਕੇ. ਰੱਤੂ)-** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਡਾਕਟਰ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਜੀ ਦੇ ਖਿਲਾਫ਼ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਉਹ ਉਹਨਾਂ ਦੀ ਗੰਦੀ ਸੌੜੀ ਤੇ ਦਲਿਤ ਵਿਰੋਧੀ ਮਾਨਸਿਕਤਾ ਦਾ ਸਬੂਤ ਹੈ ਅਤੇ ਹਲਕੇਪਨ ਦੀ ਰਾਜਨੀਤੀ ਦੀ ਸੋਚ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਡਾ। ਸੁਖਬੀਰ ਸਲਾਰਪੁਰ ਦੀ ਅਗਵਾਈ ਅੰਬੇਡਕਰੀ ਆਗੂਆਂ ਦੇ ਵਫ਼ਦ ਨੇ ਅੱਜ ਡਿਪਟੀ ਕਮਿਸ਼ਨਰ ਜਲੰਧਰ ਦੇ ਰਾਹੀਂ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦੇ ਨਾਂਅ ਇਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਅਮਿਤ ਸ਼ਾਹ ਦੇ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਇਸ ਮੌਕੇ ਡਾ. ਸੁਖਬੀਰ ਸਲਾਰਪੁਰ ਨੇ ਕਿਹਾ ਕਿ ਅਮਿਤ ਸ਼ਾਹ ਰਾਜ ਸਭਾ ਵਿੱਚ ਆਪਣੇ ਦਿੱਤੇ ਭਾਸ਼ਣ ਦੀ ਮਾਫ਼ੀ ਮੰਗੇ ਨਹੀਂ ਤਾਂ ਅਮਿਤ ਸ਼ਾਹ ਦੇ ਵਿਰੁੱਧ ਦੇਸ਼ ਭਰ ਵਿੱਚ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦਾ ਅੰਜ਼ਾਮ ਅਤੇ ਸਿੱਟਾ ਅਮਿਤ ਸ਼ਾਹ ਤੇ ਬੀਜੇਪੀ ਨੂੰ ਭੁਗਤਣਾ ਪਵੇਗਾ ਉਨ੍ਹਾਂ ਅੱਗੇ ਕਿਹਾ ਕਿ ਇਹ ਦੇਸ਼ ਨੂੰ ਵੰਡਣ ਵਾਲਾ ਹੈ ਅਤੇ ਸਾਡੇ ਰਹਿਬਰਾਂ ਪ੍ਰਤੀ ਭਾਜਪਾ ਦੀ ਸੌੜੀ ਮਾਨਸਿਕਤਾ ਦਰਸਾਉਂਦਾ ਹੈ। ਇਸ ਮੌਕੇ ਅੰਬੇਡਕਰੀ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਕਿਹਾ ਬਾਬਾ ਸਾਹਿਬ ਡਾਕਟਰ ਭੀਮ ਰਾ ਅੰਬੇਡਕਰ ਜੀ ਸੰਵਿਧਾਨ ਨਿ-ਰਮਾਤਾ ਤੇ ਸਾਡੇ ਮਹਾਨ ਰਹਿਬਰ ਹਨ ਅਤੇ ਸਾਨੂੰ ਇਸ ਧਰਤੀ ਤੇ ਸਵਰਗ ਦੀ ਪ੍ਰਾਪਤੀ ਬਾਬਾ ਸਾਹਿਬ ਅੰਬੇਡਕਰ ਕਰਕੇ ਹੀ ਹੋਈ ਹੈ ਉਨ੍ਹਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਜੀ ਅਪਮਾਨ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਦੇਸ਼ ਵਿੱਚ ਅਮਿਤ ਸ਼ਾਹ ਦੇ ਖ਼ਿਲਾਫ਼ ਲਾਮਬੰਦੀ ਸ਼ੁਰੂ ਕੀਤੀ ਜਾਵੇਗੀ ਉਨ੍ਹਾਂ ਪੰਜਾਬ ਵਿੱਚ ਅੰਦੋਲਨ ਦਾ ਆਗਾਜ਼ ਦਾ ਐਲਾਨ ਕਰਦਿਆਂ ਕਿਹਾ ਕਿ 26 ਜਨਵਰੀ ਤੋਂ ਜਨ ਸੰਪਰਕ ਮੁਹਿੰਮ ਸ਼ੁਰੂ ਕਰਾਂਗੇ।ਇਸ ਵਫ਼ਦ ਦੀ ਅਗਵਾਈ ਸੀਨੀਅਰ ਕਾਂਗਰਸੀ ਆਗੂ ਡਾਕਟਰ ਸੁਖਬੀਰ ਸਲਾਰਪੁਰ ਸਪੋਕਸਪਰਸਨ ਪੀਪੀਸੀਸੀ, ਫਿਲੌਰ ਤੋਂ ਅੰਬੇਡਕਰੀ ਆਗੂ ਅੰਮ੍ਰਿਤਪਾਲ ਭੌਂਸਲੇ ਸੀਨੀਅਰ ਨੇ ਕੀਤੀ ਅਤੇ ਇਸ ਮੌਕੇ ਸਰਪੰਚ ਸੋਮ ਲਾਲ ਸਰਪੰਚ, ਬੂਟਾ ਸਿੰਘ ਚੋਲਾਂਗ, ਕਰਨਜੀਤ ਸਰਪੰਚ ਫਰਾਲਾ, ਇੰਦਰਜੀਤ ਰਾਏਪੁਰ, ਬਲਦੇਵ ਕਾਸਮਪੁਰ, ਬਿਸ਼ਨਪਾਲ ਸੰਧੂ ਮਹੇੜੂ, ਗੋਲਡੀ ਸਲਾਰਪੁਰ, ਬੂਟਾ ਸਰਪੰਚ ਚਾਚੋਵਾਲ, ਕਾਲਾ ਸਰਪੰਚ ਖੇੜਾ, ਗੁਰਪਾਲ ਪਾਲਾ ਜੰਡਿਆਲਾ, ਪਰਮਿੰਦਰ ਬੋਧ ਹੋਰ ਵੀ ਬਹੁਤ ਸਾਰੇ ਆਗੂ ਤੇ ਸਾਥੀ ਅੱਜ ਦੇ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਿਲ ਸਨ।



# ਪਹਿਲੀ ਵਾਰ ਮਾਹਿਲਪੁਰ ਵਿੱਚ ਕਰਵਾਇਆ ਗਿਆ ਆਈ ਲੀਗ ਦਾ ਫੁੱਟਬਾਲ ਮੁਕਾਬਲਾ



**ਮਾਹਿਲਪੁਰ (ਮਾਨ)** ਫੁੱਟਬਾਲ ਦੀ ਨਰਸਰੀ ਵਜੋਂ ਜਾਣੇ ਜਾਂਦੇ ਇਲਾਕੇ ਮਾਹਿਲਪੁਰ ਵਿੱਚ ਨਵੇਂ ਉਸਾਰੇ ਗਏ ਕੋਚ ਅਲੀ ਹਸਨ ਫੁਟਬਾਲ ਸਟੇਡੀਅਮ ਵਿੱਚ ਆਈ ਲੀਗ ਦਾ ਮੁਕਾਬਲਾ ਫੁਟਬਾਲ ਕਲੱਬ ਦਿੱਲੀ ਅਤੇ ਸ਼ਲੋਗ ਲਾਜੌਂਗ ਫੁਟਬਾਲ ਕਲੱਬ ਵਿਚਕਾਰ ਹੋਇਆ। ਮਿਨਰਵਾ ਕਲੱਬ ਮੋਹਾਲੀ ਵੱਲੋਂ ਤਿਆਰ ਕੀਤੇ ਇਸ ਸਟੇਡੀਅਮ ਦੀ ਜ਼ਿੰਮੇਵਾਰੀ ਰਣਜੀਤ ਸਿੰਘ ਬਜਾਜ ਵੱਲੋਂ ਚੁੱਕੀ ਗਈ ਹੈ। ਉਹਨਾਂ ਵੱਲੋਂ ਇਹ ਈਵੈਂਟ ਪਹਿਲੀ ਵਾਰ ਫੁਟਬਾਲ ਫੈਡਰੇਸ਼ਨ ਦੀ ਅਗਵਾਈ ਹੇਠ ਮਾਹਿਲਪੁਰ ਵਿੱਚ ਆਯੋਜਿਤ ਕੀਤੀ ਗਈ। ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਮੈਚ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਹਨਾਂ ਨਾਲ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਮੀਤ ਪ੍ਰਧਾਨ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ, ਖੇਡ ਲੇਖਕ ਬਲਜਿੰਦਰ ਮਾਨ, ਰਾਮ ਤੀਰਥ ਪਰਮਾਰ, ਪਰਮਪ੍ਰੀਤ ਰਾ , ਕ੍ਰਿਸ਼ਨਜੀਤ ਰਾ ਕੈਂਡੋਵਾਲ, ਹਰਨੰਦਨ ਸਿੰਘ ਖਾਬੜਾ, ਤਰਲੋਚਨ ਸਿੰਘ ਸੰਧੂ, ਪ੍ਰਿੰ. ਜਗਮੋਹਨ ਸਿੰਘ, ਰੋਸ਼ਨਜੀਤ ਸਿੰਘ ਪਨਾਮ, ਹਰਦੇਵ ਸਿੰਘ ਢਿੱਲੋਂ ਸਮੇਤ ਸ਼ਾਮਿਲ ਹੋਏ।

ਖਚਾ ਖਚ ਭਰੇ ਸਟੇਡੀਅਮ ਵਿੱਚ ਪਹਿਲਾ ਗੋਲ ਦਿੱਲੀ ਫੁਟਬਾਲ ਕਲੱਬ ਵੱਲੋਂ ਸੱਤ ਨੰਬਰ ਜਰਸੀ ਵਾਲੇ ਖਿਡਾਰੀ ਹਰੀਆਤਾ ਨੇ ਕੀਤਾ। ਪਹਿਲੇ ਅੱਧ ਦੇ ਅਖੀਰ ਵਿੱਚ ਸ਼ਿਲੋਂਗ ਲਿਜਾਂਗ ਦੇ ਖਿਡਾਰੀ ਭੁਆਮ ਨੇ ਗੋਲ ਉਤਾਰ ਕੇ ਆਪਣੀ ਟੀਮ ਨੂੰ ਬਰਾਬਰ ਖੜਾ ਕਰ ਲਿਆ। ਦੂਸਰੇ ਅੱਧ ਵਿੱਚ ਫੁੱਟਬਾਲ ਕਲੱਬ ਦਿੱਲੀ ਦੇ ਖਿਡਾਰੀ ਬਿਨੌਂਗ ਅਤੇ ਜਾਂਗੜਾ ਨੇ ਲੈਫਟ ਸਾਈਡ ਤੋਂ ਗੋਲ ਮਾਰ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ । ਤਿੰਨ ਇੱਕ ਦੇ ਅੰਤਰ ਨਾਲ ਦਿੱਲੀ ਫੁੱਟਬਾਲ ਕਲੱਬ ਇਹ ਮੁਕਾਬਲਾ ਜਿੱਤਣ ਵਿੱਚ ਸਫਲ ਰਿਹਾ। ਦੂਰ ਨੇੜੇ ਦੇ 7531 ਦਰਸ਼ਕਾਂ ਨੇ ਇਸ ਖੇਡ ਮੁਕਾਬਲੇ ਦਾ ਆਨੰਦ ਮਾਣਿਆ। ਇਸ ਮੌਕੇ ਇਲਾਕੇ ਦੇ ਉੱਘੇ ਫੁੱਟਬਾਲਰ ਬਲਵੰਤ ਸਿੰਘ, ਆਸਿਮ ਹਸਨ, ਸ਼ਿਰਾਜ ਹਸਨ, ਹਰਮਨਜੋਤ ਸਿੰਘ ਖਾਬੜਾ ਸਮੇਤ ਫੁੱਟਬਾਲ ਖਿਡਾਰੀ, ਫੁਟਬਾਲ ਪ੍ਰੇਮੀ ਅਤੇ ਫੁੱਟਬਾਲ ਪ੍ਰਮੋਟਰ ਹਾਜ਼ਰ ਸਨ।

# ਪ੍ਰਸਿੱਧ ਗਾਇਕ ਸੱਤੀ ਖੋਖੇਵਾਲੀਆ ਇਟਲੀ, ਯੂਰਪ 'ਚ ਮਨਾਏ ਜਾ ਰਹੇ ਗੁਰਪੁਰਬ 'ਚ ਸੰਗਤਾਂ ਦੇ ਸਨਮੁਖ ਹੋਣਗੇ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਪੰਜਾਬੀ ਗਾਇਕੀ ਅਤੇ ਗੀਤਕਾਰੀ ਚ ਵਿਸ਼ੇਸ਼ ਨਾਮਣਾ ਖੱਟਣ ਵਾਲੇ ਵੋਕਲ ਸਟੂਡੀ ਦੇ ਮਾਲਕ ਸੱਤੀ ਖੋਖੇਵਾਲੀਆ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਮਨਾਏ ਜਾ ਰਹੇ ਆਗਮਨ ਪੁਰਬ ਤੇ ਇਟਲੀ ਤੋਂ ਇਲਾਵਾ ਯੂਰਪ ਦੇ ਵੱਖ ਵੱਖ ਦੇਸ਼ਾਂ 'ਚ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾ ਰਹੇ ਗੁਰਪੁਰਬ ਸਬੰਧੀ ਸਮਾਗਮਾਂ ਵਿੱਚ ਆਪਣਾ ਧਾਰਮਿਕ ਪ੍ਰੋਗਰਾਮ ਪੇਸ਼ ਕਰਨ ਲਈ ਉਚੇਚੇ ਤੌਰ ਤੇ ਮਾਰਚ ਦੇ ਪਹਿਲੇ ਹਫਤੇ ਪਹੁੰਚ ਰਹੇ ਹਨ। ਸੱਤੀ ਖੋਖੇਵਾਲੀਆ ਦੇ ਧਾਰਮਿਕ ਗੀਤ' ਗੁਰੂ ਰਵਿਦਾਸ ਦੀਆਂ ਮਿਹਰਾਂ ਮੌਜਾਂ ਲੁੱਟਦੇ ਆਂ'' 'ਸ਼ੇਰ ਗੁਰੂ ਰਵਿਦਾਸ ਦੇ ' ''ਟੁੱਟੇ ਜੋੜੇ ਨਹੀ ਗੰਢਦਾ' ''ਯੋਧੇ ਗੁਰੂ ਰਵਿਦਾਸ ਦੇ' ''ਗੁਰੂ ਜੀ ਇਸ ਵਾਰੀ' ਅਤੇ ''ਸਤਿਗੁਰੂ ਕਾਂਸ਼ੀ ਵਾਲੇ ਨੂੰ ਕੋਈ ਲਿਖ ਲਿਖ ਚਿੱਠੀਆਂ ਪਾਵੇ' ਆਦਿ ਗੀਤਾਂ ਨੂੰ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ।

****



# ਸੰਯੁਕਤ ਕਿਸਾਨ ਮੋਰਚੇ ਵਲੋਂ ਡੀ.ਸੀ. ਦਫਤਰ ਅੱਗੇ ਧਰਨਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ ਅਤੇ ਦੇਸ਼ ਦੀ ਰਾਸ਼ਟਰਪਤੀ ਦਰੋਪਤੀ ਮੁਰਮੂ ਦੇ ਨਾਂਅ ਮੰਗ ਪੱਤਰ ਏ.ਡੀ.ਸੀ. ਨੂੰ ਸੌਂਪਿਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਭੁਪਿੰਦਰ ਸਿੰਘ ਵੜੈਚ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਆਗੂ ਸੁਖਵਿੰਦਰ ਸਿੰਘ ਬੱਲੋਵਾਲ ਆਲ ਇੰਡੀਆ ਕਿਸਾਨ ਸਭਾ ਦੇ ਆਗੂ ਜੁਝਾਰ ਸਿੰਘ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਆਗੂ ਰਣਜੀਤ ਸਿੰਘ ਰਟੈਂਡਾ, ਕੌਮੀ ਕਿਸਾਨ ਯੂਨੀਅਨ ਦੇ ਆਗੂ ਨਿਰਮਲ ਸਿੰਘ ਔਜਲਾ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਆਗੂ ਸੰਤੋਖ ਸਿੰਘ, ਜਮਹੂਰੀ ਕਿਸਾਨ ਸਭਾ ਦੇ ਆਗੂ ਕੁਲਦੀਪ ਸਿੰਘ ਦੌੜਕਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ ਤੇ ਸੰਘਰਸ਼ ਕਰਦੇ ਫੋਰਮਾਂ ਨਾਲ਼ ਗੱਲ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਦਿੱਲੀ ਜਾਣ ਦੀ ਤੁਰੰਤ ਖੁੱਲ੍ਹ ਦਿੱਤੀ ਜਾਵੇ। ਉਨ੍ਹਾਂ ਹੱਕੀ ਤੇ ਜਾਇਜ਼ ਮੰਗਾਂ ਲਈ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜ ਰਹੀ ਸਿਹਤ ਤੇ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਅਪਣੇ ਦੇਸ਼ ਦੀ ਰਾਜਧਾਨੀ ਵਿੱਚ ਦਾਖ਼ਲ ਹੋਣ ਤੋਂ ਰੋਕਣ ਦਾ ਕਿਸੇ ਨੂੰ ਕੋਈ ਹੱਕ ਨਹੀਂ ਇਹ ਲੋਕਾਂ ਦਾ ਜਮਹੂਰੀ ਹੱਕ ਹੈ। ਉਨ੍ਹਾਂ ਕੌਮੀ ਖੇਤੀ ਨੀਤੀ ਖਰੜਾ ਤੁਰੰਤ ਵਾਪਿਸ ਲੈਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਅਸਿੱਧੇ ਢੰਗ ਨਾਲ਼ ਕੇਂਦਰ ਲਾਗੂ ਕਰਨਾ ਚਾਹੁੰਦਾ ਹੈ ਜਿਹੜਾ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਭਾਰਤ ਵਿਸ਼ਵ ਵਪਾਰ ਸੰਸਥਾ ਤੋਂ ਬਾਹਰ ਆਵੇ ਅਤੇ ਕੇਂਦਰ ਸਾਰੀਆਂ ਫਸਲਾਂ ਤੇ ਐਮ ਐਸ ਪੀ ਦੀ ਗਾਰੰਟੀ ਦਿੰਦਾ ਕਾਨੂੰਨ ਬਣਾਵੇ।

ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਜੋ ਵਾਹਦੇ ਕਿਸਾਨ ਅੰਦੋਲਨ ਦੌਰਾਨ ਕੀਤੇ ਉਨ੍ਹਾਂ ਵਿੱਚੋਂ ਇਕ ਨੂੰ ਵੀ ਪੂਰਾ ਨਹੀਂ ਕੀਤਾ ਉਲਟਾ ਕਿਸਾਨਾਂ ਉੱਤੇ ਤਸ਼ੱਦਦ ਕਰਨ ਦੀ ਨੀਤੀ ਅਪਣਾਈ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਤੁਰੰਤ ਨੋਇਡਾ ਅਤੇ ਗ੍ਰੇਟਰ ਨੋਇਡਾ ਵਿੱਚ ਗਿਫਤਾਰ ਕੀਤੇ ਧਾਰਾ 109 ਲਗਾ ਕੇ ਪਿਛਲੇ 21 ਦਿਨਾਂ ਤੋਂ ਲਸਕਰ ਠਾਣੇ ਵਿਚ ਬੰਦ 112 ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ ਅਤੇ ਕਿਸਾਨਾਂ ਤੇ ਤਸ਼ੱਦਦ ਕਰਨ ਵਾਲੇ ਅਧਿਕਾਰੀਆਂ ਤੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ ਦੀ ਮੰਗ ਕੀਤੀ।



ਉਨ੍ਹਾਂ ਬਿਜਲੀ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਖੇਤੀ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਪੱਬਾਂ ਭਾਰ ਹੋਈ ਪਈ ਹੈ। ਉਪਰੋਕਤ ਆਗੂਆਂ ਤੋਂ ਇਲਾਵਾ ਧਰਨੇ ਨੂੰ ਸੁਰਿੰਦਰ ਸਿੰਘ ਮਹਿਰਮਪੁਰ, ਤਰਸੇਮ ਸਿੰਘ ਬੈਂਸ, ਪਰਮਜੀਤ ਸਿੰਘ ਸੰਘਾ, ਕਿਰਤੀ ਕਿਸਾਨ ਯੂਨੀਅਨ ਇਸਤਰੀ ਵਿੰਗ ਆਗੂ ਸੁਰਜੀਤ ਕੌਰ ਉਟਾਲ, ਪਰਮਜੀਤ ਕੌਰ ਮੀਰਪੁਰਜੱਟਾਂ, ਚਰਨਜੀਤ ਸਿੰਘ ਦੌਲਤਪੁਰ, ਸੋਹਣ ਸਿੰਘ ਅਟਵਾਲ, ਬਿੱਕਰ ਸਿੰਘ ਸ਼ੇਖੂਪੁਰਬਾਗ, ਮੱਖਣ ਸਿੰਘ ਭਾਨਮਾਜ਼ਾਰਾ, ਮਹਾਂ ਸਿੰਘ ਰੌੜੀ, ਪ੍ਰੇਮ ਰੱਕੜ, ਹਰਪਾਲ ਸਿੰਘ ਜਗਤਪੁਰ, ਸਤਨਾਮ ਸਿੰਘ ਸੁੱਜੋਂ, ਸੋਢੀ ਰਾਮ, ਬਲਵੰਤ ਸਿੰਘ ਕਾਦੀਆਂ, ਜਸਕੰਵਲ ਸਿੰਘ ਤਲਵੰਡੀ, ਪਵਨ ਸ਼ਰਮਾ, ਹਰਵਿੰਦਰ ਸਿੰਘ ਚਾਹਲ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿੱਚ ਕੰਪਿਊਟਰ ਅਧਿਆਪਕਾਂ ਦਾ ਮਰਨ ਵਰਤ ਸ਼ੁਰੂ

**ਸੰਗਰੂਰ, (ਦਲਜੀਤ ਕੌਰ)** ਪੰਜਾਬ ਦੇ ਕੰਪਿਊਟਰ ਅਧਿਆਪਕਾਂ ਦਾ ਸੰਘਰਸ਼ ਫੈਸਲਾਕੁੰਨ ਮੋੜ 'ਤੇ ਪਹੁੰਚ ਗਿਆ ਹੈ। 114 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਅੱਜ ਕੰਪਿਊਟਰ ਟੀਚਰਜ਼ ਭੁੱਖ ਹੜਤਾਲ ਸੰਘਰਸ਼ ਕਮੇਟੀ ਪੰਜਾਬ ਦੇ ਮੈਂਬਰ ਜੌਨੀ ਸਿੰਗਲਾ ਨੇ ਹਜ਼ਾਰਾਂ ਕੰਪਿਊਟਰ ਅਧਿਆਪਕਾਂ ਦੀ ਹਾਜ਼ਰੀ ਵਿੱਚ ਸੰਗਰੂਰ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ।

ਇਸ ਮੌਕੇ ਕਮੇਟੀ ਆਗੂ ਪਰਮਵੀਰ ਸਿੰਘ ਪੰਮੀ, ਪ੍ਰਦੀਪ ਕੁਮਾਰ ਮਲੂਕਾ,



ਰਜਵੰਤ ਕੌਰ, ਰਣਜੀਤ ਸਿੰਘ, ਲਖਵਿੰਦਰ ਸਿੰਘ, ਗੁਰਬਖਸ਼ ਲਾਲ, ਜਸਪਾਲ, ਉਧਮ ਸਿੰਘ ਡੋਗਰਾ, ਬਵਲੀਨ ਬੇਦੀ, ਸੁਮੀਤ ਗੋਇਲ, ਡਾ: ਰਜਨੀ, ਧਰਮਿੰਦਰ ਸਿੰਘ, ਨਰਿੰਦਰ ਕੁਮਾਰ, ਰਾਕੇਸ਼ ਸੈਣੀ, ਸੁਸ਼ੀਲ ਅੰਗੁਰਾਲ, ਪ੍ਰਿਅੰਕਾ ਬਿਸ਼ਟ, ਮਨਜੀਤ ਕੌਰ, ਕਰਮਜੀਤ ਪੁਰੀ, ਗਗਨਦੀਪ ਸਿੰਘ, ਜਸਵਿੰਦਰ ਸਿੰਘ (ਲੁਧਿਆਣਾ), ਨਰਦੀਪ ਸ਼ਰਮਾ (ਸੰਗਰੂਰ), ਨਾਇਬ ਸਿੰਘ ਬੁੱਕਣਵਾਲ, ਨਵਜੋਤ ਸਿੰਘ ਅਤੇ ਹਰਪ੍ਰੀਤ ਸਾਹਨੇਵਾਲ ਨੇ ਦੁਹਰਾਇਆ ਕਿ ਕੰਪਿਊਟਰ ਅਧਿਆਪਕਾਂ ਦੇ ਸਾਰੇ ਹੱਕ ਬਹਾਲ ਹੋਣ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

ਕੰਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਦੀ ਸਮੁੱਚੀ ਟੀਮ 24 ਘੰਟੇ ਮਰਨ ਵਰਤ ਵਾਲੀ ਥਾਂ 'ਤੇ ਮੌਜੂਦ ਰਹੇਗੀ। ਇਸ ਅੰਦੋਲਨ ਨੂੰ ਹੋਰ ਅਧਿਆਪਕ, ਮੁਲਾਜ਼ਮ ਅਤੇ ਕਿਸਾਨ ਜਥੇਬੰਦੀਆਂ ਦਾ ਵੀ ਸਮਰਥਨ ਮਿਲ ਰਿਹਾ ਹੈ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਮੌਕੇ 'ਤੇ ਪਹੁੰਚ ਕੇ ਇਕਜੁਟਤਾ ਦਾ ਪ੍ਰਗਟਾਵਾ ਕੀਤਾ।

ਸਰਕਾਰ ਦੀ ਉਦਾਸੀਨਤਾ 'ਤੇ ਸਵਾਲ

ਕੰਪਿਊਟਰ ਅਧਿਆਪਕਾਂ ਨੇ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਚਾਰ ਦਰਜਨ ਮੀਟਿੰਗਾਂ ਕਰਨ ਦੇ ਬਾਵਜੂਦ ਉਨ੍ਹਾਂ ਦੀਆਂ ਮੰਗਾਂ 'ਤੇ ਕੋਈ ਠੋਸ ਕਾਰਵਾਈ ਨਹੀਂ ਹੋਈ। ਤਿੰਨ ਸਾਲ ਪਹਿਲਾਂ ਸਿੱਖਿਆ ਮੰਤਰੀ ਨੇ ਦੀਵਾਲੀ ਮੌਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਵਾਅਦਾ ਕੀਤਾ ਸੀ, ਜੋ ਅੱਜ ਤੱਕ ਪੂਰਾ ਨਹੀਂ ਹੋਇਆ। ਅੰਦੋਲਨਕਾਰੀ ਅਧਿਆਪਕਾਂ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਕਈ ਰਾਤਾਂ ਕੱਟੀਆਂ, ਪਰ ਸਰਕਾਰ ਦੀ ਬੇਰੁਖ਼ੀ ਨੇ ਉਨ੍ਹਾਂ ਨੂੰ ਇਹ ਸਖ਼ਤ ਕਦਮ ਚੁੱਕਣ ਲਈ ਮਜਬੂਰ ਕੀਤਾ।

ਇਨ੍ਹਾਂ ਮੰਗਾਂ ਨੂੰ ਲੈ ਕੇ ਕੀਤਾ ਜਾ ਰਿਹਾ ਹੈ ਸੰਘਰਸ਼

ਕੰਪਿਊਟਰ ਅਧਿਆਪਕਾਂ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਕੋਈ ਵੀ ਨਵੀਂ ਮੰਗ ਨਹੀਂ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਰੈਗੂਲਰ ਆਰਡਰਾਂ ਵਿੱਚ ਦਰਜ ਸਾਰੇ ਲਾਭ ਬਹਾਲ ਕੀਤੇ ਜਾਣ, ਉਨ੍ਹਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਲਾਭ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ। ਅਧਿਆਪਕਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਸਮੇਂ ਸਿਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸਰਕਾਰ ਵਿਰੁੱਧ ਅਗਲੇ ਕਿਸੇ ਵੀ ਸੰਘਰਸ਼ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

**ਸੰਘਰਸ਼ ਨੂੰ ਮਿਲ ਰਿਹਾ ਭਰਵਾਂ ਸਮਰਥਨ**

ਮਰਨ ਵਰਤ ਦੇ ਪਹਿਲੇ ਦਿਨ ਹੀ ਵੱਡੀ ਗਿਣਤੀ ਵਿੱਚ ਅਧਿਆਪਕ, ਕਿਸਾਨ ਅਤੇ ਹੋਰ ਜਥੇਬੰਦੀਆਂ ਦੇ ਮੈਂਬਰ ਇੱਕਜੁੱਟ ਹੋ ਗਏ। ਕਮੇਟੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਭਰ ਵਿੱਚੋਂ ਅਧਿਆਪਕਾਂ ਅਤੇ ਹੋਰ ਜਥੇਬੰਦੀਆਂ ਦਾ ਸਮਰਥਨ ਵਧੇਗਾ। ਅੱਜ ਮਰਨ ਵਰਤ ਸ਼ੁਰੂ ਕਰਨ ਮੌਕੇ ਭਰਾਤਰੀ ਜਥੇਬੰਦੀਆਂ 'ਚ ਡੀਟੀਐੱਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਅਮਨ ਵਿਸ਼ਿਸ਼ਟ ਜ਼ਿਲ੍ਹਾ ਆਗੂ ਕਮਲਜੀਤ ਸਿੰਘ ਬਨਭੌਰਾ, ਸੁਖਬੀਰ ਖਨੌਰੀ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਦੇਵੀ ਦਿਆਲ, ਬੱਗਾ ਸਿੰਘ, ਐੱਸ ਸੀ ਬੀਸੀ ਅਧਿਆਪਕ ਯੂਨੀਅਨ ਦੇ ਕ੍ਰਿਸ਼ਨ ਸਿੰਘ ਦੁੱਗਾਂ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਿੱਕਰ ਸਿੰਘ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਾਜ਼ਰ ਸਨ।

# ਹਰ ਸਾਲ ਬਲੱਡ ਕੈਂਸਰ ਦੇ 1.17 ਲੱਖ ਨਵੇਂ ਕੇਸ ਹੋਣ ਦੀ ਸੰਭਾਵਨਾ - ਡਾ ਪ੍ਰਿਯਾਂਸ਼ੂ ਚੌਧਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਬੋਨ ਮੈਰੋ ਟ੍ਰਾਂਸਪਲਾਂਟ ਵਿੱਚ ਖਰਾਬ ਜਾਂ ਬਿਮਾਰ ਸਟੈਮ ਸੈੱਲਾਂ ਨੂੰ ਸਿਹਤਮੰਦ ਸਟੈਮ ਸੈੱਲਾਂ ਨਾਲ ਬਦਲਿਆ ਜਾਂਦਾ ਹੈ। ਇਹ ਗੁੰਝਲਦਾਰ ਪ੍ਰਕਿਰਿਆ ਭਾਰਤ ਵਿੱਚ ਬਹੁਤ ਘੱਟ ਹਸਪਤਾਲਾਂ ਵਿੱਚ ਕੀਤੀ ਜਾਂਦੀ ਹੈ, ਭਾਵੇਂ ਕਿ ਭਾਰਤ ਵਿੱਚ ਬੋਨ ਮੈਰੋ ਟ੍ਰਾਂਸਪਲਾਂਟ ਦੀ ਸਫਲਤਾ ਦਰ ਅੰਤਰਰਾਸ਼ਟਰੀ ਮਾਪਦੰਡਾਂ ਦੇ ਬਰਾਬਰ ਹੈ।" ਲਿਵਾਸਾ ਹਸਪਤਾਲ ਦੇ ਸੀਨੀਅਰ ਕੰਸਲਟੈਂਟ ਹੇਮਾਟੋਲੋਜਿਸਟ ਅਤੇ ਬੋਨ ਮੈਰੋ ਟਰਾਂਸਪਲਾਂਟ ਫਿਜ਼ੀਸ਼ੀਅਨ ਡਾ ਮੁਕੇਸ਼ ਚਾਵਲ ਨੇ ਦੱਸਿਆ ਕਿ ਅਮਰੀਕਾ ਅਤੇ ਚੀਨ ਤੋਂ ਬਾਅਦ ਭਾਰਤ ਹੈਮਾਟੋਲੋਜੀਕਲ ਕੈਂਸਰ ਦੇ ਮਾਮਲੇ ਵਿੱਚ ਦੁਨੀਆ ਵਿੱਚ ਤੀਜੇ ਨੰਬਰ 'ਤੇ ਹੈ। ਭਾਰਤ ਵਿੱਚ ਹਰ ਸਾਲ ਬਲੱਡ ਕੈਂਸਰ ਦੇ 1.17 ਲੱਖ ਨਵੇਂ ਕੇਸ ਸਾਹਮਣੇ ਆਉਣ ਦੀ ਸੰਭਾਵਨਾ ਹੈ।ਡਾਇਰੈਕਟਰ ਮੈਡੀਕਲ ਨਕੋਲੋਜੀ ਡਾਜਤਿਨ ਸਰੀਨ ਨੇ ਕਿਹਾ, "ਬੋਨ ਮੈਰੋ ਟ੍ਰਾਂਸਪਲਾਂਟ ਨੂੰ ਆਮ ਤੌਰ 'ਤੇ ਕੁਝ ਕਿਸਮਾਂ ਦੇ ਕੈਂਸਰ ਦੇ ਨਾਲ-ਨਾਲ ਕੁਝ ਹੋਰ ਬਿਮਾਰੀਆਂ ਦੇ ਹੱਲ ਵਜੋਂ ਪੇਸ਼ ਕੀਤਾ ਜਾਂਦਾ ਹੈ ਜੋ ਖੂਨ ਦੇ ਸੈੱਲਾਂ ਦੇ ਉਤਪਾਦਨ ਨੂੰ ਪ੍ਰਭਾਵਤ ਕਰਦੇ ਹਨ।ਅਮਰੀਕਾ ਦੇ ਹਰ ਵੱਡੇ ਸ਼ਹਿਰ ਵਿੱਚ 2-3 ਬੋਨ ਮੈਰੋ ਟ੍ਰਾਂਸਪਲਾਂਟ ਸੈਂਟਰ ਹਨ। ਇਸ ਦੇ ਮੁਕਾਬਲੇ, ਭਾਰਤ, ਜਿੱਥੇ ਇਸਦੀ ਆਬਾਦੀ ਪੰਜ ਗੁਣਾ ਹੈ, ਸਿਰਫ ਕੁਝ ਹੀ ਹਸਪਤਾਲ ਹਨ ਜੋ ਬੋਨ ਮੈਰੋ ਟ੍ਰਾਂਸਪਲਾਂਟ ਦੀ ਪੇਸ਼ਕਸ਼ ਕਰਦੇ ਹਨ, ਵਿਡੰਬਨਾ ਇਹ ਹੈ ਕਿ 140 ਕਰੋੜ ਦੀ ਆਬਾਦੀ ਵਾਲੇ ਦੇਸ਼ ਵਿੱਚ ਬਹੁਤ ਘੱਟ ਸਿਖਲਾਈ ਪ੍ਰਾਪਤ ਬੋਨ ਮੈਰੋ ਟ੍ਰਾਂਸਪਲਾਂਟ ਮਾਹਰ ਹਨ।"ਮੈਡੀਕਲ ਔਨਕੋਲੋਜਿਸਟ ਡਾ ਪ੍ਰਿਯਾਂਸ਼ੂ ਚੌਧਰੀ ਨੇ ਕਿਹਾ ਕਿ ਬੋਨ ਮੈਰੋ ਟਰਾਂਸਪਲਾਂਟ ਹੀ ਇੱਕ ਅਜਿਹਾ ਇਲਾਜ ਹੈ ਜਿਸ ਦੇ ਨਤੀਜੇ ਵਜੋਂ ਰਿਫ੍ਰੈਕਟਰੀ ਬਲੱਡ ਕੈਂਸਰ ਦੇ ਮਰੀਜ਼ਾਂ ਦਾ ਲੰਬੇ ਸਮੇਂ ਤੱਕ ਬਚਾਅ ਹੋ ਸਕਦਾ ਹੈ।"ਭਾਰਤ ਵਿੱਚ ਲਗਭਗ 65000-67000 ਥੈਲੇਸੀਮੀਆ ਦੇ ਮੁੱਖ ਮਰੀਜ਼ ਹਨ ਅਤੇ ਹਰ ਸਾਲ ਭਾਰਤ ਵਿੱਚ ਥੈਲੇਸੀਮੀਆ ਦੇ 9000-10000 ਨਵੇਂ ਕੇਸਾਂ ਦੀ ਜਾਂਚ ਕੀਤੀ ਜਾਂਦੀ ਹੈ। ਥੈਲੇਸੀਮੀਆ ਦੇ ਮਾਮਲਿਆਂ ਵਿੱਚ ਬੋਨ ਮੈਰੋ ਟ੍ਰਾਂਸਪਲਾਂਟ ਤਰਜੀਹੀ ਇਲਾਜ ਹੈ।ਬੋਨ ਮੈਰੋ ਟ੍ਰਾਂਸਪਲਾਂਟ ਪ੍ਰਕਿਰਿਆ ਵਿੱਚ, ਬਿਮਾਰ ਜਾਂ ਖਰਾਬ ਬੋਨ ਮੈਰੋ ਨੂੰ ਸਿਹਤਮੰਦ ਬੋਨ ਮੈਰੋ ਨਾਲ ਬਦਲਿਆ ਜਾਂਦਾ ਹੈ, ਆਮ ਤੌਰ 'ਤੇ ਖੂਨ ਦੇ ਰਿਸ਼ਤੇਦਾਰਾਂ ਜਿਵੇਂ ਕਿ ਭਰਾਵਾਂ/ਭੈਣਾਂ ਅਤੇ ਮਾਪਿਆਂ ਤੋਂ।





ਲਿਵਾਸਾ ਹਸਪਤਾਲ ਬੋਨ ਮੈਰੋ ਟਰਾਂਸਪਲਾਂਟ ਸੇਵਾਵਾਂ ਦੀ ਪੂਰੀ ਸ਼੍ਰੇਣੀ ਦੀ ਪੇਸ਼ਕਸ਼ ਕਰਨ ਜਾ ਰਿਹਾ ਹੈ ਜਿਸ ਵਿੱਚ ਆਟੋਲੋਗਸ ਅਤੇ ਐਲੋਜੇਨਿਕ ਟ੍ਰਾਂਸਪਲਾਂਟ ਇੱਕ ਛੱਤ ਹੇਠ ਸ਼ਾਮਲ ਹਨ। ਇਸ ਨਾਲ ਹਰਿਆਣਾ, ਹਿਮਾਚਲ ਅਤੇ ਪੰਜਾਬ ਦੇ ਮਰੀਜ਼ਾਂ ਨੂੰ ਕਾਫੀ ਫਾਇਦਾ ਹੋਵੇਗਾ।

ਲਿਵਾਸਾ ਹਰਿਆਣਾ ਸਰਕਾਰ, ਹਿਮਾਚਲ ਸਰਕਾਰ, ਸੀਜੀਐਚਐਸ ਅਤੇ ਸਾਰੇ ਪ੍ਰਮੁੱਖ ਟੀਪੀਏ ਅਤੇ ਕਾਰਪੋਰੇਟਸ ਦੀ ਸੂਚੀ ਵਿੱਚ ਵੀ ਸ਼ਾਮਲ ਹੈ ਜਿੱਥੇ ਮਰੀਜ਼ ਲਿਵਾਸਾ ਵਿਖੇ ਹਰ ਕਿਸਮ ਦੇ ਕੈਂਸਰ ਦੇ ਇਲਾਜ ਲਈ ਨਕਦ ਰਹਿਤ ਇਲਾਜ/ਮੁਆਵਜ਼ਾ ਪ੍ਰਾਪਤ ਕਰ ਸਕਦੇ ਹਨ।

# ਉਸਤਾਦ ਜ਼ਾਕਿਰ ਹੁਸੈਨ ਨੂੰ ਸਿੱਖ ਨੈਸ਼ਨਲ ਕਾਲਜ ਬੰਗਾ ਨੇ ਕੀਤੀ ਸ਼ਰਧਾਂਜਲੀ ਭੇਟ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਵਿਸ਼ਵ ਵਿਖਿਆਤ ਤਬਲਾ ਵਾਦਕ ਉਸਤਾਦ ਜ਼ਾਕਿਰ ਹੁਸੈਨ ਜੀ ਦੀ ਯਾਦ ਨੂੰ ਸਮਰਪਿਤ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਸੰਗੀਤ ਵਿਭਾਗ ਵੱਲੋਂ ਇੱਕ ਸ਼ੋਕ ਸਭਾ ਦਾ ਆਯੋਜਨ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਕੀਤਾ ਗਿਆ। ਇਸ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਆਖਿਆ ਕਿ ਗ੍ਰੈਮੀ ਪੁਰਸਕਾਰ ਵਿਜੇਤਾ ਉਸਤਾਦ ਜ਼ਾਕਿਰ ਹੁਸੈਨ ਨੇ ਲਗਪਗ ਛੇ ਦਹਾਕੇ ਦੁਨੀਆਂ ਦੇ ਵੱਖ-ਵੱਖ ਮੁਲਕਾਂ 'ਚ ਤਬਲਾ ਵਜਾ ਕੇ ਭਾਰਤੀ ਸੰਗੀਤ ਨੂੰ ਵਿਸ਼ਵ ਪੱਧਰੀ ਪਹਿਚਾਣ ਦਿੱਤੀ ਹੈ ਜਿਸ ਲਈ ਉਨ੍ਹਾਂ ਨੂੰ ਪਦਮ ਵਿਭੂਸ਼ਣ, ਸੰਗੀਤ ਨਾਟਕ ਅਕੈਡਮੀ, ਗ੍ਰੈਮੀ ਤੇ ਹੋਰ ਅਨੇਕਾਂ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ ਤੇ ਅੱਜ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਸੰਗੀਤ ਸਿਖਿਆਰਥੀ ਤਬਲੇ ਦੀ ਤਾਲੀਮ ਹਾਸਲ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜ਼ਾਕਿਰ ਸਾਹਿਬ ਭਾਵੇਂ ਇਸ ਦੁਨੀਆਂ ਵਿੱਚ ਨਹੀਂ ਰਹੇ ਪਰ ਤਬਲੇ ਪ੍ਰਤੀ ਉਨ੍ਹਾਂ ਦਾ ਸਮਰਪਣ ਅਤੇ ਜਿਸ ਮੁਕਾਮ ਤੇ ਅੱਜ ਉਨ੍ਹਾਂ ਨੇ ਤਬਲਾ ਪਹੁੰਚਾਇਆ ਹੈ ਉਸ ਲਈ ਉਨ੍ਹਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ।



ਵਿਦਿਆਰਥੀਆਂ ਦੇ ਰੂ-ਬ-ਰੂ ਹੁੰਦਿਆਂ ਪ੍ਰੋ. ਗੁਰਪ੍ਰੀਤ ਸਿੰਘ ਨੇ ਵੀ ਕਿਹਾ ਕਿ ਉਸਤਾਦ ਜ਼ਾਕਿਰ ਹੁਸੈਨ ਨੇ ਐਡੇ ਉੱਚ ਕੋਟੀ ਦੇ ਕਲਾਕਾਰ ਹੁੰਦਿਆਂ ਆਪਣੀ ਨਿਰਮਾਣਤਾ ਨੂੰ ਅਖੀਰੀ ਵਕਤ ਤੱਕ ਨਹੀਂ ਛੱਡਿਆ ਜੋ ਮੈਂ ਅੱਖੀਂ ਡਿੱਠਾ ਹੈ ਤੇ ਪੰਜਾਬ ਘਰਾਣੇ ਦਾ ਤਬਲਾ ਵਜਾਉਣ ਕਰਕੇ ਪੰਜਾਬ ਅਤੇ ਪੰਜਾਬੀਆਂ ਨਾਲ ਉਨ੍ਹਾਂ ਦਾ ਲਗਾਅ ਖ਼ਾਸ ਰਿਹਾ ਹੈ। ਇਸ ਮੌਕੇ ਉਨ੍ਹਾਂ ਦੀ ਤਸਵੀਰ ਅੱਗੇ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ, ਹਾਜ਼ਰ ਸਟਾਫ਼ ਤੇ ਵਿਦਿਆਰਥੀਆਂ ਨੇ ਉਸਤਾਦ ਜੀ ਦੀ ਤਸਵੀਰ ਅੱਗੇ ਸ਼ਰਧਾ ਸੁਮਨ ਅਰਪਿਤ ਕੀਤੇ ਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਇੱਕ ਮਿੰਟ ਦਾ ਮੌਨ ਵੀ ਰੱਖਿਆ ਗਿਆ।

ਇਸ ਮੌਕੇ ਕਾਲਜ ਦੀ ਸੰਗੀਤ ਵਿਭਾਗ ਦੀ ਹੋਣਹਾਰ ਵਿਦਿਆਰਥਣ ਇੰਦਰਪ੍ਰੀਤ ਕੌਰ ਨੂੰ ਉਸ ਦੀ ਉਸਤਾਦ ਜ਼ਾਕਿਰ ਹੁਸੈਨ ਨਾਲ ਯਾਦਗਾਰੀ ਤਸਵੀਰ ਪ੍ਰਿੰਸੀਪਲ ਸਾਹਿਬ ਵਲੋਂ ਤੋਹਫ਼ੇ ਵਜੋਂ ਦਿੱਤੀ ਗਈ। ਇਸ ਮੌਕੇ ਡਾ. ਗੁਰਵਿੰਦਰ ਸਿੰਘ (ਡੀਨ ਕਲਚਰਲ), ਡਾ. ਕਮਲਦੀਪ ਕੌਰ, ਡਾ. ਰਾਜੇਸ਼ ਸ਼ਰਮਾ, ਡਾ. ਨਿਰਮਲਜੀਤ ਕੌਰ, ਡਾ. ਦਵਿੰਦਰ ਕੌਰ, ਡਾ. ਨਵਨੀਤ ਕੌਰ, ਪ੍ਰੋ. ਕਿਸ਼ੋਰ ਅਤੇ ਪ੍ਰੋ. ਤਜਿੰਦਰ ਸਿੰਘ ਸਮੇਤ ਸੰਗੀਤ ਵਿਭਾਗ ਦੇ ਵਿਦਿਆਰਥੀ ਹਾਜ਼ਰ ਸਨ।

# ਬਿਨਾਂ ਲਾਇਸੈਂਸ ਤੋਂ ਦਵਾਈਆਂ ਵੇਚਣ ਵਾਲਿਆਂ ਨੂੰ 3 ਸਾਲ ਦੀ ਕੈਦ ਅਤੇ 1 ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਨਸ਼ਾ ਅਤੇ ਕਾਸਮੈਟਿਕ ਐਕਟ 1940 ਤਹਿਤ ਬਿਨਾਂ ਲਾਇਸੈਂਸ ਤੋਂ ਦਵਾਈਆਂ ਵੇਚਣ ਵਾਲੇ ਹੁਸ਼ਿਆਰਪੁਰ ਦੇ ਇੱਕ ਡਰੱਗ ਡੀਲਰ ਨੂੰ ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਹੁਸ਼ਿਆਰਪੁਰ ਦੀ ਅਦਾਲਤ ਨੇ 3 ਸਾਲ ਦੀ ਕੈਦ ਅਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜ਼ੋਨਲ ਲਾਇਸੈਂਸਿੰਗ ਅਥਾਰਟੀ ਸ੍ਰੀ ਬਲਰਾਮ ਲੂਥਰਾ ਨੇ ਦੱਸਿਆ ਕਿ ਕਥਿਤ ਦੋਸ਼ੀ ਹੁਸ਼ਿਆਰਪੁਰ ਵਿਖੇ ਬਿਨਾਂ ਦਵਾਈ ਲਾਇਸੈਂਸ ਤੋਂ ਦਵਾਈਆਂ ਵੇਚਦਾ ਪਾਇਆ ਗਿਆ ਅਤੇ ਉਹ ਦਵਾਈ ਦੇ ਬਿੱਲ ਨਹੀਂ ਦਿਖਾ ਸਕਿਆ। ਜਿਸ ਕਾਰਨ ਸਾਲ 2015 ਵਿੱਚ ਡਰੱਗ ਐਂਡ ਕਾਸਮੈਟਿਕ ਐਕਟ ਤਹਿਤ ਵਿਭਾਗੀ ਕਾਰਵਾਈ ਕਰਕੇ ਉਸ ਦੀਆਂ ਦਵਾਈਆਂ ਜ਼ਬਤ ਕਰ ਲਈਆਂ ਗਈਆਂ ਸਨ। ਸ੍ਰੀ ਬਲਰਾਮ ਲੂਥਰਾ ਨੇ ਕਿਹਾ ਕਿ ਜੇਕਰ ਕੋਈ ਦਵਾਈ ਵਿਕਰੇਤਾ ਬਿਨਾਂ ਲਾਇਸੈਂਸ ਤੋਂ ਦਵਾਈਆਂ ਵੇਚਦਾ ਪਾਇਆ ਗਿਆ ਜਾਂ ਡਰੱਗ ਐਂਡ ਕਾਸਮੈਟਿਕ ਐਕਟ ਦੀ ਉਲੰਘਣਾ ਕਰਦਾ ਪਾਇਆ ਗਿਆ ਜਾਂ ਗੈਰ-ਕਾਨੂੰਨੀ ਢੰਗ ਨਾਲ ਦਵਾਈਆਂ ਦਾ ਕਾਰੋਬਾਰ ਕਰਦਾ ਫੜਿਆ ਗਿਆ ਜਾਂ ਨਸ਼ੇ ਨਾਲ ਸਬੰਧਤ ਦਵਾਈਆਂ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਉਸ ਵਿਰੁੱਧ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਦਵਾਈ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੀਆਂ ਦਵਾਈਆਂ ਦੀ ਖਰੀਦ ਅਤੇ ਵਿਕਰੀ ਦਾ ਰਿਕਾਰਡ ਰੱਖਣ ਅਤੇ ਡਰੱਗ ਐਂਡ ਕਾਸਮੈਟਿਕ ਐਕਟ ਦੇ ਨਿਯਮਾਂ ਦੀ ਪਾਲਣਾ ਕਰਨ। ਅਜਿਹਾ ਨਾ ਕਰਨ ਵਾਲਿਆਂ ਖਿਲਾਫ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਬਾਬਾ ਸਾਹਿਬ ਖਿਲਾਫ ਕੀਤੀ ਗਈ ਟਿੱਪਣੀ ਤੋਂ ਨਾਰਾਜ਼ ਕਾਂਗਰਸੀਆਂ ਨੇ ਅਮਿਤ ਸ਼ਾਹ ਅਤੇ ਭਾਜਪਾ ਦਾ ਵਿਰੋਧ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਕਾਂਗਰਸ ਕਮੇਟੀ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਅਰੁਣ ਡੋਗਰਾ ਮਿੱਕੀ ਦੀ ਅਗਵਾਈ ਹੇਠ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ ਅਤੇ ਪੁਤਲਾ ਫੂਕਿਆ ਗਿਆ। ਇਸ ਮੌਕੇ ਕਾਂਗਰਸੀ ਆਗੂਆਂ ਨੇ ਕਿਹਾ ਕਿ ਅਮਿਤ ਸ਼ਾਹ ਨੇ ਬਾਬਾ ਸਾਹਿਬ ਡਾ: ਭੀਮ ਰਾ ਅੰਬੇਡਕਰ ਬਾਰੇ ਅਪਮਾਨਜਨਕ ਟਿੱਪਣੀ ਕਰਕੇ ਬਹੁਤ ਹੀ ਸ਼ਰਮਨਾਕ ਕਾਰਾ ਕੀਤਾ ਹੈ ਅਤੇ ਉਨ੍ਹਾਂ ਨੂੰ ਇਸ ਲਈ ਬਿਨਾਂ ਦੇਰੀ ਮੁਆਫ਼ੀ ਮੰਗਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇਸ਼ ਦੇ ਉਨ੍ਹਾਂ ਨਾਇਕਾਂ ਵਿੱਚੋਂ ਹਨ। ਜਿਨ੍ਹਾਂ ਨੇ ਸੰਵਿਧਾਨ ਦੀ ਰਚਨਾ ਕੀਤੀ ਅਤੇ ਉਨ੍ਹਾਂ ਵੱਲੋਂ ਦਿੱਤੇ ਅਧਿਕਾਰਾਂ ਸਦਕਾ ਹੀ ਅੱਜ ਦੇਸ਼ ਅੱਗੇ ਵਧ ਰਿਹਾ ਹੈ। ਕਾਂਗਰਸੀ ਆਗੂਆਂ ਨੇ ਅਮਿਤ ਸ਼ਾਹ ਅਤੇ ਭਾਜਪਾ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਅਮਿਤ ਸ਼ਾਹ ਨੂੰ ਬਾਬਾ ਸਾਹਿਬ ਬਾਰੇ ਬੋਲਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਸੀ।




ਇਸ ਦੌਰਾਨ ਐਸਐਸਪੀ ਵਿਭਾਗ ਦੇ ਜ਼ਿਲ੍ਹਾ ਚੇਅਰਮੈਨ ਗੁਰਦੀਪ ਕਟੋਚ ਨੇ ਕਿਹਾ ਕਿ ਅਮਿਤ ਸ਼ਾਹ ਦੀ ਗਲਤੀ ਨਾ ਮੁਆਫ਼ੀਯੋਗ ਹੈ ਅਤੇ ਅਮਿਤ ਸ਼ਾਹ ਨੂੰ ਸਮਰਥਨ ਦੇ ਕੇ ਭਾਜਪਾ ਨੇ ਵੀ ਬਾਬਾ ਸਾਹਿਬ ਅਤੇ ਉਨ੍ਹਾਂ ਦੇ ਵਿਚਾਰਾਂ ਦੇ ਵਿਰੋਧੀ ਹੋਣ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਸ ਸੰਵਿਧਾਨ ਨੇ ਸਾਰੇ ਦੇਸ਼ ਵਾਸੀਆਂ ਨੂੰ ਇਕਜੁੱਟ ਕਰਨ ਦਾ ਕੰਮ ਕੀਤਾ ਹੈ, ਉਹ ਬਾਬਾ ਸਾਹਿਬ ਦੀ ਦੇਣ ਹੈ ਅਤੇ ਇਹ ਦੁੱਖ ਦੀ ਗੱਲ ਹੈ ਕਿ ਭਾਜਪਾ ਨੂੰ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੋਵੇਗਾ। ਜਿਸ ਕਾਰਨ ਭਾਜਪਾ ਅਤੇ ਇਸ ਦੇ ਆਗੂ ਹਰ ਰੋਜ਼ ਨਾ ਸਿਰਫ਼ ਸੰਵਿਧਾਨ ਵਿਰੋਧੀ ਬਿਆਨਬਾਜ਼ੀ ਕਰਦੇ ਹਨ ਸਗੋਂ ਸੰਵਿਧਾਨ ਵਿਰੋਧੀ ਨੀਤੀਆਂ 'ਤੇ ਕੰਮ ਵੀ ਕਰਦੇ ਹਨ। ਜਿਸ ਕਾਰਨ ਦੇਸ਼ ਵਾਸੀਆਂ ਵਿੱਚ ਭਾਰੀ ਰੋਸ ਹੈ। ਇਸ ਮੌਕੇ ਸ਼ਹਿਰੀ ਪ੍ਰਧਾਨ ਨਵਪ੍ਰੀਤ ਰਹੀਲ, ਦਿਹਾਤੀ ਪ੍ਰਧਾਨ ਬਲਵਿੰਦਰ ਭੱਟੀ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਗੁਪਤਾ, ਅਸ਼ਵਨੀ ਸ਼ਰਮਾ ਇੰਟਕ ਮੁਖੀ, ਮਹਿੰਦਰਪਾਲ ਸ਼ਹਿਰੀ ਪ੍ਰਧਾਨ ਐਸ।ਸੀ ਵਿਭਾਗ, ਕੌਂਸਲਰ ਅਸ਼ੌਰ ਮਹਿਰਾ, ਮੀਨਾ ਸ਼ਰਮਾ, ਆਸ਼ਾ ਦੱਤਾ, ਬਲਵਿੰਦਰ ਕੌਰ, ਗੁਰਮੀਤ ਸਿੱਧੂ, ਵਿਨੀਤਾ ਸ਼ਰਮਾ, ਡਾ. ਵਿਸ਼ਵਨਾਥ ਸਿੰਘ, ਰਾਮ ਕ੍ਰਿਪਾਲ ਕਿਸ਼ੋਰ, ਸੋਹਣ ਸਿੰਘ, ਸੁਮੇਲ ਸਿੰਘ, ਰਣਜੀਤ ਸਿੰਘ, ਸਰਵਣ ਸਿੰਘ, ਰਜਨੀਸ਼. ਟੰਡਨ, ਪੁਨੀਤ ਸ਼ਰਮਾ, ਬਲਵਿੰਦਰ ਕੁਮਾਰ, ਬਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।

# 'ਅੰਬੇਦਕਰ ਲਈ ਅਪਮਾਨਜਨਕ ਕੁਝ ਨਹੀਂ ਕਿਹਾ, ਵਿਰੋਧੀਆਂ ਦੇ ਪ੍ਰਚਾਰ ਤੋਂ ਡਰਨ ਦੀ ਲੋੜ ਨਹੀਂ'- ਅਮਿਤ ਸ਼ਾਹ

**ਨਵੀਂ ਦਿੱਲੀ**– ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਜਨਮ ਸ਼ਤਾਬਦੀ 'ਤੇ ਬੁੱਧਵਾਰ ਨੂੰ ਭਾਜਪਾ ਪ੍ਰਧਾਨ ਜੇਪੀ ਨੱਡਾ ਦੀ ਰਿਹਾਇਸ਼ 'ਤੇ ਰਾਸ਼ਟਰੀ ਜਮਹੂਰੀ ਗਠਜੋੜ (ਐਨਡੀਏ) ਦੇ ਨੇਤਾਵਾਂ ਦੀ ਇੱਕ ਅਹਿਮ ਬੈਠਕ ਹੋਈ। ਮੀਟਿੰਗ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਤੇਲਗੂ ਦੇਸ਼ਮ ਪਾਰਟੀ (ਟੀਡੀਪੀ) ਦੇ ਪ੍ਰਧਾਨ ਚੰਦਰਬਾਬੂ ਨਾਇਡੂ, ਜੇਡੀਯੂ ਕੇਂਦਰੀ ਮੰਤਰੀ ਰਾਜੀਵ ਰੰਜਨ ਸਿੰਘ, ਅਪਨਾ ਦਲ (ਐਸ) ਦੀ ਪ੍ਰਧਾਨ ਅਨੁਪ੍ਰਿਆ ਪਟੇਲ ਅਤੇ ਜੇਡੀਐਸ ਆਗੂ ਐਚਡੀ ਕੁਮਾਰਸਵਾਮੀ ਮੌਜੂਦ ਸਨ। ਪਹਿਲੀ ਵਾਰ ਅਟਲ ਬਿਹਾਰੀ ਵਾਜਪਾਈ ਨੇ ਪੰਜ ਸਾਲ ਐਨਡੀਏ ਗੱਠਜੋੜ ਦੀ ਸਰਕਾਰ ਚਲਾਈ। ਚੰਗਾ ਸ਼ਾਸਨ ਉਨ੍ਹਾਂ ਦੀ ਸਰਕਾਰ ਦਾ ਮੁੱਖ ਵਿਸ਼ਾ ਸੀ।



ਇਹੀ ਕਾਰਨ ਹੈ ਕਿ ਉਨ੍ਹਾਂ ਦੀ ਜਯੰਤੀ 'ਤੇ ਐਨਡੀਏ ਦੀ ਇਕ ਅਹਿਮ ਬੈਠਕ ਦਾ ਫੈਸਲਾ ਕੀਤਾ ਗਿਆ। ਸੂਤਰਾਂ ਮੁਤਾਬਕ ਬੈਠਕ 'ਚ ਸੁਸ਼ਾਸਨ ਅਤੇ ਹੋਰ ਸਿਆਸੀ ਮੁੱਦਿਆਂ 'ਤੇ ਚਰਚਾ ਕੀਤੀ ਗਈ। ਹਾਲਾਂਕਿ ਬੈਠਕ ਦੇ ਏਜੰਡੇ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਹਿੰਦੁਸਤਾਨੀ ਅਵਾਮ ਮੋਰਚਾ ਦੇ ਆਗੂ ਜੀਤਨ ਰਾਮ ਮਾਂਝੀ, ਰਾਸ਼ਟਰੀ ਲੋਕ ਮੋਰਚਾ (ਆਰਐਲਐਮ) ਦੇ ਪ੍ਰਧਾਨ ਉਪੇਂਦਰ ਕੁਸ਼ਵਾਹਾ ਅਤੇ ਭਾਰਤ ਧਰਮ ਜਨ ਸੈਨਾ ਦੇ ਪ੍ਰਧਾਨ ਤੁਸ਼ਾਰ ਵੇਲਾਪੱਲੀ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ ਤੋਂ ਬਾਅਦ ਭਾਜਪਾ ਪ੍ਰਧਾਨ ਜੇ।ਪੀ।ਨੱਡਾ ਨੇ ਟਵਿੱਟਰ 'ਤੇ ਲਿਖਿਆ, "ਅੱਜ ਨਵੀਂ ਦਿੱਲੀ 'ਚ ਐਨ.ਡੀ.ਏ. ਨੇਤਾਵਾਂ ਦੀ ਬੈਠਕ 'ਚ ਸ਼ਿਰਕਤ ਕੀਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਅੰਦੇਸ਼ੀ ਅਗਵਾਈ 'ਚ ਭਾਰਤ ਬੇਮਿਸਾਲ ਉਪਲੱਬਧੀਆਂ ਹਾਸਲ ਕਰ ਰਿਹਾ ਹੈ ਅਤੇ ਆਪਣੇ ਆਪ ਨੂੰ ਆਲਮੀ ਮਹਾਸ਼ਕਤੀ ਵਜੋਂ ਸਥਾਪਿਤ ਕਰ ਰਿਹਾ

# ਦਲਵਿੰਦਰ ਦਿਆਲਪੁਰੀ ਦੇ ਧਾਰਮਿਕ ਗੀਤ "ਜੀਤਾਂ ਤੇਰੇ ਲਾਲ ਨੀ" ਰਿਲੀਜ਼ - ਰਣਧੀਰ ਧੀਰਾ

**ਵੈਨਕੂਵਰ ( ਕੁਲਦੀਪ ਚੁੰਬਰ)** ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਅਰਪਣ ਗਾਇਕ ਦਲਵਿੰਦਰ ਦਿਆਲਪੁਰੀ ਦੇ ਧਾਰਮਿਕ ਸਿੰਗਲ ਟ੍ਰੈਕ "ਜੀਤਾਂ ਤੇਰੇ ਲਾਲ ਨੀ" ਵੀਡੀ ਨੂੰ ਯੂ. ਟਿਊਬ ਤੇ ਸੰਗਤਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ। ਜਾਣਕਾਰੀ ਦਿੰਦਿਆਂ ਪ੍ਰੋਡਿਊਸਰ ਰਣਧੀਰ ਧੀਰਾ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਨੂੰ ਫੋਕ ਫਿਊਜ਼ਨ ਕੰਪਨੀ ਵਲੋਂ ਰਿਲੀਜ ਕੀਤਾ ਗਿਆ ਹੈ। ਜਿਸ ਦਾ ਮਿਊਜ਼ਿਕ ਕਿਸ਼ਨ ਭਗਤ ਵਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਲਿਖਿਆ ਹੈ ਭਜਨ ਸਿੰਘ ਥਿੰਦ ਟਿੱਬੇ ਵਾਲਾ ਨੇ। ਇਸ ਧਾਰਮਿਕ ਟ੍ਰੈਕ ਦਾ ਵੀਡੀ ਰਣਜੀਤ ਉੱਪਲ ਵਲੋਂ ਧਾਰਮਿਕ ਸਥਾਨਾਂ ਤੇ ਸ਼ੂਟ ਕੀਤਾ ਗਿਆ ਹੈ ਜੋ ਕਿ ਯੂ ਟਿਊਬ ਦੇ ਨਾਲ ਨਾਲ ਧਾਰਮਿਕ ਚੈਨਲਾਂ ਤੇ ਚੱਲ ਰਿਹਾ ਹੈ। ਜਿਸ ਨੂੰ ਸੰਗਤਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ।




# ਐਨ.ਡੀ.ਏ ਵਿਚ ਜਾਣ ਦੇ ਚਾਹਵਾਨ ਵਿਦਿਆਰਥੀਆਂ ਲਈ ਸੁਨਹਿਰੀ ਮੌਕਾ - ਰਾਜੀਵ ਵਰਮਾ

## ਮਹਾਰਾਜਾ ਰਣਜੀਤ ਸਿੰਘ ਆਰਮਡ ਫ਼ੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਪੋਰਟਲ 'ਤੇ ਅਪਲਾਈ ਕਰਨ ਜ਼ਿਲ੍ਹੇ ਦੇ ਨੌਜਵਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਮਹਾਰਾਜਾ ਰਣਜੀਤ ਸਿੰਘ ਆਰਮਡ ਫ਼ੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ 15ਵੇਂ ਕੋਰਸ ਲਈ ਦਾਖ਼ਲਾ ਇਮਤਿਹਾਨ 12 ਜਨਵਰੀ 2025 ਨੂੰ ਹੋਵੇਗਾ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਦੱਸਿਆ ਕਿ ਮੁਹਾਲੀ ਸਥਿਤ ਪੰਜਾਬ ਸਰਕਾਰ ਦੇ ਇਸ ਇੰਸਟੀਚਿਊਟ ਵਿਚ ਐਨ.ਡੀ.ਏ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਿਚ 15ਵੇਂ ਕੋਰਸ ਲਈ ਦਾਖ਼ਲਾ ਪ੍ਰਕਿਰਿਆ ਸ਼ੁਰੂ ਹੈ ਅਤੇ ਚਾਹਵਾਨ ਵਿਦਿਆਰਥੀ http://recriutment-portali.n ਪੋਰਟਲ 'ਤੇ ਜਾ ਕੇ ਆਨਲਾਈਨ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਇੱਕ ਸੁਨਹਿਰੀ ਮੌਕਾ ਹੈ ਅਤੇ ਐਨ.ਡੀ.ਏ. ਵਿਚ ਜਾਣ ਦੇ ਚਾਹਵਾਨ 10ਵੀਂ ਜਮਾਤ ਦੇ ਵਿਦਿਆਰਥੀ ਇਸ ਕੋਰਸ ਲਈ ਅਪਲਾਈ ਕਰ ਸਕਦੇ ਹਨ। ਇਸ ਤੋਂ ਇਲਾਵਾ ਇਸ ਸਮੇਂ 11ਵੀਂ ਜਮਾਤ 'ਚ ਪੜ੍ਹਦੇ ਵਿਦਿਆਰਥੀ ਵੀ ਅਪਲਾਈ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਉਮਰ ਸਬੰਧੀ ਮਾਪਦੰਡਾਂ ਨੂੰ ਪੂਰਾ ਕਰਨ ਉਪਰੰਤ ਹੀ 11ਵੀਂ ਜਮਾਤ ਵਿਚ ਦਾਖ਼ਲਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਯੋਗਤਾ ਦੇ ਮਾਪਦੰਡ ਸੰਸਥਾ ਦੀ ਵੈੱਬਸਾਈਟ https://afippunjab.org ਉੱਤੇ ਉਪਲਬੱਧ ਹਨ।

ਉਹਨਾਂ ਦੱਸਿਆ ਕਿ ਜੋ ਲੜਕੇ ਪੇਪਰ ਪਾਸ ਕਰ ਲੈਣ, ਉਨਾਂ ਨੂੰ ਗਿਆਰਵੀਂ ਅਤੇ ਬਾਰ੍ਹਵੀਂ ਦੀ ਪੜ੍ਹਾਈ ਦੇ ਨਾਲ-ਨਾਲ ਐਨ. ਡੀ. ਏ ਦੀ ਤਿਆਰੀ ਕਰਵਾਈ ਜਾਂਦੀ ਹੈ ਅਤੇ ਪੜ੍ਹਾਈ ਤੇ ਖਾਣ-ਪੀਣ ਮੁਫਤ ਹੈ। ਐਨ। ਡੀ। ਏ ਦਾ ਪੇਪਰ ਪਾਸ ਕਰਨ ਉਪਰੰਤ ਆਰਮੀ ਤਿੰਨ ਸਾਲ (ਆਰਮੀ ਅਫਸਰ ਦੀ) ਟ੍ਰੇਨਿੰਗ ਕਰਵਾਉਂਦੀ ਹੈ। ਟ੍ਰੇਨਿੰਗ ਦੌਰਾਨ 56000 ਰੁਪਏ ਪ੍ਰਤੀ ਮਹੀਨਾ ਸਕਾਲਰਸ਼ਿਪ ਵੀ ਮਿਲਦਾ ਹੈ । ਟ੍ਰੇਨਿੰਗ ਕੰਪਲੀਟ ਹੋਣ ਤੋਂ ਬਾਅਦ ਬੱਚਾ ਅਫ਼ਸਰ ਬਣ ਜਾਂਦਾ ਹੈ। ਜਨਮ ਮਿਤੀ 2 ਜੁਲਾਈ 2008 ਤੋਂ 5 ਜਨਵਰੀ 2011 ਦੇ ਵਿਚ ਹੋਣੀ ਚਾਹੀਦੀ ਹੈ।



ਇਸ ਸੰਸਥਾ ਦੀਆਂ ਪ੍ਰਾਪਤੀਆਂ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਸੰਸਥਾ ਦੇ ਹੁਣ ਤੱਕ ਕੁੱਲ 238 ਕੈਡਿਟ ਵੱਖ-ਵੱਖ ਸਰਵਿਸ ਟ੍ਰੇਨਿੰਗ ਅਕੈਡਮੀਆਂ ਵਿਚ ਸ਼ਾਮਲ ਹੋ ਚੁੱਕੇ ਹਨ ਅਤੇ 160 ਕੈਡਿਟ ਰੱਖਿਆ ਸੇਵਾਵਾਂ ਵਿਚ ਕਮਿਸ਼ਨਡ ਅਫ਼ਸਰ ਬਣੇ ਹਨ। ਮਹਾਰਾਜਾ ਰਣਜੀਤ ਸਿੰਘ ਆਰਮਡ ਫ਼ੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਨਤੀਜੇ ਪੂਰੇ ਦੇਸ਼ 'ਚੋਂ ਸਭ ਤੋਂ ਸ਼ਾਨਦਾਰ ਰਹੇ ਹਨ ਅਤੇ ਸੰਸਥਾ ਦੇ ਕੈਡਿਟਾਂ ਨੇ ਦੇਸ਼ ਭਰ ਵਿਚ ਪੰਜਾਬ ਦਾ ਨਾਂ ਉੱਚਾ ਕੀਤਾ ਹੈ। ਉਨ੍ਹਾਂ ਨੇ ਰੱਖਿਆ ਅਧਿਕਾਰੀ ਬਣਨ ਦੇ ਇੱਛੁਕ ਜ਼ਿਲ੍ਹੇ ਦੇ ਵਿਦਿਆਰਥੀਆਂ ਨੂੰ ਆਪਣੇ ਸੁਨਹਿਰੀ ਭਵਿੱਖ ਲਈ ਇਸ ਇੰਸਟੀਚਿਊਟ ਵਿਖੇ ਨਵੇਂ ਕੋਰਸ ਲਈ ਅਪਲਾਈ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸੰਸਥਾ ਦੇ ਫੋਨ ਨੰਬਰ 0172-2219707 ਉੱਤੇ ਕੰਮ ਵਾਲੇ ਦਿਨਾਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਭਾਸ਼ਾ ਵਿਭਾਗ ਦੇ ਉਰਦੂ ਅਧਿਆਪਕ ਸਨੀ ਸਿੰਘ ਨਾਲ 94633-58129 ਉੱਤੇ ਤਾਲਮੇਲ ਕੀਤਾ ਜਾ ਸਕਦਾ ਹੈ। ਇਸ ਮੌਕੇ ਉਰਦੂ ਅਧਿਆਪਕ ਸਨੀ ਸਿੰਘ ਅਤੇ ਮਨੀਸ਼ ਸਰੋਆ ਹਾਜ਼ਰ ਸਨ।

# ਰੈਡ ਕਰਾਸ ਨੇ ਫਲਾਹੀ 'ਚ ਝੁੱਗੀਆਂ ਨੂੰ ਅੱਗ ਲੱਗਣ ਕਾਰਨ ਪ੍ਰਭਾਵਿਤ ਪਰਿਵਾਰਾਂ ਦੀ ਕੀਤੀ ਮਦਦ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਡਿਪਟੀ ਕਮਿਸ਼ਨਰ ਕਮਿਸ਼ਨਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਰੈਡ ਕਰਾਸ ਸੁਸਾਇਟੀ ਦੀ ਟੀਮ ਨੇ ਪਿੰਡ ਫਲਾਹੀ ਵਿਖੇ ਅੱਗ ਨਾਲ ਪ੍ਰਭਾਵਿਤ ਪਰਿਵਾਰਾ ਨੂੰ ਰਾਹਤ ਸਮੱਗਰੀ ਮੁਹੱਈਆ ਕਰਵਾਈ। ਪਿੰਡ ਫਲਾਹੀ ਵਿੱਚ ਝੁੱਗੀਆਂ/ ਝੋਪੜੀਆਂ ਵਿੱਚ ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਰੈਡ ਕਰਾਸ ਦੀ ਟੀਮ ਵਲੋਂ ਮੌਕੇ 'ਤੇ ਪਹੁੰਚ ਕਰਕੇ ਪਤਾ ਕੀਤਾ ਕਿ ਕਈ ਪਰਿਵਾਰਾਂ ਦੀਆ ਝੋਪੜੀਆ, ਕੱਪੜੇ, ਘਰ ਦਾ ਸਾਮਾਨ, ਕੁੱਕੜ, ਪੈਸੇ, ਖਾਣ-ਪੀਣ ਦਾ ਸਾਮਾਨ, ਸਾਰੇ ਦੀ ਦਸਤਾਵੇਜ ਜਲ ਚੁੱਕੇ ਸਨ। ਜਿਸ ਕਾਰਨ ਇਨ੍ਹਾਂ ਪਰਿਵਾਰਾਂ ਨੂੰ ਬਹੁਤ ਨੁਕਸਾਨ ਹੋਇਆ ਹੈ। ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਸੁਸਾਇਟੀ ਦੇ ਸਟਾਫ ਵਲੋਂ ਮੌਕੇ 'ਤੇ ਪਹੁੰਚ ਕੇ ਅੱਗ ਪੀੜਤ ਪਰਿਵਾਰਾ ਨਾਲ ਦੁੱਖ ਸਾਂਝਾ ਕੀਤਾ ਅਤੇ ਤੁਰੰਤ ਰਾਸ਼ਨ ਦਾ ਸਾਮਾਨ, ਹਾਇਜੀਨ ਕਿੱਟਾ, ਗੱਦੇ, ਚਾਦਰਾਂ, ਕੰਬਲ, ਸਾਬਣ, ਸਰਫ ਦੇ ਪੈਕੇਟ, ਤਿਰਪਾਲਾ, ਕੱਪੜੇ ਅਤੇ ਹੋਰ ਸਾਮਾਨ ਦੇ ਕੇ ਮਦਦ ਕੀਤੀ ਗਈ।

# ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾਈ ਪ੍ਰਧਾਨ ਗੁਰਬਖਸ਼ ਕੌਰ ਸੰਘਾ ਨੂੰ ਇਨਕਲਾਬੀ ਨਾਹਰਿਆਂ ਨਾਲ ਦਿੱਤੀ ਅੰਤਮ ਵਿਦਾਇਗੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕਰੇਸੀ, ਇਸਤਰੀ ਜਾਗ੍ਰਿਤੀ ਮੰਚ ਅਤੇ ਹੋਰ ਜਥੇਬੰਦੀਆਂ ਵਲੋਂ ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾਈ ਪ੍ਰਧਾਨ ਗੁਰਬਖਸ਼ ਕੌਰ ਸੰਘਾ ਨੂੰ ਜੋਸ਼ੀਲੇ ਇਨਕਲਾਬੀ ਨਾਹਰਿਆਂ ਨਾਲ ਅੰਤਮ ਵਿਦਾਇਗੀ ਦਿੱਤੀ ਗਈ। ਇਥੇ ਵਰਨਣਯੋਗ ਹੈ ਕਿ ਗੁਰਬਖਸ਼ ਕੌਰ ਸੰਘਾ (77) ਕਰੀਬ ਚਾਰ ਮਹੀਨੇ ਤੋਂ ਬਿਸਤਰ ਤੇ ਸਨ ਅਤੇ ਉਹਨਾਂ ਦਾ ਇਲਾਜ ਚੱਲ ਰਿਹਾ ਸੀ।

ਸਿਹਤ ਖਰਾਬ ਹੋਣ ਕਾਰਨ ਉਹਨਾਂ ਨੂੰ 30 ਅਗਸਤ ਨੂੰ ਸੋਹਾਣਾ ਹਸਪਤਾਲ ਮੁਹਾਲੀ ਵਿਖੇ ਦਾਖਲ ਕਰਵਾਇਆ ਗਿਆ ਸੀ ਜਿੱਥੇ 5 ਸਤੰਬਰ ਨੂੰ ਉਹਨਾਂ ਦੇ ਦਿਮਾਗ ਦੀ ਨਾੜੀ ਫਟ ਗਈ। ਉਸ ਦਿਨ ਤੋਂ ਬਾਅਦ ਉਹ ਅੰਤਮ ਸਮੇਂ ਤੱਕ ਬੋਲ ਨਹੀਂ ਸਕੇ। ਬੀਤੀ ਰਾਤ 11 ਵਜੇ ਉਹਨਾਂ ਦਾ ਦੇਹਾਂਤ ਹੋ ਗਿਆ। ਅੱਜ ਪਿੰਡ ਸ਼ਹਾਬ ਪੁਰ ਦੇ ਸ਼ਮਸ਼ਾਨਘਾਟ ਵਿਖੇ ਉਹਨਾਂ ਦੀ ਮ੍ਰਿਤਕ ਦੇਹ ਦਾ ਸੰਸਕਾਰ ਕੀਤਾ ਗਿਆ। ਉਹਨਾਂ ਦੀ ਚਿਖਾ ਨੂੰ ਅਗਨੀ ਉਹਨਾਂ ਦੀ ਪੁੱਤਰੀ ਨਵਦੀਪ ਕੌਰ ਨੇ ਲਗਾਈ। ਉਹਨਾਂ ਦੀ ਮ੍ਰਿਤਕ ਦੇਹ ਉੱਤੇ ਸੀ.ਪੀ ਆਈ (ਐਮ.ਐਲ) ਐਨ. ਡੀ, ਇਸਤਰੀ ਜਾਗ੍ਰਿਤੀ ਮੰਚ, ਸੀ.ਪੀ.ਆਈ, ਦੇਸ਼ ਭਗਤ ਯਾਦਗਾਰ ਜਲੰਧਰ, ਇਫਟੂ, ਕਿਰਤੀ ਕਿਸਾਨ ਯੂਨੀਅਨ, ਡੀ.ਟੀ.ਐਫ, ਪੇਂਡੂ ਮਜਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਝੰਡੇ ਪਾਕੇ ਸ਼ਰਧਾਂਜਲੀ ਦਿੱਤੀ ਗਈ। ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਸਿੰਘ ਖੱਟਕੜ, ਕਾਮਰੇਡ ਸਰਦਾਰਾ ਸਿੰਘ ਮਾਹਿਲ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾਈ ਸਕੱਤਰ ਅਮਨ ਦਿ ਲ, ਦੇਸ਼ ਭਗਤ ਯਾਦਗਾਰ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਚਿਰੰਜੀ ਲਾਲ, ਇਫਟੂ ਦੇ ਸੂਬਾਈ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ ਬਲਜਿੰਦਰ ਸਿੰਘ ਨੇ ਗੁਰਬਖਸ਼ ਕੌਰ ਦੇ ਸਦਾ ਲਈ ਤੁਰ ਜਾਣ ਨੂੰ ਬਹੁਤ ਵੱਡਾ ਘਾਟਾ ਕਰਾਰ ਦਿੱਤਾ ਹੈ। ਇਸ ਮੌਕੇ ਉਹਨਾਂ ਦੇ ਰਿਸ਼ਤੇਦਾਰ ਸਾਕਸਬੰਧੀ ਅਤੇ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।



# ਅਕਾਲੀ ਦਲ ਨੂੰ ਗ਼ਲਤੀ ਦਰ ਗ਼ਲਤੀ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ



ਉਜਾਗਰ ਸਿੰਘ
91-94178 13072

ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਆਪਣੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਥਾਂ ਗ਼ਲਤੀ ਦਰ ਗ਼ਲਤੀ ਕਰਦੀ ਜਾ ਰਹੀ ਹੈ। ਕੀ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਮੁਅਤਲੀ/ਜਥੇਦਾਰੀ ਦੇ ਅਹੁਦੇ ਦੇ ਫਰਜ਼ ਨਿਭਾਉਣ 'ਤੇ ਲਗਾਈ ਗਈ ਰੋਕ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਦਾ ਖੁਸਿਆ ਹੋਇਆ ਵਕਾਰ ਬਹਾਲ ਕਰਨ ਵਿੱਚ ਸਹਾਈ ਹੋ ਸਕਦੀ ਹੈ? ਬਿਲਕੁਲ ਕੋਈ ਸੰਭਾਵਨਾ ਨਹੀਂ ਲੱਗਦੀ, ਸਗੋਂ ਇਉਂ ਲੱਗ ਰਿਹਾ ਹੈ ਕਿ ਅਕਾਲੀ ਦਲ, ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਨੂੰ ਖ਼ਤਮ ਕਰਨ 'ਤੇ ਤੁਲੀ ਹੈ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੇ ਇਸ ਜਲਦਬਾਜੀ ਵਿੱਚ ਲਏ ਗਏ ਫ਼ੈਸਲੇ ਦਾ ਸਿੱਖ ਕੌਮ ਨੂੰ ਕੀ ਲਾਭ ਹੋਵੇਗਾ? ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ, ਪੰਜ ਤਖ਼ਤਾਂ ਅਤੇ ਉਨ੍ਹਾਂ 'ਤੇ ਸ਼ਸ਼ੋਵਤ ਜਥੇਦਾਰ ਸਾਹਿਬਾਨ ਦੀ ਸ਼ਾਖ਼ ਹੋਰ ਮਜ਼ਬੂਤ ਹੋਵੇਗੀ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਰਤਮਾਨ ਫ਼ੈਸਲੇ ਨਾਲ ਉਨ੍ਹਾਂ ਦਾ ਖੋਇਆ ਹੋਇਆ ਵਕਾਰ ਮੁੜ ਬਹਾਲ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ ਅਜਿਹਾ ਫ਼ੈਸਲਾ ਪਹਿਲੀ ਵਾਰ ਨਹੀਂ ਕੀਤਾ, ਜਦੋਂ ਕੋਈ ਜਥੇਦਾਰ ਉਨ੍ਹਾਂ ਮੁਤਾਬਕ ਫ਼ੈਸਲੇ ਨਹੀਂ ਕਰਦਾ ਫਿਰ ਉਹ ਕੋਈ ਬਹਾਨਾ ਬਣਾਕੇ ਉਸਨੂੰ ਹਟਾ ਦਿੰਦੇ ਹਨ। ਸਭ ਤੋਂ ਪਹਿਲਾਂ 1999 ਵਿੱਚ ਭਾਈ ਰਣਜੀਤ ਸਿੰਘ , ਮਾਰਚ 2000 ਵਿੱਚ ਗਿਆਨੀ ਪੂਰਨ ਸਿੰਘ, 2003 ਵਿੱਚ ਭਾਈ ਮਨਜੀਤ ਸਿੰਘ, 2015 ਵਿੱਚ ਗਿਆਨੀ ਬਲਵੰਤ ਸਿੰਘ ਨੰਦਗੜ੍ਹ, 2017 ਵਿੱਚ ਗਿਆਨੀ ਗੁਰਮੁੱਖ ਸਿੰਘ ਅਤੇ ਛੇਵੇਂ ਗਿਆਨੀ ਹਰਪ੍ਰੀਤ ਸਿੰਘ ਹਨ। ਹਾਲਾਂ ਕਿ ਜਥੇਦਾਰ ਸਾਹਿਬਾਨ ਵਿਰੁੱਘ ਅਜਿਹਾ ਫ਼ੈਸਲਾ ਕਰਨ ਦਾ ਅਧਿਕਾਰੀ ਕਮੇਟੀ ਕੋਲ ਹੈ ਹੀ ਨਹੀਂ। ਇਹ ਅਧਿਕਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਹੈ। ਜੇਕਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਿਰੁੱਧ ਕੋਈ ਸ਼ਿਕਾਇਤ ਹੋਵੇ ਉਸਦੀ ਪੜਤਾਲ ਦਾ ਅਧਿਕਾਰ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਕੋਲ ਹੈ। ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਿਹੜੀ ਸ਼ਿਕਾਇਤ ਉਸਦੇ ਰਿਸ਼ਤੇਦਾਰ ਨੇ ਹੁਣ ਦਿੱਤੀ ਹੈ, ਇਹ ਇੱਕ ਪਰਿਵਾਰਿਕ ਮਸਲਾ/ਝਗੜਾ ਹੈ, ਜੋ ਹਰ ਪਰਿਵਾਰ ਵਿੱਚ ਹੁੰਦਾ ਹੈ। ਗਿਆਨੀ ਹਰਪ੍ਰੀਤ ਸਿੰਘ 'ਤੇ 1999 ਵਿੱਚ ਇਹ ਦੋਸ਼ ਲੱਗੇ ਸੀ, ਸ਼੍ਰੋਮਣੀ ਕਮੇਟੀ ਨੇ 2007 ਪੜਤਾਲ ਕਰਵਾਈ ਤੇ ਗਿਆਨੀ ਹਰਪ੍ਰੀਤ ਸਿੰਘ ਨਿਰਦੋਸ਼ ਪਾਇਆ ਗਿਆ। ਪ੍ਰੰਤੂ ਸ਼ਿਕਾਇਤ ਕਰਤਾ ਗੁਰਪ੍ਰੀਤ ਸਿੰਘ ਦੀ ਇਸੇ ਸ਼ਿਕਾਇਤ 'ਤੇ ਪੁਲਿਸ ਨੇ ਪੜਤਾਲ ਕੀਤੀ ਜਿਸ ਕਰਕੇ ਗੁਰਪ੍ਰੀਤ ਸਿੰਘ ਨੂੰ ਸਜਾ ਹੋ ਗਈ ਸੀ। ਇਹ ਸ਼ਿਕਾਇਤ ਸਜ਼ਾ ਯਾਫਤਾ ਵਿਅਕਤੀ ਨੇ ਦਿੱਤੀ ਹੈ। ਉਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਗਾਇਆ ਸੀ। ਹੁਣ ਦੁਬਾਰਾ ਪੜਤਾਲ ਕਰਵਾਉਣ ਦਾ ਭਾਵ ਸ਼ਪਸ਼ਟ ਹੈ ਕਿ ਉਸਦਾ ਪੰਜ ਸਿੰਘ ਸਹਿਬਾਨ ਵਿੱਚ ਸ਼ਾਮਲ ਹੋ ਕੇ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹ ਲਗਾਉਣਾ ਹਜ਼ਮ ਨਹੀਂ ਹੋ ਰਿਹਾ। ਇਸ ਫ਼ੈਸਲੇ 'ਤੇ ਸ਼ੱਕ ਦੀ ਸੂਈ ਘੁੰਮਦੀ ਹੈ ਕਿਉਂਕਿ ਇਹ ਫ਼ੈਸਲਾ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਨੂੰ ਤਨਖ਼ਾਹ ਲਗਾਏ ਜਾਣ ਦਾ ਪ੍ਰਤੀ ਕਰਮ ਹੈ। ਸਿੱਖ ਸੰਗਤ ਇਸ ਨੂੰ ਬਦਲੇ ਦੀ ਕਾਰਵਾਈ ਕਹਿ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੀ ਸਰਕਾਰ ਦੇ ਉਨ੍ਹਾਂ ਮੰਤਰੀਆਂ ਜਿਹੜੇ ਅਕਾਲੀ ਸਰਕਾਰ ਦਾ ਹਿੱਸਾ ਰਹੇ ਸਨ, ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹ ਲਗਾਏ ਜਾਣ ਤੋਂ ਬਾਅਦ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਦਾ ਭਵਿਖ ਖ਼ਤਰੇ ਵਿੱਚ ਪੈ ਗਿਆ



ਲੱਗਦਾ ਸੀ। ਇਸ ਫ਼ੈਸਲੇ ਦਾ ਸੰਸਾਰ ਦੇ ਵੱਖ-ਵੱਖ ਹਿੱਸਿਆ ਵਿੱਚ ਵਸਦੀ ਸਿੱਖ ਸੰਗਤ ਨੇ ਖੁਲ੍ਹੇ ਦਿਲ ਨਾਲ ਸਵਾਗਤ ਕੀਤਾ, ਕਿਉਂਕਿ 1970 ਤੋਂ ਬਾਅਦ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਪੱਖਤਾ ਨਾਲ ਪੰਥਕ ਹਿੱਤਾਂ ਲਈ ਕੀਤਾ ਗਿਆ ਫ਼ੈਸਲਾ ਮੰਨਿਆਂ ਗਿਆ ਹੈ।

ਇਸ ਫ਼ੈਸਲੇ ਨਾਲ ਅਕਾਲੀ ਫੂਲਾ ਸਿੰਘ ਦੀ ਮਹਾਰਾਜਾ ਰਣਜੀਤ ਸਿੰਘ ਨੂੰ ਲਗਾਈ ਤਨਖ਼ਾਹ ਦੀ ਯਾਦ ਤਾਜਾ ਹੋ ਗਈ ਹੈ। ਇਹ ਫ਼ੈਸਲਾ ਵੀ ਅਕਾਲੀ ਫੂਲਾ ਸਿੰਘ ਵਰਗਾ ਹੀ ਲੱਗਦਾ ਹੈ। ਸਿੱਖ ਸੰਗਤ ਨੂੰ ਮਹਿਸੂਸ ਹੋ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਦਿੱਤਾ ਹੈ ਕਿ ਉਹ ਕਿਸੇ ਸਿਆਸਤਦਾਨ ਦੇ ਹੱਥਠੋਕੇ ਨਹੀਂ ਹਨ ਅਤੇ ਉਨ੍ਹਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੁਸਤਾ ਤੇ ਮਾਣ ਮਰਿਆਦਾ ਸਰਵੋਤਮ ਹੈ। ਇਸ ਤੋਂ ਪਹਿਲਾਂ ਜਥੇਦਾਰ ਸਾਹਿਬਾਨ 'ਤੇ ਇਲਜ਼ਾਮ ਲੱਗਦੇ ਰਹੇ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੋਠੀ ਬੁਲਾਕੇ ਫ਼ੈਸਲੇ ਕਰਨ ਦੇ ਹੁਕਮ ਦਿੱਤੇ ਜਾਂਦੇ ਸਨ। ਸਿੱਖ ਸੰਗਤ ਨੂੰ ਇਸ ਫ਼ੈਸਲੇ ਵਿੱਚੋਂ ਪੰਥਕ ਸੋਚ ਦੀ ਖ਼ੁਸ਼ਬੋ ਆਉਂਦੀ ਮਹਿਸੂਸ ਹੋ ਰਹੀ ਸੀ। ਇਉਂ ਵੀ ਲੱਗ ਰਿਹਾ ਸੀ ਕਿ ਸਜ਼ਾ ਭੁਗਤਣ ਤੋਂ ਬਾਅਦ ਸਿੱਖ ਸਿਆਸਤਦਾਨ ਸੱਚੇ ਮਾਰਗ 'ਤੇ ਚਲਣਗੇ ਤੇ ਅਕਾਲੀ ਦਲ ਦੁਬਾਰਾ ਆਪਣੀ ਸ਼ਾਖ਼ ਬਣਾਉਣ ਦੇ ਸਮਰੱਥ ਹੋਵੇਗਾ। ਸੁਖਬੀਰ ਸਿੰਘ ਬਾਦਲ ਨੂੰ ਲਗਾਈ ਗਈ ਤਨਖ਼ਾਹ ਤੋਂ ਬਾਅਦ ਲੰਬਾ ਸਮਾਂ ਸਜ਼ਾ ਨਾ ਸੁਣਾਏ ਜਾਣ ਕਰਕੇ ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਘਬਰਾਹਟ ਵਿੱਚ ਆ ਗਏ ਸਨ, ਜਿਸਦੇ ਸਿੱਟੇ ਵਜੋਂ ਅਕਾਲੀ ਦਲ ਦੇ ਕੁਝ ਲੀਡਰਾਂ ਜਿਨ੍ਹਾਂ ਵਿੱਚੋਂ ਵਿਰਸਾ ਸਿੰਘ ਵਲਟੋਹਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਗੰਭੀਰ ਇਲਜ਼ਾਮ ਲਗਾ ਦਿੱਤੇ ਸਨ। ਸਮੁੱਚੇ ਸੰਸਾਰ ਦੀ ਸਿੱਖ ਸੰਗਤ ਨੇ ਵਿਰਸਾ ਸਿੰਘ ਵਲਟੋਹਾ ਦੇ ਇਲਜ਼ਾਮਾ ਦਾ ਬਹੁਤ ਬੁਰਾ ਮਨਾਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ 10 ਸਾਲ ਲਈ ਅਕਾਲੀ ਦਲ ਵਿੱਚੋਂ ਕੱਢਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਨੂੰ ਹੁਕਮ ਕੀਤੇ ਸਨ। ਅਕਾਲੀ ਦਲ ਨੇ ਵਿਰਸਾ ਸਿੰਘ ਵਲਟੋਹਾ ਨੂੰ ਕੱਢਿਆ ਨਹੀਂ ਸਗੋਂ ਉਸ ਤੋਂ ਅਸਤੀਫ਼ਾ ਲੈ ਲਿਆ। ਇਸ ਦਾ ਵੀ ਸਿੱਖ ਸੰਗਤ ਨੇ ਬੁਰਾ ਮਨਾਇਆ ਕਿ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਦੇ ਹੁਕਮਾ ਦੀ ਅਵੱਗਿਆ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦੇ ਪ੍ਰਧਾਨ ਦਾ ਅਸਤੀਫ਼ਾ ਕਾਰਜਕਾਰਨੀ ਨੂੰ ਤਿੰਨ ਦਿਨਾ ਵਿੱਚ ਮਨਜ਼ੂਰ ਕਰਨ ਦੀ ਹਦਾਇਤ ਤੇ ਵੀ ਅਜੇ ਤੱਕ ਅਮਲ ਨਹੀਂ ਹੋਇਆ। ਅਕਾਲੀ ਦਲ ਨੂੰ ਲਗਾਤਾਰ ਖੋਰਾ ਨੇਤਾਵਾਂ ਦੀਆਂ ਗ਼ਲਤੀਆਂ ਕਰਕੇ ਲੱਗ ਰਿਹਾ ਹੈ।

ਇਸ ਸਮੇਂ ਦੌਰਾਨ ਚਾਰ ਵਿਧਾਨ ਸਭਾ ਦੇ ਹਲਕਿਆਂ ਦੀ ਉਪ ਚੋਣ ਆ ਗਈ। ਅਕਾਲੀ ਦਲ ਨੇ ਉਪ ਚੋਣਾ ਨਾ ਲੜਨ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਦਾ ਅਰਥ ਇਹ ਨਿਕਲਦਾ ਸੀ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਦੀ ਹੋਂਦ ਹੀ ਨਹੀਂ ਜਾਂ ਇਉਂ ਕਹਿ ਲਵੋ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਕੋਲ ਕੋਈ ਸਮਰੱਥ ਨੇਤਾ ਹੀ ਨਹੀਂ। ਸਿੱਖ ਸੰਗਤ ਨੇ ਉਪ ਚੋਣਾ ਨਾ ਲੜਨ ਨੂੰ ਵੀ ਗ਼ਲਤ ਫ਼ੈਸਲਾ ਕਿਹਾ। ਇਹ ਵੀ ਪਤਾ ਲੱਗਿਆ ਹੈ ਕਿ ਅਕਾਲੀ ਦਲ ਦੀ ਸ਼ੋਸ਼ਲ ਮੀਡੀਆ ਟੀਮ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ 10 ਇਲਜ਼ਾਮ ਲਗਾਕੇ ਮੀਡੀਆ ਵਿੱਚ ਸਰਕੂਲੇਟ ਕਰ ਦਿੱਤੇ ਹਨ। ਇਹ ਉਹੀ ਇਲਜ਼ਾਮ ਹਨ, ਜਿਹੜੇ ਗਿਆਨੀ ਹਰਪ੍ਰੀਤ ਸਿੰਘ ਦੇ ਰਿਸ਼ਤੇਦਾਰ ਨੇ ਲਗਾਏ ਹਨ। ਇਸਦਾ ਅਰਥ ਹੈ ਕਿ ਅਕਾਲੀ ਤੇ ਸ਼੍ਰੋਮਣੀ ਕਮੇਟੀ ਨੇ ਇਹ ਇਲਜ਼ਾਮ ਉਸ ਵਿਅਕਤੀ ਤੋਂ ਖ਼ੁਦ ਲਏ ਹਨ। ਇਨ੍ਹਾਂ ਇਲਜ਼ਾਮਾ ਦਾ ਜਵਾਬ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਪਿਆਰਿਆਂ ਨੂੰ ਦੇ ਦਿੱਤਾ, ਕੀ ਹਰਜਿੰਦਰ ਸਿੰਘ ਧਾਮੀ ਦੀ ਅੰਤ੍ਰਿਗ ਕਮੇਟੀ ਪੰਜ ਪਿਆਰਿਆਂ ਨਾਲੋਂ ਵੱਡੀ ਹੈ? ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੀ ਮੀਟਿੰਗਿ ਲੁਧਿਆਣਾ ਜ਼ਿਲ੍ਹਾ ਦੇ ਗੁਰਦੁਆਰਾ ਦੇਗਸਰ ਸਾਹਿਬ ਕਟਾਣਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਅੱਤਲ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ ਪ੍ਰੰਤੂ ਕੁਝ ਕਮੇਟੀ ਮੈਂਬਰਾਂ ਦੇ ਇਤਰਾਜ਼ ਕਰਨ 'ਤੇ ਇੱਕ ਤਿੰਨ ਮੈਂਬਰੀ ਕਮੇਟੀ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤ੍ਰਿਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਦੀ ਬਣਾਈ ਹੈ, ਜਿਹੜੀ ਗਿਆਨੀ ਹਰਪ੍ਰੀਤ 'ਤੇ ਲੱਗੇ ਦੋਸ਼ਾਂ ਦੀ ਪੜਤਾਲ ਕਰੇਗੀ, ਉਤਨੀ ਦੇਰ ਤੱਕ ਗਿਆਨੀ ਹਰਪ੍ਰੀਤ ਸਿੰਘ 'ਤੇ ਸ੍ਰੀ ਅਕਾਲ ਤਖ਼ਤ ਦੀਆਂ ਮੀਟਿੰਗਾਂ ਵਿੱਚ ਜਾਣ ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਦੀ ਥਾਂ ਤਖ਼ਤ ਦਮਦਮਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਤਖ਼ਤ ਦਾ ਕੰਮ ਵੇਖਣ ਦੀ ਹਦਾਇਤ ਕੀਤੀ ਗਈ ਹੈ। ਤਿੰਨ ਮੈਂਬਰੀ ਕਮੇਟੀ ਵਿੱਚ ਸਾਰੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਧੜੇ (ਬਾਦਲ) ਦੇ ਹੀ ਹਨ, ਫਿਰ ਉਹ ਕਮੇਟੀ ਫ਼ੈਸਲਾ ਨਿਰਪੱਖਤਾ ਨਾਲ ਕਿਵੇਂ ਕਰੇਗੀ? ਪਾਰਦਰਸ਼ਤਾ ਲਈ ਵਿਰੋਧੀ ਧਿਰ ਦਾ ਮੈਂਬਰ ਕਮੇਟੀ ਵਿੱਚ ਲੈਣਾ ਚਾਹੀਦਾ ਸੀ। ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਕਦਮਾ ਨਾਲ ਉਸਦੀ ਨੀਅਤ 'ਤੇ ਸ਼ੱਕ ਦੀ ਗੁੰਜਾਇਸ਼ ਬਣ ਗਈ ਹੈ। ਇਸ ਫ਼ੈਸਲੇ ਤੋਂ ਬਾਅਦ ਸਿੱਖ ਸੰਗਤਾਂ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ। ਜਿਤਨੀ ਦੇਰ ਜਥੇਦਾਰ ਸਾਹਿਬਾਨ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਰਹੇ, ਉਦੋਂ ਉਹ ਦੁੱਧ ਧੋਤੇ ਸਨ ਪ੍ਰੰਤੂ ਜਦੋਂ ਉਨ੍ਹਾਂ ਸਚਾਈ ਦਾ ਪੰਥਕ ਮਾਰਗ ਅਪਣਾਇਆ ਉਦੋਂ ਉਨ੍ਹਾਂ 'ਤੇ ਚਿਕੜ ਉਛਾਲਣਾ ਸ਼ੁਰੂ ਕਰ ਦਿੱਤਾ। ਜਥੇਦਾਰ ਸਾਹਿਬਾਨ ਸਿੱਖ ਜਗਤ ਲਈ ਸਰਵੋਤਮ ਧਾਰਮਿਕ ਸ਼ਖ਼ਸੀਅਤਾਂ ਹਨ, ਇਨ੍ਹਾਂ 'ਤੇ ਇਲਜ਼ਾਮ ਲਗਾਉਣਾ ਸ਼ੁਭ ਸ਼ਗਨ ਨਹੀਂ, ਸਗੋਂ ਇਹ ਇਲਜ਼ਾਮ ਉਦੋਂ ਲਗਾਉਣੇ ਵਾਜਬ ਸਨ ਜਦੋਂ ਸਿਰਸੇ ਵਾਲੇ ਰਾਮ ਰਹੀਮ ਨੂੰ ਪੰਥ ਵਿੱਚ ਸ਼ਾਮਲ ਕੀਤਾ ਸੀ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫ਼ੈਸਲਾ ਰੱਦ ਕਰ ਦੇਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅੰਤ੍ਰਿਗ ਕਮੇਟੀ ਦੇ ਮੈਂਬਰਾਂ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ, ਇਤਿਹਾਸ ਵਿੱਚ ਉਨ੍ਹਾਂ ਦੇ ਨਾਮ ਉਨ੍ਹਾਂ ਜਥੇਦਾਰਾਂ ਨਾਲ ਅੰਕਤ ਹੋ ਜਾਣਗੇ ਜਿਨ੍ਹਾਂ ਨੇ ਸਿਰਸੇ ਵਾਲੇ ਨੂੰ ਮੁਆਫ਼ੀ ਦਿੱਤੀ ਸੀ।

# ਸਭ ਤੋਂ ਵੱਧ ਕਮਾਈ ਕਰਨ ਵਾਲੀ ਅਦਾਕਾਰਾ : ਸੁਰੱਈਆ

ਸੁਰੱਈਆ ਦੇ ਦੋ ਰੂਪ ਸਨ। ਇੱਕ ਰੂਪ ਵਿੱਚ ਉਹ ਨਾਇਕਾ ਸੀ ਅਤੇ ਦੂਜੇ ਰੂਪ ਵਿੱਚ ਉਹ ਗਾਇਕਾ ਵਜੋਂ ਜਾਣੀ ਜਾਂਦੀ ਸੀ। ਸੁਰੱਈਆ ਨੇ ਆਪਣੀਆਂ ਦੋਵੇਂ ਭੂਮਿਕਾਵਾਂ ਬਾਖ਼ੂਬੀ ਨਿਭਾਈਆਂ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੁਰੱਈਆ 40-50 ਦੇ ਦਹਾਕੇ ਵਿਚ ਸੁਪਰ ਹੀਰੋਇਨ ਅਤੇ ਗਾਇਕਾ ਵਜੋਂ ਸੁਪਰਹਿੱਟ ਹੋ ਗਈ। ਸੁਰੱਈਆ ਦੀ ਆਕਰਸ਼ਕ ਦਿੱਖ

ਤਰਸੇਮ ਬੱਧਣ
91-97796-27888

ਹੀ ਨਹੀਂ, ਉਸ ਦੀ ਆਵਾਜ਼ ਵੀ ਇੰਨੀ ਸੁਰੀਲੀ ਸੀ ਕਿ ਹਰ ਗਲੀ 'ਚ ਉਸ ਦੇ ਪ੍ਰਸ਼ੰਸਕ ਵੀ ਨਜ਼ਰ ਆਉਂਦੇ ਸਨ। ਲੋਕ ਆ-ਪਣੀਆਂ ਨੌਕਰੀਆਂ ਅਤੇ ਕਾਰੋਬਾਰ ਛੱਡ ਕੇ ਸੁਰੱਈਆ ਦੀ ਨਵੀਂ ਫਿਲਮ ਦੇਖਣ ਆਉਂਦੇ ਸਨ। ਸੁਰੱਈਆ ਦੀ ਇਕ ਝਲਕ ਪਾਉਣ ਲਈ ਮਰੀਨ ਡਰਾਈਵ 'ਤੇ ਉਸ ਦੇ ਘਰ ਦੇ ਸਾਹਮਣੇ ਉਸ ਦੇ ਪ੍ਰਸ਼ੰਸਕਾਂ ਦੀ ਭੀੜ ਇਕੱਠੀ ਹੁੰਦੀ ਸੀ। ਫਿਲਮ ਐਕਟਰ ਧਰਮਿੰਦਰ ਨੇ ਸੁਰੱਈਆ ਦੀ ਫਿਲਮ 'ਦਿਲਗੀ' 40 ਵਾਰ ਦੇਖੀ ਸੀ।

ਸੁਰੱਈਆ ਦਾ ਜਨਮ 1929 ਵਿੱਚ ਲਾਹੌਰ ਵਿੱਚ ਹੋਇਆ ਸੀ। ਸੁਰੱਈਆ ਦੀ ਮਾਸੂਮੀਅਤ ਨੂੰ ਦੇਖਦੇ ਹੋਏ, 12 ਸਾਲ ਦੀ ਉਮਰ ਵਿੱਚ, ਉਸ ਨੂੰ ਪ੍ਰਕਾਸ਼ ਪਿਕਚਰਜ਼ ਨਾਨੂਭਾਈ ਵਕੀਲ ਦੁਆਰਾ ਨੌਜਵਾਨ ਮੁਮਤਾਜ਼ ਮਹਿਲ ਦੀ ਭੂਮਿਕਾ ਲਈ ਚੁਣਿਆ ਗਿਆ ਸੀ। ਉਸ ਨੇ ਬਾਂਬੇ ਟਾਕੀਜ਼ ਦੀ ਫਿਲਮ 'ਹਮਾਰੀ ਬਾਤ' ਨਾਲ ਗਾਇਕਾ ਵਜੋਂ ਸ਼ੁਰੂਆਤ ਕੀਤੀ ਸੀ, ਪਰ ਜਦੋਂ ਸੰਗੀਤਕਾਰ ਨੌਸ਼ਾਦ ਨੇ 1942 ਵਿੱਚ ਇੱਕ ਰੇਡੀ ਪ੍ਰੋਗਰਾਮ ਵਿੱਚ 13 ਸਾਲਾ ਸੁਰੱਈਆ ਦੀ ਆਵਾਜ਼ ਸੁਣੀ ਤਾਂ ਉਸਨੇ ਸੁਰੱਈਆ ਨੂੰ 'ਮਹਿਤਾਬ' ਲਈ ਗਾਉਣ ਦਾ ਮੌਕਾ ਦਿੱਤਾ। 13 ਸਾਲ ਦੀ ਸੁਰੈਯਾ ਦਾ ਕੱਦ ਇੰਨਾ ਛੋਟਾ ਸੀ ਕਿ ਉਸ ਨੂੰ ਮਾਈਕ ਤੱਕ ਪਹੁੰਚਣ ਲਈ ਸਟੂਲ ਦਾ ਸਹਾਰਾ ਲੈਣਾ ਪਿਆ। ਸੁਰੱਈਆ ਨੇ ਮਹਿਬੂਬ ਖ਼ਾਨ ਦੀ 'ਅਨਮੋਲ ਘੜੀ' ਵਿੱਚ ਸਹਿ-ਨਾਇਕਾ ਦੀ ਭੂਮਿਕਾ ਨਿਭਾਈ ਸੀ ਅਤੇ ਉਸੇ ਫ਼ਿਲਮ ਵਿੱਚ ਉਸ ਦਾ ਗੀਤ 'ਸੋਚਾ ਥਾ ਕਯਾ' ਗਾਇਆ ਸੀ। ਕੀ ਹੋ ਗਿਆ।।। ਨੇ ਸੁਰੱਈਆ, ਮਸ਼ਹੂਰ ਗਾਇਕ ਕੇ।ਐਲ। ਦੀ ਆਵਾਜ਼ ਨਾਲ ਉਸ ਨੂੰ ਸੰਗੀਤ ਪ੍ਰੇਮੀਆਂ ਵਿੱਚ ਪ੍ਰਸਿੱਧ ਬਣਾਇਆ। ਸਹਿਗਲ ਵੀ ਕਾਫੀ ਪ੍ਰਭਾਵਿਤ ਹੋਏ। ਇਸੇ ਲਈ ਉਸ ਨੂੰ 'ਤਦਬੀਰ' ਲਈ ਸਿਫ਼ਾਰਸ਼ ਕੀਤੀ। ਇਸ ਤੋਂ ਬਾਅਦ ਸੁਰੱਈਆ ਨੇ ਕਈ ਫਿਲਮਾਂ 'ਚ ਸਹਿਗਲ ਦੀ ਹੀਰੋਇਨ ਵਜੋਂ ਕੰਮ ਕੀਤਾ। 1948-49 ਵਿਚ ਤਿੰਨ ਹਿੱਟ ਫਿਲਮਾਂ ਆਈਆਂ- 'ਪਿਆਰ ਕੀ ਜੀਤ', 'ਬੜੀ ਬਹਿਨ' ਅਤੇ 'ਦਿਲਗੀ'। ਇਸ ਤੋਂ ਬਾਅਦ 1949 'ਚ ਸੁਰੱਈਆ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਅਦਾਕਾਰਾ ਸੀ। ਪਰ 50 ਦੇ ਦਹਾਕੇ ਵਿੱਚ ਉਨ੍ਹਾਂ ਦੀਆਂ ਫਿਲਮਾਂ ਫਲਾਪ ਹੋਣ ਲੱਗੀਆਂ। 1954 'ਚ ਸੁਰੱਈਆ ਨੇ 'ਵਾਰਿਸ' ਅਤੇ 'ਮਿਰਜ਼ਾ ਗਾਲਿਬ' ਨਾਲ ਫਿਲਮੀ ਦੁਨੀਆ 'ਚ ਆਪਣੀ ਦੂਜੀ ਪਾਰੀ ਦੀ ਸ਼ੁਰੂਆਤ ਕੀਤੀ। ਉਸਨੇ ਮਿਰਜ਼ਾਗਾਲਿਬ ਲਈ ਰਾਸ਼ਟਰਪਤੀ ਗੋਲਡ ਮੈਡਲ ਜਿੱਤਿਆ। ਇਸ ਫਿਲਮ ਨੂੰ ਦੇਖਣ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਨ੍ਹਾਂ ਨੇ ਗ਼ਾਲਿਬ ਦੀ ਜ਼ਿੰਦਗੀ ਨੂੰ ਮੁੜ ਜ਼ਿੰਦਾ ਕਰ ਦਿੱਤਾ ਹੈ। ਆਪਣੇ ਸਮੇਂ ਦੀ ਖ਼ੂਬਸੂਰਤ ਅਤੇ ਮਸ਼ਹੂਰ ਅਦਾਕਾਰਾ ਸੁਰੱਈਆ ਨਾਲ ਕਈਆਂ ਦਾ ਇਕਪਾਸੜ ਪਿਆਰ ਸੀ। ਉਸ ਦੇ ਬਹੁਤ ਸਾਰੇ ਪ੍ਰੇਮੀ ਸਨ, ਪੂਰੀ ਦੁਨੀਆ ਤੋਂ ਵਿਲੱਖਣ। ਉਨ੍ਹਾਂ ਪ੍ਰੇਮੀਆਂ ਵਿੱਚੋਂ ਇੱਕ ਸੀ ਅਦਾਕਾਰਾ ਵੀਨਾ ਦਾ ਭਰਾ ਸ਼ਹਿਜ਼ਾਦਾ ਇਫ਼ਤਿਖਾਰ। ਇਫਤਿਖਾਰ ਦੀ ਸੁਰੱਈਆ ਨਾਲ ਪਹਿਲੀ ਮੁਲਾਕਾਤ ਆਸਿਫ ਦੀ ਫਿਲਮ 'ਫੂਲ' (1945) ਦੇ ਨਿਰਮਾਣ ਦੌਰਾਨ ਹੋਈ। ਇਸ ਫਿਲਮ ਵਿੱਚ ਸੁਰੱਈਆ ਨੇ ਪ੍ਰਿਥਵੀਰਾਜ ਦੀ ਭੈਣ ਦੀ ਭੂਮਿਕਾ ਨਿਭਾਈ ਸੀ ਅਤੇ ਵੀਨਾ ਨੇ ਹੀਰੋਇਨ ਦਾ ਕਿਰਦਾਰ ਨਿਭਾਇਆ ਸੀ। ਜਦੋਂ ਵੀਨਾ ਫਿਲਮ ਦੀ ਸ਼ੂਟਿੰਗ ਲਈ ਆਉਂਦੀ ਹੈ। ਇਸ ਲਈ ਉਸ ਦਾ ਭਰਾ ਇਫ਼ਤਿਖਾਰ ਵੀ ਨਾਲ ਆਉਂਦਾ ਸੀ। ਉਸ ਸਮੇਂ 13-14 ਸਾਲ ਦੀ ਮਾਸੂਮ ਅਤੇ ਹੱਸਮੁੱਖ ਸੁਰੱਈਆ ਹੋਰਨਾਂ ਵਾਂਗ ਇਫਤਿਖਾਰ ਨਾਲ ਖੁੱਲ੍ਹ ਕੇ ਗੱਲਾਂ ਕਰਦੀ ਸੀ ਪਰ ਇਫਤਿਖਾਰ ਨੂੰ ਕੁਝ ਹੋਰ ਹੀ ਸਮਝ ਆਉਂਦਾ ਸੀ। ਸ਼ੂਟਿੰਗ ਖਤਮ ਹੋਣ ਤੋਂ ਬਾਅਦ ਇਫਤਿਖਾਰ ਨੇ ਸੁਰੱਈਆ ਨੂੰ ਲਵ ਲੈਟਰ ਲਿਖਣੇ ਸ਼ੁਰੂ ਕਰ ਦਿੱਤੇ। ਹੱਥ ਲਿਖਤ ਇਫ਼ਤਿਖਾਰ ਦੀ ਸੀ ਪਰ ਸਮੱਗਰੀ ਕਮਾਲ ਅਮਰੋਹੀ ਦੀ ਸੀ। ਪਰ ਸੁਰੱਈਆ 'ਤੇ ਇਨ੍ਹਾਂ ਚਿੱਠੀਆਂ ਦਾ ਕੋਈ ਅਸਰ ਨਹੀਂ ਹੋਇਆ। ਫਿਰ ਸੁਰੱਈਆ ਦਾ ਪਿਆਰ ਪਾਉਣ ਲਈ ਉਸ ਦੇ ਘਰ 'ਕ੍ਰਿਸ਼ਨ ਮਹਿਲ' ਅੱਗੇ ਬੈਠ ਕੇ ਵਰਤ ਸ਼ੁਰੂ ਕਰ ਦਿੱਤਾ। ਉਹ ਹਰ ਰੋਜ਼ ਰਾਤ ਨੂੰ 8 ਵਜੇ ਆਪਣੀ ਮੋਟਰ ਕਾਰ ਵਿਚ ਆਉਂਦਾ, ਬੈਠ ਜਾਂਦਾ ਅਤੇ ਸਵੇਰੇ 8 ਵਜੇ ਵਾਪਸ ਚਲਾ ਜਾਂਦਾ। ਉਸ ਨੂੰ ਦੇਖਣ ਲਈ ਕ੍ਰਿਸ਼ਨਾ ਮਹਿਲ ਦੇ ਸਾਹਮਣੇ ਭੀੜ ਇਕੱਠੀ ਹੋ ਗਈ। ਅਖੀਰ ਨਰਗਿਸ ਦੀ ਮਾਂ ਜਦਨਬਾਈ, ਉਸ ਦੇ ਪੁੱਤਰ ਅਖਤਰ ਹੁਸੈਨ, ਅਨਵਰ ਹੁਸੈਨ ਅਤੇ ਕੇ। ਆਸਿਫ਼ ਨੇ ਇਸ ਵਰਤ ਨੂੰ ਤੋੜਨ ਲਈ ਪਹਿਲ ਕੀਤੀ ਅਤੇ ਸੁਰੱਈਆ ਅਤੇ ਇਫ਼ਤਿਖਾਰ ਨੂੰ ਮਿਲਣ ਦਾ ਇੰਤਜ਼ਾਮ ਕੀਤਾ, ਸੁਰੱਈਆ ਦੇ ਜ਼ੋਰ ਪਾਉਣ 'ਤੇ ਇਫ਼ਤਿਖਾਰ ਨੇ ਵਰਤ ਤੋੜ ਦਿੱਤਾ ਪਰ ਚਿੱਠੀਆਂ ਲਿਖਣੀਆਂ ਜਾਰੀ ਰੱਖੀਆਂ। ਜਦੋਂ ਤੱਕ ਉਹ ਪਾਕਿਸਤਾਨ ਚਲਾ ਗਿਆ। ਇਹੀ ਪਾਕਿਸਤਾਨੀ ਨੌਜਵਾਨ ਲਾਹੌਰ ਤੋਂ ਉਸ ਦੇ ਵਿਆਹ ਦੀ ਬਾਰਾਤ ਲੈ ਕੇ ਸੁਰੱਈਆ ਦੇ ਘਰ ਆਇਆ ਸੀ। ਸੁਰੱਈਆ ਨੂੰ ਹੈਰਾਨ ਕਰਨ ਵਾਲੀ ਘਟਨਾ ਉਦੋਂ ਵਾਪਰੀ ਜਦੋਂ ਮਸ਼ਹੂਰ ਹਾਲੀਵੁੱਡ ਸਟਾਰ ਗ੍ਰੇਗਰੀ ਪੈਕ ਖੁਦ ਉਸ ਦੇ ਘਰ ਆਇਆ ਸੀ, ਜਦੋਂ ਉਸ ਨੂੰ ਆਪਣੇ ਸੁਪਨਿਆਂ ਦਾ ਆਦਮੀ ਆਪਣੇ ਸਾਹਮਣੇ ਮਿਲਿਆ। ਸੁਰੱਈਆ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇੰਨਾ ਵੱਡਾ ਹਾਲੀਵੁੱਡ ਸਟਾਰ ਉਸ ਦੇ ਘਰ ਇਸ ਤਰ੍ਹਾਂ ਪਹੁੰਚ ਜਾਵੇਗਾ। ਜਦੋਂ ਗ੍ਰੇਗਰੀ ਪੈਕ ਨੇ ਸੁਰੱਈਆ ਨੂੰ ਵਿਆਹ ਕਰ ਕੇ ਅਮਰੀਕਾ ਜਾਣ ਦਾ ਪ੍ਰਸਤਾਵ ਦਿੱਤਾ ਤਾਂ ਸੁਰੱਈਆ ਨੇ ਇਨਕਾਰ ਕਰ ਦਿੱਤਾ। ਗ੍ਰੇਗਰੀ ਪੈਕ ਅਤੇ ਸੁਰੈਯਾ ਇੱਕ ਸਾਲ ਤੱਕ ਦੋਸਤ ਰਹੇ। ਗ੍ਰੇਗਰੀ ਪੈਕ ਨਾਲ ਟੁੱਟਣ ਤੋਂ ਬਾਅਦ ਸੁਰੱਈਆ ਨੇ ਦੇਵ ਆਨੰਦ ਨੂੰ ਆਪਣਾ ਦਿਲ ਦੇ ਦਿੱਤਾ। ਪਰ ਉਹ ਦੇਵਾਨੰਦ ਨਾਲ ਵਿਆਹ ਨਹੀਂ ਕਰ ਸਕੀ। ਕਿਉਂਕਿ ਦੋਵੇਂ ਪਰਿਵਾਰ ਹਿੰਦੂ-ਮੁਸਲਿਮ ਧਰਮਾਂ ਕਾਰਨ ਇਸ ਵਿਆਹ ਦੇ ਖਿਲਾਫ ਸਨ।



# ਕੀਟਨਾਸ਼ਕਾਂ ਦੁਆਰਾ ਜ਼ਹਿਰੀਲੀ ਮਿੱਟੀ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਪੰਜਾਬ ਲਈ ਹੁਣ ਸਮਾਂ ਆ ਗਿਆ ਹੈ ਕਿ ਉਹ ਆਪਣੇ ਖੇਤੀ ਖੇਤਰ ਦੀ ਕੌੜੀ ਹਕੀਕਤ ਦਾ ਸਾਹਮਣਾ ਕਰੇ ਜੋ ਕਿ ਇੱਕ ਭਿਆਨਕ ਤਬਾਹੀ ਬਣ ਚੁੱਕਾ ਹੈ। ਬਠਿੰਡਾ, ਮਾਨਸਾ ਅਤੇ ਲੁਧਿਆਣਾ ਜ਼ਿਲ੍ਹਿਆਂ ਦੇ ਖੇਤਾਂ ਵਿੱਚੋਂ 60 ਫੀਸਦੀ ਮਿੱਟੀ ਦੇ ਨਮੂਨਿਆਂ ਵਿੱਚ ਜ਼ਹਿਰੀਲੇ ਕੀਟਨਾਸ਼ਕਾਂ ਦੇ ਨਿਸ਼ਾਨ ਵੱਡੀ ਮਾਤਰਾ ਵਿੱਚ ਪਾਏ ਗਏ ਹਨ। ਇਨ੍ਹਾਂ ਵਿੱਚ ਮਾਰੂ ਰਸਾਇਣ ਐਂਡੋਸਲਫਾਨ ਅਤੇ ਕਾਰਬੋਫਿਊਰਾਨ ਸ਼ਾਮਲ ਹਨ ਅਤੇ ਇਨ੍ਹਾਂ ਦੇ ਪੱਧਰ ਨੂੰ ਕਿਸੇ ਵੀ ਤਰ੍ਹਾਂ ਸੁਰੱਖਿਅਤ ਨਹੀਂ ਕਿਹਾ ਜਾ ਸਕਦਾ। ਇਹ ਸਿਰਫ਼ ਇੱਕ ਚੇਤਾਵਨੀ ਨਹੀਂ ਹੈ, ਸਗੋਂ ਇੱਕ ਪੂਰੀ ਤਰ੍ਹਾਂ ਫੈਲਿਆ ਹੋਇਆ ਗੰਭੀਰ ਸੰਕਟ ਅਤੇ ਇੱਕ ਟਿਕ-ਟਿਕ ਟਾਈਮ ਬੰਬ ਹੈ। ਕੀਟਨਾਸ਼ਕਾਂ ਅਤੇ ਖਾਦਾਂ ਦਾਗੈਰ-ਜ਼ਿੰਮੇਵਾਰਾਨਾ ਵਰਤੋਂ ਕਾਰਨ ਪੰਜਾਬ ਦੇ ਖੇਤ ਬੰਜਰ ਹੁੰਦੇ ਜਾ ਰਹੇ ਹਨ। 5 ਦਸੰਬਰ ਨੂੰ 'ਵਿਸ਼ਵ ਮਿੱਟੀ ਦਿਵਸ' 'ਤੇ, ਅਸੀਂ ਤੇਜ਼ੀ ਨਾਲ ਵਿਗੜਦੀ ਖੇਤੀ ਪ੍ਰਣਾਲੀ ਦਾ ਸਾਹਮਣਾ ਕਰ ਰਹੇ ਹਾਂ, ਜਦੋਂ ਕਿ ਦੁਨੀਆ 'ਮਿੱਟੀ ਦੀ ਦੇਖਭਾਲ: ਉਪਚਾਰ, ਨਿਗਰਾਨੀ ਅਤੇ ਪ੍ਰਬੰਧਨ' ਦੀ ਗੱਲ ਕਰ ਰਹੀ ਹੈ। ਅਜਿਹੇ 'ਚ ਪੰਜਾਬ 'ਚ ਪਾਗਲਪਨ ਖਤਰਨਾਕ ਪੱਧਰ 'ਤੇ ਪਹੁੰਚ ਰਿਹਾ ਹੈ। ਇੱਕ ਸਮੇਂ ਦੀ ਉਪਜਾਊ ਜ਼ਮੀਨ ਤੇਜ਼ੀ ਨਾਲ ਬੰਜਰ ਜ਼ਮੀਨ ਵਿੱਚ ਬਦਲ ਰਹੀ ਹੈ ਅਤੇ ਇਹ ਸਿਰਫ਼ ਸ਼ੁਰੂਆਤ ਹੈ। ਜ਼ਹਿਰੀਲੇ ਰਸਾਇਣ ਨਾ ਸਿਰਫ਼ ਮਿੱਟੀ ਵਿੱਚ ਹੀ ਰਹਿੰਦੇ ਹਨ, ਸਗੋਂ ਉਹ ਸਾਡੀ ਭੋਜਨ ਲੜੀ ਵਿੱਚ ਵੀ ਦਾਖਲ ਹੁੰਦੇ ਹਨ ਅਤੇ ਭੋਜਨ ਦੇ ਹਰ ਚੱਕ ਨਾਲ ਹੌਲੀ-ਹੌਲੀ ਸਾਡੇ ਸਰੀਰ ਵਿੱਚ ਦਾਖਲ ਹੁੰਦੇ ਹਨ।ਅਤੇ ਜ਼ਹਿਰ ਨਾਲ ਭਰੋ। ਇਹ ਪ੍ਰਕਿਰਿਆ ਇੱਥੇ ਨਹੀਂ ਰੁਕਦੀ, ਸਗੋਂ ਜ਼ਹਿਰੀਲੇ ਰਸਾਇਣਾਂ ਦੀ ਰਹਿੰਦ-ਖੂੰਹਦ ਸਾਡੇ ਡੀਐਨਏ ਵਿੱਚ ਦਾਖਲ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਸਾਡੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੀ ਜੈਨੇਟਿਕ ਤਬਦੀਲੀਆਂ ਦੀ ਇੱਕ ਜ਼ਹਿਰੀਲੀ ਲੜੀ ਛੱਡ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਅਸੀਂ ਇੱਕ ਅਜਿਹੇ ਭਵਿੱਖ ਦਾ ਸਾਹਮਣਾ ਕਰ ਰਹੇ ਹਾਂ ਜਿੱਥੇ ਸਿਹਤ ਲਈ ਖ਼ਤਰੇ ਅਤੇ ਜੈਨੇਟਿਕ ਵਿਘਨ ਦੀ ਸੰਭਾਵਨਾ ਹੈ। ਇਹ ਭਿਆਨਕ ਦਹਿਸ਼ਤ ਕਈ ਪੀੜ੍ਹੀਆਂ ਤੱਕ ਜਾਰੀ ਰਹਿ ਸਕਦੀ ਹੈ। ਅਸੀਂ ਆਪਣੀ ਮੂਰਖਤਾ ਅਤੇ ਲਾਲਚ ਕਾਰਨ ਨਾ ਸਿਰਫ ਅਜੋਕੀ ਪੀੜ੍ਹੀ ਦੀ ਸਿਹਤ ਨੂੰ ਤਬਾਹ ਕਰ ਰਹੇ ਹਾਂ, ਸਗੋਂ ਆਪਣੇ ਬੱਚਿਆਂ ਨੂੰ ਵੀ ਤਬਾਹੀ ਵੱਲ ਧੱਕ ਰਹੇ ਹਾਂ।ਹਨ। ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ ਅਤੇ ਸਾਡੀ ਨਿਸ਼ਕਿਰਿਆ ਦੇ ਹਰ ਪਲ ਨਾਲ ਨਾ-ਮੁੜਨ ਯੋਗ ਜੈਨੇਟਿਕ ਤਬਦੀਲੀਆਂ ਦਾ ਖ਼ਤਰਾ ਮੰਡਰਾ ਰਿਹਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਜਾਗਣ, ਹਕੀਕਤ ਤੋਂ ਛੁਪਣਾ ਬੰਦ ਕਰੀਏ ਅਤੇ ਸੰਕਟ ਦਾ ਸਾਹਮਣਾ ਕਰੀਏ। ਜੇਕਰ ਅਜਿਹਾ ਨਾ ਹੋਇਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਦੀ ਜਾਨ ਵੀ ਖਤਰੇ ਵਿੱਚ ਪੈ ਜਾਵੇਗੀ। ਭਾਰਤ ਨੇ 1968 ਵਿੱਚ ਕੀਟਨਾਸ਼ਕਾਂ 'ਤੇ ਰੈਗੂਲੇਟਰੀ ਢਾਂਚੇ ਦੀ ਸਥਾਪਨਾ ਕੀਤੀ ਸੀ। ਪਰ ਇਹ ਬੁਰੀ ਤਰ੍ਹਾਂ ਪੁਰਾਣੀ ਹੈ ਅਤੇ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਹੋ ਜਾਂਦੀ ਹੈ, ਜਿਸ ਨਾਲ ਖੇਤੀ ਰਸਾਇਣਾਂ ਦੀ ਖਤਰਨਾਕ ਦੁਰਵਰਤੋਂ ਦਾ ਜੋਖਮ ਵਧਦਾ ਹੈ ਜਾ ਰਿਹਾ ਹੈ। ਹਾਲਾਂਕਿ ਇਸ ਢਾਂਚੇ ਨੂੰ ਸੋਧਣ ਦੀਆਂ ਕੋਸ਼ਿਸ਼ਾਂ 2008 ਤੋਂ ਜਾਰੀ ਹਨ, ਪਰ ਕਿਸਾਨਾਂ, ਖਪਤਕਾਰਾਂ ਅਤੇ ਵਾਤਾਵਰਣ ਦੀ ਸੁਰੱਖਿਆ ਵਿੱਚ ਮਹੱਤਵਪੂਰਨ ਕਮੀਆਂ ਹਨ। 1968 ਦੇ ਪੈਸਟੀਸਾਈਡ ਐਕਟ ਅਤੇ 1971 ਦੇ ਕੀਟਨਾਸ਼ਕ ਨਿਯਮਾਂ ਵਿੱਚ ਕੀਟਨਾਸ਼ਕਾਂ ਦੀ ਦੁਰਵਰਤੋਂ ਕਾਰਨ ਪੈਦਾ ਹੋਏ ਬਹੁ-ਪੱਖੀ ਸੰਕਟ ਨੂੰ ਹੱਲ ਕਰਨ ਲਈ ਵਿਆਪਕ ਤਬਦੀਲੀਆਂ ਦੀ ਲੋੜ ਹੈ। ਕੀਟਨਾਸ਼ਕ ਪ੍ਰਬੰਧਨ ਬਿੱਲ, 2020 ਫੱਭ ਪੁਰਾਣੇ ਕਾਨੂੰਨਾਂ ਨੂੰ ਬਦਲਣ ਲਈ ਲਿਆਂਦਾ ਗਿਆ ਸੀ, ਪਰ ਇਸ ਨੂੰ ਮਹੱਤਵਪੂਰਨ ਚਿੰਤਾਵਾਂ ਨੂੰ ਹੱਲ ਕਰਨਾ ਚਾਹੀਦਾ ਹੈ। ਇਸ ਬਿੱਲ ਵਿੱਚ ਕੀਟਨਾਸ਼ਕਾਂ ਦੀ ਰਜਿਸਟ੍ਰੇਸ਼ਨ ਅਤੇ ਲਾਇਸੈਂਸ ਪ੍ਰਕਿਰਿਆਵਾਂ ਦੀ ਰੂਪਰੇਖਾ ਦੱਸੀ ਗਈ ਹੈ, ਪਰ ਕਿਸਾਨਾਂ ਨੂੰ ਇਨ੍ਹਾਂ ਦੇ ਖਤਰਨਾਕ ਪ੍ਰਭਾਵਾਂ ਤੋਂ ਵੀ ਢੁਕਵੀਂ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ। 'ਪੈਸਟੀਸਾਈਡ ਐਕਸ਼ਨ ਨੈੱਟਵਰਕ' ਪੈਨ ਇੰਟਰਨੈਸ਼ਨਲ ਦੇ ਅੰਕੜਿਆਂ ਨੇ ਨਿਰਾਸ਼ਾਜਨਕ ਤਸਵੀਰ ਉਜਾਗਰ ਕੀਤੀ ਹੈ। ਦੁਨੀਆ ਭਰ ਵਿੱਚ ਕੀਟਨਾਸ਼ਕ ਜ਼ਹਿਰ ਦੇ ਹਾਦਸਿਆਂ ਵਿੱਚ ਹਰ ਸਾਲ ਲਗਭਗ 11,000 ਲੋਕ ਮਰਦੇ ਹਨ, ਇੱਕਲੇ ਭਾਰਤ ਵਿੱਚ ਚਿੰਤਾਜਨਕ 6,000 ਮੌਤਾਂ ਹੁੰਦੀਆਂ ਹਨ। ਇਹ ਅੰਕੜੇ ਕੁਦਰਤੀ ਤੌਰ 'ਤੇ ਕੀਟਨਾਸ਼ਕ ਵਰਤੋਂ ਦੇ ਅਭਿਆਸਾਂ ਅਤੇ ਸੁਰੱਖਿਆ ਉਪਾਵਾਂ ਵਿੱਚ ਵਿਆਪਕ ਕਮੀਆਂ ਨੂੰ ਉਜਾਗਰ ਕਰਦੇ ਹਨ। ਅਕਸਰ ਕਿਸਾਨ ਅਤੇ ਪੇਂਡੂ ਸਮਾਜਰਸਾਇਣਾਂ ਦੀ ਵਰਤੋਂ ਕਰਨ ਦੇ ਨਤੀਜੇ ਭੁਗਤਣੇ ਪੈਂਦੇ ਹਨ। ਇਹ ਖਾਸ ਤੌਰ 'ਤੇ ਤੀਬਰ ਖੇਤੀ ਵਾਲੇ ਖੇਤਰਾਂ ਵਿੱਚ ਗੰਭੀਰ ਹੈ, ਜਿਵੇਂ ਕਿ ਪੰਜਾਬ ਝੋਨੇ ਅਤੇ ਕਣਕ ਦੀ ਖੇਤੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਦੀ ਦਰ ਚਿੰਤਾਜਨਕ ਤੌਰ 'ਤੇ ਉੱਚੀ ਹੈ। ਔਸਤਨ, ਪ੍ਰਤੀ ਹੈਕਟੇਅਰ 77 ਕਿਲੋ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਦੋਂ ਕਿ ਰਾਸ਼ਟਰੀ ਔਸਤ 62 ਕਿਲੋ ਪ੍ਰਤੀ ਹੈਕਟੇਅਰ ਹੈ। ਕੀਟਨਾਸ਼ਕਾਂ ਦੀ ਖਪਤ ਵਿੱਚ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਤੋਂ ਬਾਅਦ ਪੰਜਾਬ ਤੀਜੇ ਨੰਬਰ 'ਤੇ ਹੈ। ਕੇਂਦਰੀ ਭੂਮੀ ਖਾਰੇਪਣ ਖੋਜ ਸੰਸਥਾਨ CSSRI ਦੇ ਇੱਕ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਭਾਰਤ ਵਿੱਚ 6174 ਮਿਲੀਅਨ ਹੈਕਟੇਅਰ ਜ਼ਮੀਨਇਹ ਖਾਰੇਪਣ ਦਾ ਸ਼ਿਕਾਰ ਹੈ ਅਤੇ ਖੇਤੀ ਰਸਾਇਣਾਂ ਦੀ ਵਰਤੋਂ ਸਥਿਤੀ ਨੂੰ ਹੋਰ ਵਿਗੜਦੀ ਹੈ। ਕੀਟਨਾਸ਼ਕਾਂ ਦੀ ਲਗਾਤਾਰ ਵਰਤੋਂ ਕਾਰਨ 'ਮਾਈਕ੍ਰੋਬਾਇਲ ਬਾਇ ਮਾਸ' 30-50 ਫੀਸਦੀ ਤੱਕ ਘੱਟ ਜਾਂਦਾ ਹੈ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਅਤੇ ਜ਼ਮੀਨ ਫਸਲਾਂ ਨੂੰ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦੀ ਹੈ। ਅਜਿਹੀ ਸਥਿਤੀ ਵਿੱਚ, ਆਧੁਨਿਕ ਖੇਤੀ ਲਈ ਕੀਟਨਾਸ਼ਕਾਂ 'ਤੇ ਸਖਤ ਨਿਯੰਤਰਣ ਜ਼ਰੂਰੀ ਹੈ ਜਿਸ ਵਿੱਚ ਕੀਟਨਾਸ਼ਕ, ਉੱਲੀਨਾਸ਼ਕ ਜਾਂ ਨਦੀਨਨਾਸ਼ਕ ਸ਼ਾਮਲ ਹਨ।



ਉਹਨਾਂ ਦੇ ਜ਼ਹਿਰੀਲੇ ਸੁਭਾਅ ਦੇ ਕਾਰਨ, ਉਤਪਾਦਨ ਤੋਂ ਲੈ ਕੇ ਉਹਨਾਂ ਦੇ ਪੂਰੇ ਜੀਵਨ ਚੱਕਰ 'ਤੇ ਨੇੜਿਓਂ ਨਜ਼ਰ ਰੱਖਣਾ ਮਹੱਤਵਪੂਰਨ ਹੈਇੱਥੋਂ ਤੱਕ ਕਿ ਪ੍ਰਯੋਗ ਵੀ ਸ਼ਾਮਲ ਕੀਤੇ ਗਏ ਹਨ। ਮੌਜੂਦਾ ਰੈਗੂਲੇਟਰੀ ਫਰੇਮਵਰਕ ਉਭਰ ਰਹੇ ਜ਼ਹਿਰੀਲੇ ਡੇਟਾ ਦੇ ਆਧਾਰ 'ਤੇ ਰਜਿਸਟਰਡ ਕੀਟਨਾਸ਼ਕਾਂ ਦੀ ਸਮੇਂ-ਸਮੇਂ 'ਤੇ ਸਮੀਖਿਆ ਕਰਨ ਵਿੱਚ ਅਸਮਰੱਥਾ ਦਰਸਾਉਂਦਾ ਹੈ। ਇਸ ਅਣਗਹਿਲੀ ਕਾਰਨ ਆਮ ਲੋਕਾਂ ਦੀ ਸਿਹਤ ਲਈ ਗੰਭੀਰ ਖਤਰਾ ਪੈਦਾ ਹੋ ਗਿਆ ਹੈ। ਇਹ ਉਸ ਦੇਸ਼ ਵਿੱਚ ਖਾਸ ਤੌਰ 'ਤੇ ਗੰਭੀਰ ਹੋ ਜਾਂਦਾ ਹੈ ਜਿੱਥੇ ਕੀਟਨਾਸ਼ਕਾਂ ਦੀ ਗਲਤ ਵਰਤੋਂ ਵਿਆਪਕ ਹੈ। ਪਿਛਲੇ ਤਿੰਨ ਦਹਾਕਿਆਂ ਵਿੱਚ ਕੀਟਨਾਸ਼ਕਾਂ ਦੀ ਬੇਕਾਬੂ ਵਰਤੋਂ ਨੂੰ ਕਾਬੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਹਨਾਂ ਦੀ ਵਰਤੋਂ ਵਿੱਚ ਵਾਧਾ ਅਕਸਰ ਹਮਲਾਵਰ ਮੰਡੀਕਰਨ ਅਤੇ ਵਧੇਰੇ ਫਸਲਾਂ ਪੈਦਾ ਕਰਨ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਹੁੰਦਾ ਹੈ। ਇਸ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਰਣਨੀਤੀ ਹੈ। ਇਸ ਸਮੇਂ ਸਿਖਲਾਈ ਦੇ ਯਤਨਾਂ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ। 1994-95 ਤੋਂ 2020-21 ਦੇ ਵਿਚਕਾਰ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਪੌਦ ਸੁਰੱਖਿਆ ਵਿਭਾਗ ਨੇ ਸਿਰਫ 585,000 ਕਿਸਾਨਾਂ ਨੂੰ ਏਕੀਕ੍ਰਿਤ ਕੀਟ ਪ੍ਰਬੰਧਨ-IPM ਵਿੱਚ ਸਿਖਲਾਈ ਦਿੱਤੀ, ਜੋ ਕਿ 150 ਮਿਲੀਅਨ ਤੋਂ ਵੱਧ ਕਿਸਾਨਾਂ ਵਾਲੇ ਦੇਸ਼ ਵਿੱਚ ਬਹੁਤ ਘੱਟ ਹੈ। ਸਰਕਾਰਾਂ ਅਤੇ ਉਦਯੋਗਾਂ ਨੂੰ ਕੀਟਨਾਸ਼ਕ ਪ੍ਰਬੰਧਨ ਦੇ ਅੰਤਰਰਾਸ਼ਟਰੀ ਕੋਡ ਦੇ ਅਨੁਸਾਰ ਕਿਸਾਨਾਂ ਅਤੇ ਪ੍ਰਚੂਨ ਵਿਕਰੇਤਾਵਾਂ ਨੂੰ ਵਿਆਪਕ ਸਿਖਲਾਈ ਅਤੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਇਨ੍ਹਾਂ ਸਿਫ਼ਾਰਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ, ਅਕਸਰ ਕਿਸਾਨਾਂ ਲਈ ਸੰਪਰਕ ਦਾ ਇੱਕੋ ਇੱਕ ਸਾਧਨ ਰਿਟੇਲਰ ਹੁੰਦੇ ਹਨ ਜੋ ਗੁੰਮਰਾਹਕੁੰਨ ਜਾਂ ਅਧੂਰੀ ਜਾਣਕਾਰੀ ਪ੍ਰਦਾਨ ਕਰਦੇ ਹਨ। ਡੇਟਾ ਦੇ ਉਚਿਤ ਸੰਗ੍ਰਹਿ ਦੀ ਘਾਟ ਭਾਰਤ ਵਿੱਚ ਰੈਗੂਲੇਟਰੀ ਪ੍ਰਣਾਲੀ ਲਈ ਵੀ ਸਮੱਸਿਆਵਾਂ ਪੈਦਾ ਕਰਦੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ-ਐੱਨ.ਸੀ.ਆਰ.ਬੀ. ਦੇ ਦਸਤਾਵੇਜ਼ਾਂ ਦੇ ਅਨੁਸਾਰ, ਕੀਟਨਾਸ਼ਕਾਂ ਕਾਰਨ ਹੋਣ ਵਾਲੀਆਂ ਮੌਤਾਂ ਉਦੋਂ ਹੀ ਦਰਜ ਕੀਤੀਆਂ ਜਾਂਦੀਆਂ ਹਨ ਜਦੋਂ ਉਹ ਮੈਡੀਕੋ ਕਾਨੂੰਨੀ ਕੇਸਾਂ ਵਜੋਂ ਦਰਜ ਕੀਤੇ ਜਾਂਦੇ ਹਨ। ਇਸਦੇ ਕਾਰਨ, ਕੀਟਨਾਸ਼ਕਾਂ ਦੀ ਗੈਰ-ਸੰਸਥਾਗਤ ਹਾਨੀਕਾਰਕ ਵਰਤੋਂ ਅਤੇ ਸਿਹਤ ਦੇ ਭਿਆਨਕ ਮਾੜੇ ਪ੍ਰਭਾਵਾਂ ਦੇ ਅਣਗਿਣਤ ਮਾਮਲੇ ਗੈਰ-ਰਿਪੋਰਟ ਕੀਤੇ ਜਾਂਦੇ ਹਨ। ਇਸ ਕਾਰਨਇਹ ਨੀਤੀ ਬਣਾਉਣ ਅਤੇ ਜਵਾਬਦੇਹੀ ਵਿੱਚ ਰੁਕਾਵਟਾਂ ਪੈਦਾ ਕਰਦਾ ਹੈ। ਭਾਰਤ ਦੀ ਕੀਟਨਾਸ਼ਕ ਨਿਯੰਤ੍ਰਣ ਪ੍ਰਣਾਲੀ ਵਿੱਚ ਉਚਿਤ ਸ਼ਿਕਾਇਤ ਨਿਵਾਰਣ ਪ੍ਰਣਾਲੀ ਦੀ ਘਾਟ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕੀਟਨਾਸ਼ਕਾਂ ਦੇ ਮਾੜੇ ਪ੍ਰਭਾਵਾਂ ਦਾ ਨਿਆਂ ਅਤੇ ਮੁਆਵਜ਼ਾ ਲੈਣ ਲਈ ਬਹੁਤ ਸਾਰਾ ਪੈਸਾ ਖਰਚ ਕਰਨਾ ਪੈਂਦਾ ਹੈ ਅਤੇ ਇਹ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ। ਇਸ ਤੋਂ ਇਲਾਵਾ, ਰਾਜ ਸਰਕਾਰਾਂ ਖਤਰਨਾਕ ਕੀਟਨਾਸ਼ਕਾਂ 'ਤੇ ਸਿਰਫ ਅਸਥਾਈ ਪਾਬੰਦੀ ਲਗਾ ਸਕਦੀਆਂ ਹਨ ਜੋ ਸਿਰਫ 60 ਦਿਨਾਂ ਲਈ ਰਹਿੰਦੀ ਹੈ। ਇਸ ਕਾਰਨ ਵੱਡਾ ਭਾਈਚਾਰਾ ਇਸ ਦੇ ਖਤਰਿਆਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਖੇਤੀਬਾੜੀ ਕਾਮਿਆਂ ਨੂੰ ਕੀਟਨਾਸ਼ਕ ਉਹਨਾਂ ਨੂੰ ਦੁਰਵਿਵਹਾਰ ਦਾ ਵਧੇਰੇ ਜੋਖਮ ਹੁੰਦਾ ਹੈ, ਜਦੋਂ ਕਿ ਸਿਹਤ ਦੇ ਖਤਰਿਆਂ ਨਾਲ ਨਜਿੱਠਣ ਲਈ ਸੁਰੱਖਿਆ ਉਪਕਰਨ ਜ਼ਰੂਰੀ ਹੁੰਦੇ ਹਨ, ਖਾਸ ਕਰਕੇ ਗਰਮ ਅਤੇ ਨਮੀ ਵਾਲੇ ਮੌਸਮ ਵਾਲੇ ਖੇਤੀਬਾੜੀ ਖੇਤਰਾਂ ਵਿੱਚ। ਹਾਲਾਂਕਿ ਖਪਤਕਾਰ ਸੁਰੱਖਿਆ ਕਾਨੂੰਨ ਸਿਧਾਂਤਕ ਤੌਰ 'ਤੇ ਕਿਸਾਨਾਂ 'ਤੇ ਵੀ ਲਾਗੂ ਹੁੰਦੇ ਹਨ, ਪਰ ਕੀਟਨਾਸ਼ਕ ਨਿਰਮਾਤਾਵਾਂ ਦੁਆਰਾ ਗੁੰਮਰਾਹਕੁੰਨ ਲੇਬਲਾਂ ਜਾਂ ਘਟੀਆ ਉਤਪਾਦਾਂ ਦੀ ਵਰਤੋਂ ਵਿਰੁੱਧ ਕਾਨੂੰਨੀ ਲੜਾਈਆਂ ਆਸਾਨ ਨਹੀਂ ਹਨ।

ਅਜਿਹੀ ਸਥਿਤੀ ਵਿੱਚ, ਭਾਰਤ ਨੂੰ ਇੱਕ ਕਿਸਾਨ-ਕੇਂਦ੍ਰਿਤ ਕਾਨੂੰਨੀ ਢਾਂਚਾ ਤਿਆਰ ਕਰਨਾ ਚਾਹੀਦਾ ਹੈ ਜੋ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਕੂਲ ਹੋਵੇ ਕਿਉਂਕਿ ਇਹੀ ਖੇਤੀ ਨੂੰ ਸੁਰੱਖਿਅਤ ਅਤੇ ਟਿਕਾਊ ਬਣਾਉਣ ਦਾ ਇੱਕੋ ਇੱਕ ਰਸਤਾ ਹੈ।ਇੱਕੋ ਹੀ ਤਰੀਕਾ। ਸਰਕਾਰ ਨੂੰ ਤੁਰੰਤ ਖਤਰਨਾਕ ਕੀਟਨਾਸ਼ਕਾਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਅਤੇ ਕਿਸਾਨਾਂ ਦੀ ਸਿਹਤ ਅਤੇ ਖਪਤਕਾਰਾਂ ਦੀ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਲਾਗੂ ਕਰਨਾ ਚਾਹੀਦਾ ਹੈ।

# ਕਬਾਇਲੀ ਅਤੇ ਪੇਂਡੂ ਲੜਕੀਆਂ ਲਈ ਮਿਆਰੀ ਐਸਟੀਈਐਮ ਸਿੱਖਿਆ

**ਵਿਜੈ ਗਰਗ**

ਭਾਰਤ ਵਿੱਚ ਬੀਐਮਡਬਲਯੂ ਗਰੁੱਪ ਨਾਲ ਭਾਈਵਾਲੀ, ਮੁੱਢਲੇ ਸਾਲਾਂ ਤੋਂ ਕਿਸ਼ੋਰ ਉਮਰ ਤੱਕ ਮੁੱਢਲੀ ਸਿੱਖਿਆ ਅਤੇ ਐਸਟੀਈਐਮ (ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ) ਦੇ ਹੁਨਰਾਂ 'ਤੇ ਧਿਆਨ ਕੇਂਦ੍ਰਤ ਕਰਨ ਦੇ ਨਾਲ ਚਾਰ ਰਾਜਾਂ ਵਿੱਚ 100,000 ਬੱਚਿਆਂ ਲਈ ਵਿਦਿਅਕ ਲੈਂਡਸਕੇਪ ਨੂੰ ਬਦਲਣ ਦਾ ਟੀਚਾ ਹੈ। ਇਹ ਭਾਈਵਾਲੀ ਅਸਾਮ, ਝਾਰਖੰਡ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਰਾਜਾਂ ਦੇ ਪੇਂਡੂ ਖੇਤਰਾਂ ਵਿੱਚ ਸਭ ਤੋਂ ਹਾਸ਼ੀਏ ਵਾਲੇ ਸਮੂਹਾਂ ਨਾਲ ਸਬੰਧਤ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ ਅਤੇ ਆਦਿਵਾਸੀ ਆਸ਼ਰਮਸ਼ਾਲਾਵਾਂ ਦੀਆਂ ਕਿਸ਼ੋਰ ਲੜਕੀਆਂ ਨੂੰ ਮਿਆਰੀ ਐਸਟੀਈਐਮ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰੇਗੀ।

ਇਹ ਸਾਂਝੇਦਾਰੀ ਦੱਖਣੀ ਅਫਰੀਕਾ, ਬ੍ਰਾਜ਼ੀਲ, ਮੈਕਸੀਕੋ ਅਤੇ ਥਾਈਲੈਂਡ ਸਮੇਤ ਪੰਜ ਦੇਸ਼ਾਂ ਵਿੱਚ ਐਸਟੀਈਐਮ ਵਿਸ਼ਿਆਂ ਵਿੱਚ ਸਿੱਖਣ ਸਮੇਤ ਸਿੱਖਿਆ ਅਤੇ ਸਿਖਲਾਈ ਦੁਆਰਾ ਹਰ ਸਾਲ 10 ਮਿਲੀਅਨ ਤੋਂ ਵੱਧ ਬੱਚਿਆਂ ਅਤੇ ਨੌਜਵਾਨਾਂ ਤੱਕ ਪਹੁੰਚਣ ਲਈ ਇੱਕ ਗਲੋਬਲ ਲੰਬੀ-ਅਵਧੀ ਦੀ ਭਾਈਵਾਲੀ ਦਾ ਹਿੱਸਾ ਹੈ।

ਯੂਐਨਆਈਸੀਈਐਫ ਨੇ ਅੱਜ ਭਾਰਤ ਵਿੱਚ ਬੀਐਮਡਬਲਯੂ ਗਰੁੱਪ ਨਾਲ ਆਪਣੀ ਭਾਈਵਾਲੀ ਦਾ ਐਲਾਨ ਕੀਤਾ ਹੈ। ਭਾਰਤ ਵਿੱਚ, ਭਾਈਵਾਲੀ ਪੇਂਡੂ ਪ੍ਰਾਇਮਰੀ ਸਕੂਲਾਂ ਵਿੱਚ ਬੁਨਿਆਦੀ ਸਾਖਰਤਾ ਅਤੇ ਅੰਕਾਂ ਦੇ ਹੁਨਰ ਨੂੰ ਪਾਲਣ 'ਤੇ ਧਿਆਨ ਕੇਂਦਰਿਤ ਕਰੇਗੀ ਤਾਂ ਜੋ ਬੱਚਿਆਂ ਲਈ ਇੱਕ ਠੋਸ ਬੋਧਾਤਮਕ ਬੁਨਿਆਦ ਬਣਾਈ ਜਾ ਸਕੇ। ਜਿਵੇਂ ਕਿ ਉਹ ਕਿਸ਼ੋਰ ਅਵਸਥਾ ਵਿੱਚ ਅੱਗੇ ਵਧਦੇ ਹਨ, ਬੱਚਿਆਂ ਦੇ ਮਨਾਂ ਵਿੱਚ ਉਤਸੁਕਤਾ, ਰਚਨਾਤਮਕਤਾ ਅਤੇ ਕਲਪਨਾ ਦਾ ਪਾਲਣ ਪੋਸ਼ਣ ਕਰਨ ਲਈ ਘੱਟ ਲਾਗਤ ਵਾਲੇ ਮੇਕਰ ਸਪੇਸ ਦੁਆਰਾ ਨਵੀਨਤਾਕਾਰੀ, ਦਿਲਚਸਪ ਸਿੱਖਣ ਦੇ ਤਜ਼ਰਬਿਆਂ ਤੱਕ ਪਹੁੰਚ ਹੋਵੇਗੀ।

ਭਾਰਤ ਸਰਕਾਰ, ਅਤੇ ਚਾਰ ਰਾਜ ਸਰਕਾਰਾਂ ਦੇ ਨਾਲ ਮਿਲ ਕੇ, ਸਾਂਝੇਦਾਰੀ ਦਾ ਉਦੇਸ਼ ਇੱਕ ਸੰਮਲਿਤ ਸਿੱਖਣ ਦਾ ਮਾਹੌਲ ਬਣਾਉਣਾ ਹੈ ਜੋ ਲਿੰਗ ਸਮਾਨਤਾ ਅਤੇ ਸਿੱਖਿਆ ਲਈ ਰਾਸ਼ਟਰੀ ਟੀਚਿਆਂ ਦਾ ਸਮਰਥਨ ਕਰਦਾ ਹੈ।

"ਮੌਜੂਦਾ ਰੁਜ਼ਗਾਰ ਦੇ ਮੌਕੇ ਐਸਟੀਈਐਮ ਵਿੱਚ ਯੋਗਤਾਵਾਂ ਲਈ ਵਧੇਰੇ ਮੰਗਾਂ ਦੇ ਨਾਲ ਆਉਂਦੇ ਹਨ। ਕੁੜੀਆਂ ਖਾਸ ਤੌਰ 'ਤੇ ਐਸਟੀਈਐਮ ਨੂੰ ਸਿੱਖਣ ਅਤੇ ਅਭਿਆਸ ਕਰਨ ਦੇ ਮੌਕਿਆਂ ਤੋਂ ਖੁੰਝ ਜਾਂਦੀਆਂ ਹਨ। ਇਸ ਤਰ੍ਹਾਂ, ਯੂਐਨਆਈਸੀਈਐਫ ਨੂੰ ਸਿੱਖਣ ਦੇ ਸ਼ੁਰੂਆਤੀ ਸਾਲਾਂ ਵਿੱਚ ਆਲੋਚਨਾਤਮਕ ਸੋਚ ਲਈ ਇੱਕ ਮਜ਼ਬੂਤ ਬੁਨਿਆਦ ਬਣਾਉਣ ਵਿੱਚ ਸਮਰਥਨ ਕਰਨ 'ਤੇ ਮਾਣ ਹੈ। ਬੀਐਮਡਬਲਯੂ-ਯੂ ਐਨ ਆਈ ਸੀ ਈ ਐਫ ਭਾਗੀਦਾਰੀ ਸਿੱਖਿਆ ਨੂੰ ਵਧੇਰੇ ਪਹੁੰਚਯੋਗ ਅਤੇ ਸਮਾਵੇਸ਼ੀ ਬਣਾਉਣ ਵਿੱਚ ਨਿਵੇਸ਼ ਕਰਕੇ ਸੰਭਵ ਬਣਾਉਂਦੀ ਹੈ, ਖਾਸ ਤੌਰ 'ਤੇ ਲੜਕੀਆਂ ਲਈ ਇਸਦਾ ਨਤੀਜਾ ਵਧੇਰੇ ਆਰਥਿਕ ਅਤੇ ਸਮਾਜਿਕ ਸਵੈ-ਨਿਰਭਰਤਾ ਹੈ ਹੋਰ ਮੌਕਿਆਂ ਲਈ," ਸਿੰਥੀਆ ਮੈਕਕਫਰੀ, ਯੂਨੀਸੇਫ ਇੰਡੀਆ ਪ੍ਰਤੀਨਿਧੀ ਨੇ ਕਿਹਾ।

ਬੀਐਮਡਬਲਯੂ ਗਰੁੱਪ ਇੰਡੀਆ ਦੇ ਪ੍ਰਧਾਨ ਅਤੇ ਸੀਈ ਸ੍ਰੀ ਵਿਕਰਮ ਪਵਾਹ ਨੇ ਕਿਹਾ, "ਬੀਐਮਡਬਲਯੂ ਗਰੁੱਪ ਆਪਣੇ ਆਪ ਨੂੰ ਸਮਾਜ ਦੇ ਇੱਕ ਅਨਿੱਖੜਵੇਂ ਅੰਗ ਵਜੋਂ ਦੇਖਦਾ ਹੈ ਅਤੇ ਪ੍ਰਭਾਵਸ਼ਾਲੀ ਪਹਿਲਕਦਮੀਆਂ ਰਾਹੀਂ, ਅਸੀਂ ਡੂੰਘੀਆਂ ਜੜ੍ਹਾਂ ਵਾਲੇ ਸਮਾਜਿਕ ਬਦਲਾਅ ਨੂੰ ਚਲਾਉਣਾ ਚਾਹੁੰਦੇ ਹਾਂ। ਬੀਐਮਡਬਲਯੂ ਗਰੁੱਪ ਦੀ ਯੂਐਨਆਈਸੀਈਐਫ ਨਾਲ ਸਾਂਝੇਦਾਰੀ ਸਭ ਤੋਂ ਸ਼ਕਤੀਸ਼ਾਲੀ ਹੈ। ਸਸ਼ਕਤੀਕਰਨ ਲਈ ਸਾਧਨ - ਅੱਜ ਦੇ ਮੁਕਾਬਲੇ ਵਿੱਚ ਸਮਾਰਟ ਸੋਚ ਅਤੇ ਨਵੀਨਤਾ ਲਈ ਐਸਟੀਈਐਮ ਗਿਆਨ ਮਹੱਤਵਪੂਰਨ ਹੈ, ਇਸ ਵਿਦਿਅਕ ਪਹਿਲਕਦਮੀ ਨੂੰ ਲਿੰਗ ਸਮਾਨਤਾ ਅਤੇ ਸਮਾਵੇਸ਼ ਨਾਲ



ਜੋੜਨਾ, ਖਾਸ ਤੌਰ 'ਤੇ ਭਾਰਤ ਵਿੱਚ ਗਰੀਬ ਲੜਕੀਆਂ ਲਈ, ਇਸਦੀ ਪ੍ਰਭਾਵਸ਼ੀਲਤਾ ਨੂੰ ਤੇਜ਼ੀ ਨਾਲ ਵਧਾਉਂਦਾ ਹੈ।

ਇਸ ਸਹਿਯੋਗ ਦੇ ਮੁੱਖ ਭਾਗਾਂ ਵਿੱਚ ਸ਼ਾਮਲ ਹਨ: ਇਹ ਮੰਨਦੇ ਹੋਏ ਕਿ ਜਿਹੜੇ ਬੱਚੇ ਬੁਨਿਆਦੀ ਪੜ੍ਹਨ ਅਤੇ ਸੰਖਿਆ ਨਾਲ ਸੰਘਰਸ਼ ਕਰਦੇ ਹਨ, ਉਹਨਾਂ ਨੂੰ ਸਕੂਲ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੁੰਦੀ ਹੈ, ਪ੍ਰੋਗਰਾਮ ਪ੍ਰਾਇਮਰੀ ਗ੍ਰੇਡਾਂ ਵਿੱਚ ਬੁਨਿਆਦੀ ਸਾਖਰਤਾ ਅਤੇ ਸੰਖਿਆ 'ਤੇ ਕੇਂਦ੍ਰਤ ਕਰਦਾ ਹੈ। ਪਹਿਲਕਦਮੀ ਇਹਨਾਂ ਹੁਨਰਾਂ ਦੀ ਸਹੂਲਤ ਦੇ ਕੇ ਇੱਕ ਮਜ਼ਬੂਤ ਬੋਧਾਤਮਕ ਅਧਾਰ ਪ੍ਰਦਾਨ ਕਰਦੀ ਹੈ ਜਿਸ 'ਤੇ ਐਸਟੀਈਐਮ ਗਿਆਨ ਨੂੰ ਬਣਾਇਆ ਜਾ ਸਕਦਾ ਹੈ।

ਯੂਐਨਆਈਸੀਈਐਫ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਇੱਕ ਅਨੁਕੂਲ ਪਾਠਕ੍ਰਮ ਵਿਕਸਿਤ ਕਰੇਗਾ, ਐਸਟੀਈਐਮਹਦਾਇਤਾਂ ਵਿੱਚ ਉਹਨਾਂ ਦੇ ਹੁਨਰ ਨੂੰ ਵਧਾਏਗਾ। ਇਹ ਸਿਖਲਾਈ ਲਿੰਗਕ ਰੂੜੀਆਂ ਨੂੰ ਵੀ ਸੰਬੋਧਿਤ ਕਰੇਗੀ ਅਤੇ ਹੁਨਰ ਵਿਕਾਸ ਅਤੇ ਲੀਡਰਸ਼ਿਪ ਪ੍ਰੋਗਰਾਮਾਂ ਰਾਹੀਂ ਲੜਕੀਆਂ ਨੂੰ ਸ਼ਕਤੀਕਰਨ 'ਤੇ ਧਿਆਨ ਕੇਂਦਰਿਤ ਕਰੇਗੀ। ਐਸਟੀਈਐਮ -ਸਿਖਿਅਤ ਅਧਿਆਪਕਾਂ ਦਾ ਇੱਕ ਸਮਰਪਿਤ ਕਾਡਰ ਬਣਾ ਕੇ, ਬੀਐਮਡਬਲਯੂ-ਯੂ ਐਨ ਆਈ ਸੀ ਈ ਐਫ ਭਾਈਵਾਲੀ ਚਾਰ ਰਾਜਾਂ ਵਿੱਚ ਕਲਾਸਰੂਮਾਂ ਵਿੱਚ ਐਸਟੀਈਐਮ ਸਿੱਖਿਆ ਦੀ ਗੁਣਵੱਤਾ ਨੂੰ ਉੱਚਾ ਚੁੱਕਣ ਵਿੱਚ ਮਦਦ ਕਰੇਗੀ।

ਇਹਨਾਂ ਸਕੂਲਾਂ ਦੇ ਅੰਦਰ ਘੱਟ ਲਾਗਤ ਵਾਲੇ ਮੇਕਰ ਸਪੇਸ ਦੀ ਸਥਾਪਨਾ ਕਿਸ਼ੋਰ ਲੜਕੀਆਂ ਨੂੰ ਡਿਜ਼ਾਈਨ ਸੋਚ, ਕੰਪਿਊਟੇਸ਼ਨਲ ਵਿਸ਼ਲੇਸ਼ਣ, ਅਨੁਕੂਲ ਸਿਖਲਾਈ, ਅਤੇ ਸਰੀਰਕ ਕੰਪਿਊਟਿੰਗ ਦੀ ਪੜਚੋਲ ਕਰਨ ਦੀ ਇਜਾਜ਼ਤ ਦੇਵੇਗੀ।

# ਪੇਂਡੂ ਅਤੇ ਦੂਰ-ਦੁਰਾਡੇ ਇਲਾਕਿਆਂ ਵਿੱਚ ਬੱਸਾਂ ਵਿੱਚ ਪ੍ਰੀਖਿਆ ਕੇਂਦਰ ਬਣਾਏ ਜਾਣ

**ਵਿਜੈ ਗਰਗ**

ਆਉਣ ਵਾਲੇ ਦਿਨਾਂ ਵਿੱਚ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰੀਖਿਆ ਕੇਂਦਰ ਤੱਕ ਪਹੁੰਚਣ ਲਈ ਕਈ ਘੰਟੇ ਸਫ਼ਰ ਕਰਨ ਦੀ ਚੁਣੌਤੀ ਤੋਂ ਛੁਟਕਾਰਾ ਮਿਲ ਸਕਦਾ ਹੈ। ਇਨ੍ਹਾਂ ਖੇਤਰਾਂ ਵਿੱਚ ਮੋਬਾਈਲ ਟੈਸਟਿੰਗ ਸੈਂਟਰਾਂ ਦੀ ਸਹੂਲਤ ਮੁਹੱਈਆ ਕਰਵਾਈ ਜਾ ਸਕਦੀ ਹੈ, ਜਿੱਥੇ ਵਿਦਿਆਰਥੀ ਆਸਾਨੀ ਨਾਲ ਪਹੁੰਚ ਕੇ ਪ੍ਰੀਖਿਆ ਦੇ ਸਕਦੇ ਹਨ। ਨੈਸ਼ਨਲ ਟੈਸਟਿੰਗ ਏਜੰਸੀ (ਐੱਨ.ਟੀ.ਏ.) ਦੇ ਕੰਮਕਾਜ ਨੂੰ ਬਿਹਤਰ ਬਣਾਉਣ ਲਈ ਬਣਾਈ ਗਈ ਉੱਚ-ਸ਼ਕਤੀਸ਼ਾਲੀ ਕਮੇਟੀ ਨੇ ਪ੍ਰੀਖਿਆਵਾਂ ਨੂੰ ਯੋਜਨਾਬੱਧ ਤਰੀਕੇ ਨਾਲ ਕਰਵਾਉਣ ਸਬੰਧੀ ਸਿਫ਼ਾਰਸ਼ਾਂ ਕੀਤੀਆਂ ਹਨ।ਮਹੱਤਵਪੂਰਨ ਸੁਝਾਅ ਦਿੱਤੇ ਗਏ ਹਨ, ਜਿਸ ਵਿੱਚ ਮੋਬਾਈਲ ਟੈਸਟਿੰਗ ਕੇਂਦਰਾਂ ਰਾਹੀਂ ਜੇਈਈ ਮੇਨ ਅਤੇ ਨੀਟ ਯੂਜੀ ਵਰਗੀਆਂ ਪ੍ਰੀਖਿਆਵਾਂ ਕਰਵਾਉਣੀਆਂ ਸ਼ਾਮਲ ਹਨ। ਕਮੇਟੀ ਨੇ 40 ਤੋਂ 50 ਸੀਟਰ ਬੱਸਾਂ ਨੂੰ ਟੈਸਟਿੰਗ ਸੈਂਟਰਾਂ ਵਿੱਚ ਬਦਲਣ ਦਾ ਸੁਝਾਅ ਦਿੱਤਾ ਹੈ। ਨੂੰ ਇੱਕ ਬੱਸ ਵਿੱਚ 30 ਵਿਦਿਆਰਥੀਆਂ ਦੀ ਪ੍ਰੀਖਿਆ ਲਈ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ। ਇਨ੍ਹਾਂ ਵਿੱਚ ਇੰਟਰਨੈੱਟ, 30 ਲੈਪਟਾਪ, ਬਿਜਲੀ ਅਤੇ ਸਰਵਰ ਦੀ ਵਿਵਸਥਾ ਦਾ ਸੁਝਾਅ ਦਿੱਤਾ ਗਿਆ ਹੈ। ਅਜਿਹੇ ਪੰਜ ਬੱਸਾਂ ਦਾ ਕਾਫਲਾ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਲਈ ਚਲਾਉਣ ਲਈ ਕਿਹਾ ਗਿਆ ਹੈ, ਤਾਂ ਜੋ 150 ਵਿਦਿਆਰਥੀਆਂ ਦੀ ਪ੍ਰੀਖਿਆ ਇੱਕੋ ਸਮੇਂ ਲਈ ਜਾ ਸਕੇ। ਇੰਨਾ ਹੀ ਨਹੀਂ ਕਮੇਟੀ ਨੇ ਇਨ੍ਹਾਂ ਬੱਸਾਂ ਨੂੰ ਉਨ੍ਹਾਂ ਇਲਾਕਿਆਂ ਵਿੱਚ ਭੇਜ ਦਿੱਤਾ ਹੈ।

ਇਸ ਨੂੰ ਉਨ੍ਹਾਂ ਪਿੰਡਾਂ ਵਿੱਚ ਭੇਜਣ ਦੀ ਵੀ ਸਲਾਹ ਦਿੱਤੀ ਗਈ ਹੈ ਜਿੱਥੇ ਇੱਕ ਹੀ ਕੇਂਦਰ ਹੈ। ਕਮੇਟੀ ਨੇ ਐਨਟੀਏ ਨੂੰ ਪੰਜ ਤੋਂ ਦਸ ਬੱਸਾਂ ਇਸ ਤਰੀਕੇ ਨਾਲ ਪੀਪੀਪੀ ਮੋਡ 'ਤੇ ਤਿਆਰ ਕਰਨ ਲਈ ਕਿਹਾ ਹੈ। ਇਸਦੀ ਵਰਤੋਂ ਉੱਤਰ-ਪੂਰਬੀ, ਪਹਾੜੀ ਰਾਜਾਂ ਦੇ ਨਾਲ-ਨਾਲ ਅੰਡੇਮਾਨ ਅਤੇ ਨਿਕੋਬਾਰ ਵਿੱਚ ਸੁਝਾਈ ਜਾਂਦੀ ਹੈ। ਕਮੇਟੀ ਦੀ ਇਹ ਸਲਾਹ ਉਦੋਂ ਆਈ ਹੈ ਜਦੋਂ ਦੇਸ਼ ਦੇ ਕਈ ਹਿੱਸਿਆਂ ਵਿੱਚ ਇਸ ਸਮੇਂ ਵਿਦਿਆਰਥੀਆਂ ਨੂੰ ਪ੍ਰੀਖਿਆ ਦੇਣ ਲਈ ਘੰਟਿਆਂਬੱਧੀ ਸਫ਼ਰ ਕਰਨਾ ਪੈਂਦਾ ਹੈ। ਮੌਜੂਦਾ ਪ੍ਰਣਾਲੀ ਵਿੱਚ, ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ 'ਤੇ ਐਨਟੀਏ ਛੋਟੇ ਖੇਤਰਾਂ ਵਿੱਚ ਪ੍ਰੀਖਿਆ ਕੇਂਦਰ ਨਹੀਂ ਬਣਾਉਂਦਾ।

# ਭਾਰਤ ਵਿਚ 13 ਪੰਜਾਬੀ ਸੰਸਦ ਮੈਂਬਰਾਂ ਦੇ ਮੁਕਾਬਲੇ ਕੈਨੇਡਾ ਦੀ ਸੰਸਦ ਵਿਚ 19 ਪੰਜਾਬੀ ਸੰਸਦ ਮੈਂਬਰ

## (ਹਾਊਸ ਆਫ ਕਾਮਨ ਕੈਨੇਡਾ ਵਿੱਚ ਪੰਜਾਬੀਆਂ ਦੀ ਸ਼ਾਨ ਵੱਖਰੀ)



ਡਾ. ਸੰਦੀਪ ਘੰਡ
94782-31000

ਸੰਸਦ ਜਿਥੇ ਦੇਸ਼ ਦੇ ਚੁਣੇ ਹੋਏ ਨੁਮਾਇੰਦੇ ਨਾਗਰਿਕਾਂ ਲਈ ਕਾਨੂੰਨ ਬਣਾਉਂਦੇ ਅਤੇ ਬਣੇ ਹੋਏ ਕਾਨੂੰਨ ਵਿੱਚ ਸਮੇਂ ਅਨੁਸਾਰ ਕਿਸੇ ਤਬਦੀਲੀ ਦੀ ਜਰੂਰਤ ਹੈ ਤਾਂ ਉਸ ਵਿੱਚ ਸੋਧ ਕਰ ਸਕਦੇ। ਸਾਡੇ ਲਈ ਇਹ ਬੜੇ ਮਾਣ ਸਨਮਾਨ ਦੀ ਗੱਲ ਹੈ ਕਿ ਦੇਸ਼ ਵਿੱਚ ਸੰਵਿਧਾਨ ਦੀ ਸਥਾਪਨਾ ਤੋਂ ਬਾਅਦ ਬੇਸ਼ਕ ਸੋਧਾਂ ਬਹੁਤ ਹੋਈਆਂ ਨਵੇਂ ਕਾਨੂੰਨ ਵੀ ਬਣੇ ਪਰ ਸੰਵਿਧਾਨ ਦੀ ਆਤਮਾ ਉਹੀ ਹੈ ਜੋ ਇਸ ਨੂੰ ਲਾਗੂ ਕਰਨ ਸਮੇਂ ਸੀ। ਕਿਉਂਕਿ ਇਸ ਵਿੱਚ ਡਾ. ਭੀਮ ਰਾਉ ਅੰਬੇਦਕਰ ਜੀ ਦੀ ਆਤਮਾ ਵੱਸਦੀ ਹੈ। ਸਾਡੇ ਸੰਸਦ ਦੀ ਇੱਕ ਹੋਰ ਖਾਸੀਅਤ ਹੈ ਕਿ ਇਸ ਵਿੱਚ ਸੰਸਦ ਮੈਂਬਰ ਇੱਕ ਦੂਜੇ ਦਾ ਮਾਈਕ ਮਾਰ ਕੇ ਸਿਰ ਵੀ ਪਾੜ ਦਿੰਦੇ ਆਪਸ ਵਿੱਚ ਗਾਲ਼ੀ ਗਲੋਚ ਕਰਦੇ ਅਤੇ ਕਾਂ ਨਾ ਹੋਣ ਦੇ ਬਾਵਜੂਦ ਕਾਵਾਂ ਰੌਲ਼ੀ ਪਾਉਂਦੇ ਹਨ। ਬੇਸ਼ਕ ਇਹ ਸਾਰੀਆਂ ਗੱਲਾਂ ਸੰਵਿਧਾਨ ਜਾਂ ਸੰਸਦ ਦੇ ਨਿਯਮਾਂ ਵਿੱਚ ਸ਼ਾਮਲ ਨਹੀਂ। ਪਰ ਕੁਝ ਦੇਸ਼ਾਂ ਵਿੱਚ ਇੰਝ ਹੀ ਹੁੰਦਾ ਹੈ ਖਾਸ ਕਰ ਸਾਡੇ ਅਤੇ ਸਾਡੇ ਗੁਆਂਢੀ ਮੁਲਕ ਵਿੱਚ।

ਪਰ ਅੱਜ ਜਿਸ ਬਾਰੇ ਚਰਚਾ ਕਰਨੀ ਹੈ ਉਹ ਹੈ ਕੈਨੇਡਾ ਦੀ ਸੰਸਦ। ਬੇਸ਼ਕ ਅੱਜ ਵੀ ਕੈਨੇਡਾ ਦੀਆਂ ਸੰਵਿਧਾਨਕ ਸ਼ਕਤੀਆਂ ਇੰਗਲੈਂਡ ਦੀ ਮਹਾਰਾਣੀ ਹੁਣ ਰਾਜਾ ਕੋਲ ਹਨ ਅਤੇ ਉਸ ਦਾ ਨੁਮਾਇੰਦਾ ਗਵਰਨਰ ਜਨਰਲ ਦੇ ਦਸਤਖਤਾਂ ਨਾਲ ਕਾਨੂੰਨ ਪਾਸ ਕੀਤੇ ਜਾਂਦੇ ਹਨ। ਪਰ ਉਹ ਕੇਵਲ ਨਾਮ ਵੱਜੋਂ ਹੈ ਅਸਲ ਸ਼ਕਤੀਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਕੋਲ ਹਨ। ਬ੍ਰਿਟਿਸ਼ ਸਰਕਾਰ ਵੱਲੋਂ 1867 ਵਿੱਚ ਕੈਨੇਡਾ ਨੂੰ ਅਜ਼ਾਦ ਮੁਲਕ ਵੱਜੋਂ ਮਾਨਤਾ ਦਿੱਤੀ ਗਈ ਅਤੇ ਇੰਗਲੈਂਡ ਦੀ ਸੰਸਦ ਵੱਲੋਂ ਬ੍ਰਿਟਿਸ਼ ਨਾਰਥਨ ਅਮਰੀਕ ਐਕਟ 1867 ਪਾਸ ਕਰਕੇ ਕੈਨੇਡਾ ਵਿੱਚ ਸੈਨੇਟ ਅਤੇ ਹਾਊਸ ਆਫ ਕਾਮਨ ਦੀ ਚੋਣ ਲਈ ਬਿਲ ਪਾਸ ਕੀਤਾ ਗਿਆ।

ਸਾਡੇ ਦੇਸ਼ ਵਾਂਗ ਕੈਨੇਡਾ ਦੇ ਵੀ ਦੋ ਹਾਊਸ ਹਨ ਲੋਅਰ ਅਤੇ ਅਪਰ ਹਾਊਸ। ਜਿਵੇਂ ਆਪਣੇ ਦੇਸ਼ ਵਿੱਚ ਲੋਕ ਸਭਾ ਅਤੇ ਰਾਜ ਸਭਾ ਉਸੇ ਤਰਾਂ ਕੈਨੇਡਾ ਵਿੱਚ ਹਾਊਸ ਆਫ ਕਾਮਨ ਅਤੇ ਸੈਨੇਟ। ਕੈਨੇਡਾ ਦੀ ਸੰਸਦ ਬਾਰੇ ਚਰਚਾ ਇਸ ਲਈ ਕਰ ਰਹੇ ਕਿ ਪਿਛਲੇ ਦਿਨੀਂ ਇਹਨਾਂ ਦੋਹਾਂ ਸਦਨਾਂ ਨੂੰ ਦੇਖਣ ਅਤੇ ਜਾਣਨ ਦਾ ਮੌਕਾ ਮਿਲਿਆ।

ਕੈਨੇਡਾ ਦੀ ਸੰਸਦ ਬੇਸ਼ਕ ਹਾਊਸ ਆਫ਼ ਕਾਮਨ ਜਾਂ ਸੈਨੇਟ ਦੇਖਣ ਲਈ ਜਰੂਰੀ ਨਹੀਂ ਕਿ ਉਹ ਕੈਨੇਡਾ ਦਾ ਨਾਗਰਿਕ ਹੋਵੇ। ਆਨ-ਲਾਈਨ ਬੁਕਿੰਗ ਕਰਵਾਕੇ ਤੁਸੀਂ ਆਪਣੇ ਸਹੂਲਤ ਅਨੁਸਾਰ ਸਮਾਂ ਚੁਣ ਸਕਦੇ ਹੋ। ਕਿਸੇ ਕਿਸਮ ਦੀ ਕੋਈ ਫੀਸ ਨਹੀਂ। ਦਿੱਤੇ ਹੋਏ ਸਮੇਂ ਤੇ ਜਦੋਂ ਤੁਸੀਂ ਜਾਂਦੇ ਹੋ ਤਾਂ ਸੰਸਦ ਦਾ ਸਟਾਫ ਤੁਹਾਨੂੰ ਜੀ ਆਇਆਂ ਨੂੰ ਆਖਦਾ। ਤੁਹਾਡੇ ਮੋਬਾਈਲ ਤੇ ਹੀ ਤੁਸੀਂ ਬੁਕਿੰਗ ਦਿਖਾਉ ਤੁਹਾਨੂੰ ਅੱਗੇ ਭੇਜ ਦਿੱਤਾ ਜਾਂਦਾ ਹੈ। ਕੋਈ ਮੋਬਾਈਲ, ਪਰਸ ਜਮਾਂ ਨਹੀਂ ਕਰਵਾਉਣਾ ਫੋਟੋ ਵੀਡੀਉ ਦੀ ਵੀ ਕੋਈ ਜਿਆਦਾ ਰੋਕ ਟੋਕ ਨਹੀਂ ਬੇਸ਼ਕ ਵੀਡੀਉ ਲਿਖਿਆ ਹੋਇਆ ਇਜਾਜ਼ਤ ਨਹੀਂ। ਸਕਿਊਰਟੀ ਵੱਲੋਂ ਚੈਕਿੰਗ ਤੋਂ ਬਾਅਦ ਸਾਰੇ ਗਰੁੱਪ ਨੂੰ ਇਕੱਠਾ ਅਤੇ ਗਾਈਡ ਵੱਲੋਂ ਸਾਰੇ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਅਤੇ ਉਹ ਹੀ ਤੁਹਾਡੇ ਨਾਲ ਜਾ ਕੇ ਤੁਹਾਨੂੰ ਸੰਸਦ ਦੇ ਨਿਯਮਾਂ ਬਾਰੇ ਦੱਸਦਾ।

ਕੈਨੇਡਾ ਦੇ ਹਾਊਸ ਆਫ਼ ਕਾਮਨ ਦੇ ਬਾਹਰ ਇਕ ਵਿਅਕਤੀ ਇੱਕ ਤਖਤੀ ਲੈ ਕੇ ਖੜ੍ਹਾ ਸੀ ਉਸ ਉਪਰ ਅੰਗਰੇਜ਼ੀ ਵਿੱਚ ਲਿਖਿਆ ਸੀ ਕਿ ਮੈਂ ਪ੍ਰਧਾਨ ਮੰਤਰੀ ਟਰੂਡੋ ਨੂੰ ਨਫ਼ਰਤ ਕਰਦਾ ਹਾਂ। ਇੰਝ ਪਹਿਲਾਂ ਮੈਂ ਕਈ ਘਰਾਂ ਅੱਗੇ ਵੀ ਲਿਖਿਆ ਦੇਖਿਆ ਸੀ। ਮੈਂ ਸਮਝਦਾ ਇਸ ਨੂੰ ਅਜ਼ਾਦੀ ਕਹਿੰਦੇ। ਪਰ ਸਾਡੇ ਨੇਤਾ ਲੋਕ 30 ਪ੍ਰਤੀਸ਼ਤ ਵੋਟਾਂ ਲੈ ਕੇ ਉਹ ਬਾਕੀ 70 ਪ੍ਰਤੀਸ਼ਤ ਲੋਕਾਂ ਪਾਸੋਂ ਵੀ ਇਹ ਕਹਾਉਣਾ ਚਾਹੁੰਦੇ ਹਨ ਕਿ ਸਾਨੂੰ ਚੰਗਾ ਕਹੋ। ਮੈਂ ਹੈਰਾਨ ਸੀ ਕਿ ਬੋਲਣ ਲਿਖਣ ਦੀ ਅਜ਼ਾਦੀ ਤਾਂ ਸਾਡੇ ਦੇਸ਼ ਵਿੱਚ ਵੀ ਹੈ ਕੀ ਸਾਡਾ ਕੋਈ ਨਾਗਰਿਕ ਅਜਿਹਾ ਕਰ ਸਕਦਾ। ਪਹਿਲੀ ਗੱਲ ਤਾਂ ਕਿਸੇ ਵਿੱਚ ਇੰਨੀ ਹਿੰਮਤ ਨਹੀਂ ਅਤੇ



ਜੇਕਰ ਉਹ ਅਜਿਹਾ ਕਰਨ ਲਈ ਹਿੰਮਤ ਲੈ ਵੀ ਆਵੇ ਤਾਂ ਸਾਡੀਆਂ ਪਾਰਟੀਆਂ ਸਾਡਾ ਮੀਡੀਆ ਇਸ ਨੂੰ ਇੰਝ ਪੇਸ਼ ਕਰੇਗਾ ਕਿ ਜਿਵੇਂ ਉਸ ਵਿਅਕਤੀ ਨੇ ਬਹੁਤ ਵੱਡੀ ਗਲਤੀ ਨਹੀਂ" ਬਹੁਤ ਵੱਡਾ ਗੁਨਾਹ ਕਰ ਲਿਆ ਹੋਵੇ ਅਤੇ ਉਸ ਨੂੰ ਦੇਸ਼ ਧਰੋਹੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ।

ਸੈਨੇਟ ਅਤੇ ਹਾਊਸ ਆਫ਼ ਕਾਮਨ ਦੋਨੋਂ ਇਮਾਰਤਾਂ ਨੇੜੇ ਨੇੜੇ ਹਨ। ਕੈਨੇਡਾ ਵਿੱਚ ਸੈਨੇਟ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ। ਕੈਨੇਡਾ ਦੀ ਸੈਨੇਟ ਅਤੇ ਹਾਊਸ ਆਫ਼ ਕਾਮਨ ਕੈਨੇਡਾ ਦੀ ਰਾਜਧਾਨੀ ਉਟਵਾ ਵਿੱਚ ਹਨ। ਕੈਨੇਡਾ ਦਾ ਅਤਿ ਸੁੰਦਰ ਸ਼ਹਿਰ ਅਸਲ ਵਿੱਚ ਲੋਕਾਂ ਵੱਲੋਂ ਕੈਨੇਡਾ ਨੂੰ ਪਸੰਦ ਕਰਨ ਦਾ ਮੰਤਵ ਉਸ ਦੀ ਯੋਜਨਾਬੰਦੀ ਸਾਫ ਸਫਾਈ ਅਤੇ ਕੁਦਰਤੀ ਸਾਧਨਾ ਨੂੰ ਸੰਭਾਲ ਕੇ ਰੱਖਣਾ ਹੈ। ਜਿਵੇਂ ਸਾਡੇ ਦੇਸ਼ ਵਿੱਚ ਰਾਜ ਸਭਾ ਨੂੰ ਉਪਰਲਾ ਸਦਨ ਭਾਵ ਇਸ ਵਿੱਚ ਤਜਰਬੇਕਾਰ ਅਤੇ ਵਿਦਵਾਨ ਵਿਅਕਤੀਆਂ ਨੂੰ ਲਿਆ ਜਾਂਦਾ।

ਕੈਨੇਡਾ ਦੀ ਸੈਨੇਟ ਵਿੱਚ ਇੱਕ ਪੰਜਾਬੀ ਸਿੱਖ ਸੁਰਜੀਤ ਸਿੰਘ ਮਰਵਾਹਾ ਜੋ ਕਿ ਕੈਨੇਡਾ ਦੇ ਸਬ ਤੋਂ ਵੱਡੇ ਬੈਂਕ ਨੋਵਾ ਸਕੋਸ਼ੀਆਂ ਦੇ ਮੀਤ ਪ੍ਰਧਾਨ ਹਨ ਨੂੰ ਲਿਆ ਗਿਆ ਸੀ ਪਰ ਪਿੱਛਲੇ ਦਿਨੀਂ ਉਨ੍ਹਾਂ ਆਪਣੇ ਇਸ ਆਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸੈਨੇਟ ਵਿੱਚ ਵੱਖ ਵੱਖ ਵਿਸ਼ਿਆ ਦੇ ਮਾਹਰ ਅਤੇ ਹਰ ਰਾਜ ਦੀ ਜਨਸੰਖਿਆ ਅਨੁਸਾਰ ਸੀਟਾਂ ਦੀ ਗਿਣਤੀ ਦਿੱਤੀ ਗਈ ਹੈ। ਸੈਨੇਟ ਦੇ ਕੁੱਲ ਮੈਂਬਰਾਂ ਦੀ ਗਿਣਤੀ 105 ਹੈ ਅਤੇ ਮੈਂਬਰਾਂ ਦੀ ਚੋਣ ਗਵਰਨਰ ਜਨਰਲ ਦੁਆਰਾ ਪ੍ਰਧਾਨ ਮੰਤਰੀ ਦੀ ਸਿਫਾਰਸ਼ ਤੇ ਕੀਤੀ ਜਾਂਦੀ ਹੈ। ਸੈਨੇਟ ਮੈਂਬਰ ਲਈ ਘੱਟ ਘੱਟ ਉਮਰ ਦੀ ਸੀਮਾ ਤੀਹ ਸਾਲ ਹੈ।

ਸੈਨੇਟ ਮੈਂਬਰ ਲਈ ਬੇਸ਼ਕ ਕੋਈ ਵਿਸ਼ੇਸ਼ ਯੋਗਤਾ ਨਹੀਂ ਪਰ ਇਸ ਵਿੱਚ ਵੱਖ ਵੱਖ ਖੇਤਰਾਂ ਜਿਵੇ ਬਿਜਨਸਮੈਨ, ਕਲਾ ਅਤੇ ਸਭਿਆਚਾਰ, ਸਿੱਖਿਆ, ਕਾਨੂੰਨ, ਸਾਇੰਸਦਾਨ ਵਿਗਿਆਨਕ ਅਤੇ ਵਪਾਰੀ ਵਰਗ ਵਿਚੋਂ ਇਸ ਦੀ ਚੋਣ ਕੀਤੀ ਜਾਂਦੀ। ਸੈਨੇਟ ਦੀ ਕਾਰਵਾਈ ਚਲਾਉਣ ਲਈ ਸਪੀਕਰ ਦੀ ਚੋਣ ਕੀਤੀ ਜਾਂਦੀ। ਹਰ ਬਿਲ ਜੋ ਕਾਨੂੰਨ ਬਣਦਾ ਉਹ ਸੈਨੇਟ ਵੱਲੋ ਵਿਚਾਰ ਵਟਾਂਦਰੇ ਬਾਅਦ ਹੀ ਪਾਸ ਕੀਤਾ ਜਾਂਦਾ। ਗਾਈਡ ਜੋ ਸਾਡੇ ਨਾਲ ਚਲ ਰਿਹਾ ਸੀ ਉਹ ਇੱਕ ਇੱਕ ਸੀਟ ਬਾਰੇ ਜਾਣਕਾਰੀ ਦੇ ਰਿਹਾ ਸੀ।

ਸੈਨੇਟ ਮੈਂਬਰ ਸਕੂਲਾਂ ਵਿੱਚ ਜਾ ਕੇ ਬੱਚਿਆਂ ਨੂੰ ਸੈਨੇਟ ਦੀ ਕਾਰਵਾਈ ਕਿਸ ਤਰਾਂ ਚੱਲਦੀ ਉਸ ਬਾਰੇ ਜਾਣਕਾਰੀ ਦਿੰਦੇ ਹਨ। ਆਪਣੇ ਦੇਸ਼ ਵਿੱਚ ਤਾਂ ਜਦੋਂ ਰਾਜ ਸਭਾ ਦਾ ਮੈਂਬਰ ਬਣ ਜਾਂਦਾ ਉਹ ਕਿਸ ਤਰਾਂ ਰਹਿੰਦਾ ਇਹ ਸਬ ਜਾਣਦੇ ਹਨ। ਇਸ ਤੋਂ ਇਲਾਵਾ ਬੱਚਿਆਂ ਲਈ ਬਾਹਰ ਲਿਟਰੇਚਰ ਰੱਖਿਆ ਹੋਇਆ ਜਿਸ ਵਿੱਚ ਇੰਗਲਿਸ਼ ਅਤੇ ਫਰੈਂਚ ਵਿੱਚ ਪੈਂਫਲੈਟ ਰੱਖੇ ਹੋਏ। ਜਿਸ ਵਿੱਚ ਕਾਰਟੂਨ ਰਾਂਹੀ ਸੈਨੇਟ ਅਤੇ ਹਾਊਸ ਆਫ਼ ਕਾਮਨ ਬਾਰੇ ਜਾਣਕਾਰੀ ਦਿੱਤੀ ਜਾਂਦੀ। ਅਜਿਹੀਆਂ ਗੱਲਾਂ ਦੇਖ ਕੇ ਹੀ ਅਸੀ ਉਸ ਦੇਸ਼ ਦੀ ਤੁਲਨਾ ਆਪਣੇ ਦੇਸ਼ ਨਾਲ ਕਰਣ ਲੱਗ ਜਾਂਦੇ। ਸੈਨੇਟ ਵਿੱਚ ਵੱਖ ਵੱਖ ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸੈਨੇਟ ਪੇਜ ਦੇ ਤੋਰ ਤੇ ਨਿਯੁਕਤ ਕੀਤਾ ਜਾਂਦਾ ਜੋ ਸੈਨੇਟ ਦੀ ਕਾਰਵਾਈ ਦੋਰਾਨ ਸੈਨੇਟਰ ਦੀ ਮਦਦ ਕਰਦੇ ਅਤੇ ਕਾਰਵਾਈ ਕਿਸ ਤਰਾਂ ਚੱਲ ਰਹੀ ਇਸ ਬਾਰੇ ਵੀ ਉਹਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ। ਕੈਨੇਡਾ ਦਾ ਕੋਈ ਵੀ ਨਾਗਰਿਕ ਸੈਨੇਟ ਦੀ ਚਲਦੀ ਕਾਰਵਾਈ ਵਿੱਚ ਵੀ ਵਿਸ਼ੇਸ ਆਗਿਆ ਨਾਲ ਆ ਸਕਦਾ ਅਤੇ ਸੈਨੇਟ ਮੈਂਬਰ ਤੋਂ ਸਵਾਲ ਵੀ ਪੁੱਛ ਸਕਦਾ।

ਪਰ ਦੂਜੇ ਪਾਸੇ ਜਦੋਂ ਅਸੀ ਰਾਜ ਸਭਾ ਮੈਂਬਰ ਜਿਸ ਨੂੰ ਸੀਨੀਅਰ ਮੈਂਬਰਾਂ ਦਾ ਹਾਊਸ ਕਿਹਾ ਜਾਂਦਾ ਦੀ ਚੋਣ ਵਿਧਾਨ ਸਭਾ ਦੇ ਮੈਂਬਰਾਂ ਵੱਲੋਂ ਕੀਤੀ ਜਾਂਦੀ। ਪਰ ਇਸ ਵਿੱਚ ਵਿਸ਼ਾ ਮਾਹਿਰਾਂ ਦੀ ਬਜਾਏ ਇਹ ਪਿਛਲੈ ਦਰਵਾਜੇ ਰਾਂਹੀ ਸੰਸਦ ਭੇਜਣ ਅਤੇ ਮੰਤਰੀ ਬਣਾਉਣ ਲਈ ਰੱਖੀ ਗਈ ਹੈ। ਕੈਨੇਡਾ ਵਿੱਚ ਸੈਨੇਟ ਦੀ ਸਲਾਹ ਨੂੰ ਪੂਰੀ ਤਰਾਂ ਮੰਨਿਆ ਜਾਂਦਾ। ਗਾਈਡ ਨੇ ਸਾਨੂੰ ਸੈਨੇਟ ਦੀ ਪੂਰੀ ਬਣਤਰ ਕਿਥੇ ਸਪੀਕਰ ਬੈਠਦਾ ਕਿਥੇ ਪ੍ਰਧਾਨ ਮੰਤਰੀ ਅਤੇ ਬਾਕੀ ਮੈਂਬਰ ਬੈਠਦੇ ਹਨ। ਪ੍ਰੈਸ ਗੈਲਰੀ ਵਿਦਿਆਰਥੀਆ ਦਾ ਕਾਰਨਰ।

ਕਮੇਟੀ ਹਾਲ ਦੇ ਨਾਲ ਹੀ ਲਾਇਬਰੇਰੀ ਬਣੀ ਹੋਈ ਜਿਥੇ ਸਦਨ ਦੀ ਕਾਰਵਾਈ ਸਬੰਧੀ ਬਣੇ ਨਿਯਮਾਂ ਦੀਆਂ ਕਿਤਾਬਾਂ ਹਨ। ਸੈਨੇਟ ਦੀ ਲਾਇਬ੍ਰੇਰੀ ਵਿੱਚ ਹੀ ਸੈਨੇਟ ਦੇ ਕੰਮਾਂ ਮੈਂਬਰਾਂ ਦੀ ਗਿਣਤੀ ਬਾਰੇ ਲਿਟਰੇਚਰ ਰੱਖਿਆ ਹੋਇਆ ਜਿਸ ਨੂੰ ਕੋਈ ਵਿਅਕਤੀ ਲੈ ਸਕਦਾ ਇਹ ਦੋ ਭਾਸ਼ਾ ਇੰਗਲਸ਼ ਅਤੇ ਫਰੈਂਚ ਵਿੱਚ ਛਪਿਆ ਹੈ। ਇਸ ਤੋਂ ਇਲਾਵਾ ਸੇਨਟ ਦੀ ਕਾਰਵਾਈ ਇੰਗਲਸ਼ ਅਤੇ ਫਰੈਂਚ ਵਿੱਚ ਚਲਦੀ ਪਰ ਇਸ ਤੋਂ ਇਲਾਵਾ 15 ਹੋਰ ਭਾਸ਼ਾ ਵਿਚ ਵੀ ਸੈਨੇਟ ਜੇਕਰ ਚਾਹੇ ਤਾਂ ਉਹ ਸਹੂਲਤ ਲੈ ਸਕਦਾ ਜਿਸ ਵਿੱਚ ਪੰਜਾਬੀ ਭਾਸ਼ਾ ਵੀ ਸ਼ਾਮਲ ਹੈ ਇਹ ਸਾਡੇ ਪੰਜਾਬੀਆਂ ਲਈ ਬਹੁਤ ਵੱਡੇ ਮਾਣ ਸਤਿਕਾਰ ਦੀ ਗੱਲ ਹੈ।

ਹਾਊਸ ਆਫ਼ ਕਾਮਨ ਵਿੱਚ ਪੰਜਾਬੀਆਂ ਦਾ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਾ ਪੰਜਾਬੀਆਂ ਦੀ ਕਾਬਲੀਅਤ ਨੂੰ ਦਿਖਾਉਂਦਾ ਹੈ। ਇਸੇ ਤਰਾਂ ਇੰਗਲਸ਼ ਅਤੇ ਫਰੈਂਚ ਤੋਂ ਬਾਅਦ ਜਿਆਦਾ ਬੋਲੀ ਜਾਣ ਵਾਲੀ ਭਾਸ਼ਾ ਪੰਜਾਬੀ ਹੈ। ਗਾਈਡ ਨੇ ਸਾਨੂੰ ਨਿਯਮ ਅਤੇ ਸ਼ਰਤਾਂ ਬਾਰੇ ਦੱਸਿਆ। ਜਿਥੇ ਹਾਊਸ ਆਫ਼ ਕਾਮਨ ਹੈ ਇਸ ਥਾਂ ਦਾ ਨਾਮ ਪਾਰਲੀਮੈਂਟ ਹਿੱਲ ਹੈ ਇਸ ਸਮੇਂ ਹਾਊਸ ਆਫ਼ ਕਾਮਨ ਦੇ ਮੈਂਬਰਾਂ ਦੀ ਗਿਣਤੀ 308 ਹੈ। ਜਿਸ ਵਿੱਚ ਪੰਜਾਬੀਆਂ ਦੀ ਗਿਣਤੀ 18 ਹੈ ਅਤੇ ਇੰਨਾ ਵਿੱਚ 6 ਮੈਂਬਰ ਸਰਦਾਰ ਜਗਮੀਤ ਸਿੰਘ, ਸ਼੍ਰੀ ਹਰਜੀਤ ਸਿੰਘ ਸੱਜਣ, ਇਕਵਿੰਦਰ ਸਿੰਘ, ਮਨਵਿੰਦਰ ਸਿੱਧੂ, ਰਣਦੀਪ ਸਿੰਘ ਸਰਾਂ, ਜਸਰਾਜ ਸਿੰਘ ਅਤੇ ਟਿੰਮ ਉਪਲ ਦਸਤਾਰਧਾਰੀ ਸਿੱਖ ਹਨ। ਜਦੋਂ ਕਿ ਸਾਡੇ ਦੇਸ਼ ਦੀ ਸੰਸਦ ਵਿੱਚ ਕੇਵਲ 13-14 ਮੈਂਬਰ ਹੀ ਪੰਜਾਬੀ ਜਾਂ ਸਿੱਖ ਹਨ। ਭਾਵ ਕੈਨੇਡਾ ਦੇ ਹਾਊਸ ਆਫ਼ ਕਾਮਨ ਵਿੱਚ ਭਾਰਤ ਨਾਲੋਂ ਵੱਧ ਸੰਸਦ ਮੈਂਬਰ ਹਨ ਇਹ ਸਾਡੇ ਪੰਜਾਬੀਆਂ ਲਈ ਅਤੇ ਸਾਡੇ ਦੇਸ਼ ਲਈ ਮਾਣ ਅਤੇ ਸਨਮਾਨ ਦੀ ਗੱਲ ਹੈ। ਜਿਵੇਂ ਸਾਡੇ ਦੇਸ਼ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਅਮਰ ਜੋਤੀ ਜੋਤ ਚੱਲ ਰਹੀ ਹੈ ਉਸੇ ਤਰਾਂ ਕੈਨੇਡਾ ਦੇ ਹਾਊਸ ਆਫ਼ ਕਾਮਨ ਦੇ ਬਾਹਰ ਖੁੱਲੈ ਮੇਦਾਨ ਵਿੱਚ ਉਹ ਜੋਤ ਚੱਲ ਰਹੀ ਹੈ।

ਹਾਉਸ ਆਫ਼ ਕਾਮਨ ਦੇਖਣ ਤੋਂ ਬਾਅਦ ਜਦੋਂ ਅਸੀ ਬਾਹਰ ਆਕੇ ਇੱਕ ਇਮਾਰਤ ਦੇ ਬਾਹਰ ਫੋਟੋ ਖਿਚਵਾਉਣ ਲੱਗਾ ਤਾਂ ਬਾਹਰ ਬੋਰਡ ਤੇ ਲਿਖਿਆ ਸੀ ਦਫਤਰ ਪ੍ਰਧਾਨ ਮੰਤਰੀ ਕੈਨੇਡਾ। ਬਿਲਕੁਲ ਕਿਸੇ ਕਿਸਮ ਦੀ ਕੋਈ ਸਕਿਊਰਟੀ ਨਹੀਂ ਕੋਈ ਰੋਕ ਨਹੀਂ। ਅੱਜ ਮੈਨੂੰ ਬਹੁਤ ਖੁਸ਼ੀ ਸੀ ਕਿ ਮੈਂ ਭਾਵੇਂ ਆਪਣੇ ਦੇਸ਼ ਦੀ ਸੰਸਦ ਨਹੀਂ ਦੇਖ ਸਕਿਆ ਪਰ ਕੈਨੇਡਾ ਜੋ ਹੁਣ ਪੰਜਾਬੀਆਂ ਦਾ ਦੂਜਾ ਘਰ ਬਣ ਗਿਆ ਹੈ ਉਸ ਦੀ ਸੰਸਦ ਦੇ ਦੋਵੇ ਸਦਨ ਦੇਖ ਸਕਿਆ।

ਸੰਸਦ ਦੇ ਦੋਨੋਂ ਸਦਨ ਦੇਖਣ ਤੋਂ ਬਾਅਦ ਉਟਵਾ ਕੈਨੇਡਾ ਦੀ ਰਾਜਧਾਨੀ ਦਾ ਸਫਰ ਵੀ ਇਕ ਯਾਦਗਾਰ ਸੀ। ਰਾਸਤੇ ਵਿੱਚ ਉਹੀ ਸਵੱਛ ਅਤੇ ਸ਼ਾਨਦਾਰ ਵਾਤਾਵਰਨ। ਉਟਵਾ ਵਿੱਚ ਦਾਖਲ ਹੁੰਦੇ ਸਬ ਤੋਂ ਪਹਿਲਾ ਉਟਵਾ ਦੀ ਯੂਨੀਵਰਸਟੀ। ਅਸਲ ਵਿੱਚ ਉਟਵਾ ਕੈਨੇਡਾ ਦੀ ਰਾਜਧਾਨੀ ਅਤੇ ਕੈਨੇਡਾ ਦਾ ਮੁੱਖ ਸ਼ਹਿਰ ਹੈ।ਵੇਸੇ ਵੀ ਜਿਆਦਾਤਰ ਹਰ ਦੇਸ਼ ਦੀ ਸੰਸਦ ਦੇਸ਼ ਦੀ ਰਾਜਧਾਨੀ ਵਿੱਚ ਹੀ ਹੁੰਦੀ ਹੈ।

ਕਿਊਬਕ ਸ਼ਹਿਰ ਅਤੇ ਮੌਂਟਰੀਅਲ ਨੂੰ ਛੱਡ ਕੇ ਬਾਕੀ ਸ਼ਹਿਰਾਂ ਵਿੱਚ ਤੁਹਾਨੂੰ ਪੰਜਾਬੀ ਬੋਲਣ ਵਾਲੈ ਲੋਕ ਆਮ ਹੀ ਮਿਲ ਜਾਂਦੇ ਹਨ। ਕੈਨੇਡਾ ਦੇਸ਼ ਹੁਣ ਸਾਡੇ ਲਈ ਵੱਖਰਾ ਮੁਲਕ ਨਹੀਂ ਰਿਹਾ ਰਾਜਨੀਤੀ ਵਿੱਚ ਭਾਗੀਦਾਰੀ ਤੋਂ ਇਲਾਵਾ ਬਿਜਨੈਸ, ਸਿੱਖਿਆ, ਫੋਜ, ਖੇਤੀਬਾੜੀ ਭਾਵ ਹਰ ਖੇਤਰ ਵਿੱਚ ਆਫ਼ਣੀ ਪਹਿਚਾਣ ਬਣਾਈ ਹੈ। ਇਸ ਗੱਲ ਦਾ ਅੰਦਾਜਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਸੰਸਦ ਦੇ ਦੋਵਾਂ ਸਦਨਾਂ ਵਿੱਚ ਅੰਗਰੇਜ਼ੀ ਅਤੇ ਫਰੈਂਚ ਤੋਂ ਇਲਾਵਾ ਜੋ 15 ਹੋਰ ਭਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ। ਉਹਨਾਂ ਵਿੱਚ ਇੱਕ ਪੰਜਾਬੀ ਭਾਸ਼ਾ ਵੀ ਹੈ।ਇਸੇ ਲਈ ਕਹਿ ਸਕਦੇ ਹਾਂ ਕਿ ਪੰਜਾਬੀਆਂ ਦੀ ਸ਼ਾਨ ਵੱਖਰੀ।

## ਮੇਰਾ ਪਿੰਡ, ਬਿਰਧਨੋ

ਹਾਂ ਮਿੱਤਰਾ ਕੀ ਕਰਦਾ ਵਿਹਲਾ ਤੇਰਾ ਗਿਆਨ ਵਧਾਮਾਂ,
ਕਿੰਨਾ ਇਤਿਹਾਸਿਕ ਪਿੰਡ ਹੈ ਮੇਰਾ ਤੈਨੂੰ ਅੱਜ ਸੁਣਾਮਾਂ।
ਬੋਲ ਕਿਹੜੇ ਪਾਸਿਓਂ ਵੜਨਾਂ ਕੋਈ ਨਾ ਰਸਤਾ ਖੋਟਾ,
ਤੰਦੇ ਬੱਧੇ ਕਨਿ ਆਉਂਦੇ ਦਿਸਦਾ ਝੱਲੀਆਂ ਵਾਲਾ ਬਰੋਟਾ।
ਸੋਹੀਆਂ ਵਾਲੇ ਪਾਸਿਓਂ ਪਹੇ ਕੱਚੇ ਕੱਚੇ ਤੂੰ ਆਈਂ,
ਦਾਉ ਆਲੇ ਬਾਬੇ ਮੱਥਾ ਟੇਕੀਂ ਤੇ ਪ੍ਰਸਾਦਾ ਬੈਠ ਗੁਰੂ ਘਰ ਖਾਈਂ।
ਭੂਮਸੀ ਵਾਲੇ ਪਾਸਿ ਂ ਵੀ ਕਿਤੇ ਐਮੇ ਹੀ ਨਾ ਵੜ ਜਾਈਂ,
ਹਾਜ਼ਰੀ ਲਵਾਈ ਬਾਬੇ ਸਿੱਧ ਨਾਲੇ ਮਿੱਟੀ ਦੇਵੀ ਦਾਸ ਕੱਢ ਆਈਂ।
ਸ਼ਿਵਗੜ੍ਹ ਤੋਂ ਆਉਂਦੇ ਤੈਨੂੰ ਥੋੜ੍ਹਾ ਪੈ ਜਾਊ ਲੰਬਾ ਘੇਰਾ,
ਬੜਾ ਇਤਿਹਾਸਿਕ ਮੇਲਾ ਲੱਗਦਾ ਬਾਬਾ ਗੁੱਗਾ ਮਾੜੀ ਦਾ ਡੇਰਾ।
500 ਸਾਲ ਪੁਰਾਣਾ ਰਾਜਾ ਬਿਰਧਨੰਦ ਨੇ ਪਿੰਡ ਵਸਾਇਆ,
ਰਾਜਾ ਜਸਵੰਤ ਸਿੰਘ ਨੇ ਵੀ ਧੀ ਲਾਡਲੀ ਨੂੰ ਇਸੇ ਪਿੰਡ ਵਿਆਇਆ।
ਮੰਗ ਲਾਡਲੀ ਦੀ ਨੂੰ ਬਾਪੂ ਨੇ ਸੀ ਸਿਰ ਮੱਥੇ ਤੇ ਲਾਇਆ,
ਚੜ੍ਹ ਜਿੱਥੋਂ ਦਿਸੇ ਬਾਪੂ ਦਾ ਨਾਭਾ ਐਡਾ ਉੱਚਾ
ਬੁਰਜ ਬਣਾਇਆ।
ਰੋੜਾ ਪੱਸਾ ਪਿੰਡ ਤੋਂ ਆ ਮਾਤਾ ਸਰਦਾਰ ਕੌਰ
ਸਿੰਘ ਨੇ ਡੇਰਾ ਲਾਇਆ।
ਜ਼ਿਲ੍ਹੇ ਪਟਿਆਲੇ ਦੇ ਪਿੰਡ ਅਖੀਰਲੇ ਇੰਝ
ਵੱਖਰੀ ਪਹਿਚਾਣ ਬਣਾਈ,
ਭਾਈ ਮਾਈ ਸਾਹਿਬ ਨੇ ਵੀ ਲੜਦੇ ਲੜਦੇ
ਇਥੇ ਸ਼ਹੀਦੀ ਪਾਈ।



- ਚੇਤਨ ਬਿਰਧਨੋ
91-94175-58971

## ਗੀਤਕਾਰ ਤੋਂ ਬਣਿਆ ਸੰਗੀਤਕਾਰ ਪ੍ਰੀਤ ਪੰਜਾਬੀ

ਜਦ ਉਮਰ ਜਵਾਨੀ ਦੀ ਚੜ੍ਹਦੀ ਹੈ ਤਦ ਦਿਲ ਕਈ ਪਾਸੇ ਉਡਾਰੀਆਂ ਮਾਰਦਾ ਹੈ ਪਰ ਪ੍ਰੀਤ ਪੰਜਾਬੀ ਦੀ ਕਲਮ ਨੂੰ ਦਿਲ ਨੇ ਕਿਹਾ ਕਿ ਉਹ ਲਿਖੇ ਅਜਿਹੇ ਬੋਲ ਜਿਹਨਾਂ ਨੂੰ ਸੁਣ ਜਵਾਨ ਦਿਲ ਕਹਿਣ ਸਾਡੀ ਗੱਲ ਕੀਤੀ ਹੈ ਤੇ ਪੰਜਾਬ ਕਹੇ ਮੇਰੀ ਗੱਲ ਕਰ ਰਿਹਾ ਹੈ ਇਹ ਗੀਤਕਾਰ ਤੇ ਪੰਜਾਬੀ ਆਖਣ ਕਿ ਖੁਸ਼ਬੂ ਮਿੱਟੀ ਦੀ ਮਹਿਕ ਦੀ ਆ ਰਹੀ ਹੈ।ਅਜਿਹਾ ਹੀ ਪ੍ਰੀਤ ਪੰਜਾਬੀ ਨੇ ਕੀਤਾ ਤੇ ਉਹ ਅੰਮ੍ਰਿਤਸਰ ਦੀ ਗਾਇਕੀ ਮੰਡੀ ਆ ਗਿਆ। ਪ੍ਰੀਤ ਪੰਜਾਬੀ ਜਿੰਨਾ ਵਧੀਆ ਗੀਤ ਲਿਖਦਾ ਉਨੀ ਹੀ ਵਧੀਆ ਮਿਹਨਤ ਕਰਦਾ ਤੇ ਉਹ ਰਾਜ ਬਰਾੜ ਗਾਇਕ ਜਿਸ ਦੀ ਤਦ ਪੂਰੀ ਗੱਲ ਸੀ ਨਾਲ ਜੁੜਿਆ। ਅੱਜ ਪ੍ਰੀਤ ਪੰਜਾਬੀ ਗੀਤਕਾਰ ਦੇ ਨਾਲ ਚੋਟੀ ਦਾ ਸੰਗੀਤਕਾਰ ਵੀ ਹੈ। ਉਸ ਦਾ ਆਪਣਾ ਜਗਤਪੁਰ (ਅੰਮ੍ਰਿਤਸਰ) ਵਿਖੇ ਸੰਗੀਤ ਸਟੂਡੀਓ ਹੈ ਜਿੱਥੇ ਉਹ ਰਿਕਾਰਡਿੰਗ ਉੱਤਮ ਤਕਨੀਕ ਨਾਲ ਕਰ ਕਿ ਚਰਚਿਤ ਹੈ। ਰਾਜ ਬਰਾੜ ਨੇ ਪ੍ਰੀਤ ਪੰਜਾਬੀ ਦਾ ਲਿਖਿਆ ਗੀਤ ਗਾਇਆ "ਜਿੱਥੇ ਨੱਚਦੀ ਪਸੀਨਾ ਰਹੀ ਡੋਲਦੀ ਵਿਹੜੇ ਚ ਗੁਲਾਬ ਉੱਗਿਆ"। ਦੇਖੋ ਕਲਮ ਕਿ ਉਸ ਦਾ ਪਸੀਨਾ ਹੀ ਐਨੀ ਮਹਿਕ ਰੱਖਦਾ ਕਿ ਧਰਤੀ ਤੇ ਗੁਲਾਬ ਉੱਗ ਪਏ। ਇਸ ਤੋਂ ਇਲਾਵਾ ਸਿਮਰਨ ਢਿੱਲੋਂ ਦਾ ਆਗਾਜ਼ ਉਸ ਦੇ ਲਿਖੇ ਗੀਤ "ਗੋਰੀ ਗੋਰੀ" ਨਾਲ ਹੋਇਆ। ਫਿਰ ਚਲ ਸੋ ਚਲ ਤੇ ਗਾਇਕ ਬਣ ਪਾਲੀ ਦੇਤਵਾਲੀਆ ਤੇ ਜੱਗੀ ਸਿੰਘ ਗਾਇਕਾਂ ਨਾਲ ਉਸ ਦਾ ਗੀਤ ਮਲਟੀ ਐਲਬਮ "ਸੋਹਣੀਆਂ ਚੀਜ਼ਾਂ" ਵਿੱਚ ਆਇਆ। ਪ੍ਰੀਤ ਪੰਜਾਬੀ ਦੇ ਸੰਗੀਤ ਵਿੱਚ ਕੁਲਵਿੰਦਰ ਸ਼ਾਹੀ, ਬਲਦੇਵ ਦੇਬੀ ਤੇ ਸੁਮਨ ਭੱਟੀ ਨੇ ਗੀਤ ਗਾਏ ਹਨ। ਅੱਜ ਦੇ ਫ਼ਿਲਮ ਨਾਇਕ ਤੇ ਸਟਾਰ ਗਾਇਕ ਧੀਰਾ ਗਿੱਲ ਨੂੰ ਗਾਇਕੀ ਖੇਤਰ ਵਿੱਚ ਪ੍ਰੀਤ ਪੰਜਾਬੀ ਦਾ ਉਤਸ਼ਾਹ ਰਿਹਾ ਹੈ। ਇਥੇ ਹੀ ਬਸ ਨਹੀਂ ਪ੍ਰੀਤ ਪੰਜਾਬੀ ਜਵਾਨ ਉਮਰ ਵਿੱਚ ਫ਼ਿਲਮ ਸੰਗੀਤਕਾਰ ਬਣ ਜਾਣ ਦਾ ਫ਼ਖ਼ਰ ਵੀ ਹਾਸਿਲ ਕਰ ਚੁੱਕਿਆ ਹੈ ਤੇ ਉਸ ਨੇ "ਇਸ਼ਕ ਮੁਹੱਬਤ" ਫ਼ਿਲਮ ਦੇ ਗੀਤ ਲਿਖਣ ਨਾਲ ਉਸ ਦਾ ਸੰਗੀਤ ਵੀ ਤਿਆਰ ਕੀਤਾ ਹੈ। ਪ੍ਰੀਤ ਪੰਜਾਬੀ ਦੀ ਲੇਖਣੀ ਵਿੱਚ ਦਮ ਹੈ ਤੇ ਉਸ ਦੇ ਸੰਗੀਤ ਵਿੱਚ ਪੰਜਾਬੀਅਤ ਦੀ ਮਹਿਕ ਹੈ। ਉਸ ਦੇ ਗੀਤਾਂ ਵਿੱਚ ਸੱਭਿਆਚਾਰਕ ਛੋਹਾਂ ਹਨ। ਪ੍ਰੀਤ ਪੰਜਾਬੀ ਦਾ ਨਿਸ਼ਾਨਾ ਚਰਨਜੀਤ ਆਹੂਜਾ ਤੇ ਦੇਸੀ ਕਰਿਓ ਦੀ ਤਰਾਂ ਸੰਗੀਤਕਾਰ ਬਣ ਨਾਮ ਕਮਾਉਣਾ ਹੈ ਤੇ ਗੀਤਕਾਰ ਬਣ ਉਹ ਫ਼ਿਲਮਜ਼ ਲਈ ਗੀਤ ਲਿਖਣਾ ਚਾਹੁੰਦਾ ਹੈ। ਪ੍ਰੀਤ ਪੰਜਾਬੀ ਨੂੰ ਧੀਰਾ ਗਿੱਲ ਦੀਆਂ ਫ਼ਿਲਮਜ਼ ਵਿੱਚ ਇਹ ਮੌਕੇ ਮਿਲਣ ਵਾਲੇ ਹਨ। ਬਾਕੀ ਉਸ ਦੀ ਸੋਚ ਹੈ ਕਿ ਕਦੇ ਵਾਲ ਸੰਵਾਰਨ ਨੂੰ ਚਿੱਤ ਕਰਦੇ ਰਹਿਣਾ ਤੇ ਅੱਜ ਚੋਟੀ ਦੀ ਪੱਗ ਬੰਨ ਵਿਚਰਨ ਵਿੱਚ ਧਿਆਨ ਹੈ, ਇਸ ਤਰਾਂ ਹੀ ਗੀਤਕਾਰੀ ਤੇ ਸੰਗੀਤਕਾਰ ਖੇਤਰ ਹੈ, ਕੰਮ ਕਰੋ ਫਲ ਉਸ ਤੇ ਛੱਡ ਦਿਓ। ਗਾਇਕਾ ਬਬਲੀ ਬਰਾੜ ਤੇ ਰਜਨੀ ਮਾਨ ਦੇ ਨਵੇਂ ਗੀਤਾਂ ਦਾ ਸੰਗੀਤਕਾਰ ਵੀ ਪ੍ਰੀਤ ਪੰਜਾਬੀ ਹੀ ਹੈ।



ਬਬਲੀ ਬਰਾੜ ਨਾਲ ਪ੍ਰੀਤ ਪੰਜਾਬੀ

ਪੇਸ਼ਕਸ਼- ਅੰਮ੍ਰਿਤ ਪਵਾਰ


# ਪੁਸਤਕ ਸਮੀਖਿਆ

## "ਮੋਹ ਦੀਆਂ ਰਿਸ਼ਮਾਂ" ਰਬਿੰਦਰ ਸ਼ਰਮਾ ਜੀ ਦੀ ਪਲੇਠੀ ਕਵਿਤਾਵਾਂ ਦੀ ਕਿਤਾਬ"



ਮੋਹ ਦੀਆਂ ਰਿਸ਼ਮਾ (ਕਾਵਿ ਸੰਗ੍ਰਹਿ)
ਰੀਵਿਊਕਾਰ ਡਾ. ਹਰੀਸ਼ ਮਲਹੋਤਰਾ (ਬਰਮਿੰਗ੍ਹਮ, ਯੂ.ਕੇ)
ਸੰਪਰਕ ਨੰ- +44 7763 013424 / +44215238294
ਲੇਖਕ- ਰਬਿੰਦਰ ਸ਼ਰਮਾ
ਪੰਨੇ- 134 ਮੁੱਲ 180
ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ ।

"ਮੋਹ ਦੀਆਂ ਰਿਸ਼ਮਾਂ" ਰਬਿੰਦਰ ਸ਼ਰਮਾਂ ਜੀ ਦੀ ਪਲੇਠੀ ਕਵਿਤਾਵਾਂ ਦੀ ਕਿਤਾਬ ਹੈ, ਜੋ ਸਾਲ 2024 ਵਿੱਚ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ ਨੇ ਛਾਪੀ ਹੈ। ਕਿਤਾਬਲਿਖਣ ਅਤੇ ਛਪਵਾਉਣ ਦੀਆਂ ਰਬਿੰਦਰ ਸ਼ਰਮਾਂ ਜੀ ਨੂੰ ਢੇਰ ਸਾਰੀਆਂ ਵਧਾਈਆਂ । ਲਿਖਣਾ ਇਕ ਜੋਖ਼ਮ ਭਰਿਆ ਕਾਰਜ ਹੈ ਅਤੇ ਖ਼ਾਸ ਕਰਕੇ ਪੰਜਾਬੀ ਵਿੱਚ, ਜਿੱਥੇ ਲਿਖਣ ਲਈ ਸਮਾਂ ਕੱਢਣਾ ਪੈਂਦਾ ਹੈ, ਫਿਰ ਲਿਖਤ ਦੀ ਸੁਧਾਈ ਅਤੇ ਕਿਤਾਬ ਛਪਵਾਈ ਲਈ ਪਲਿਓ ਪੈਸੇ ਦੇ ਕੇ ਕਿਤਾਬ ਛਪਵਾਉਣੀ ਪੈਂਦੀ ਹੈ। ਪੰਜਾਬੀ ਦੇ ਪਾਠਕਾਂ ਦੀ ਕਿੱਲਤ ਹੋਣ ਕਰਕੇ ਮੁਫ਼ਤ ਵਿੱਚ ਵੰਡੀਆਂ ਕਿਤਾਬਾਂ ਵੀ ਪੰਜਾਬੀ ਲੋਕ ਪੜ੍ਹ ਕੇ ਰਾਜ਼ੀ ਨਹੀਂ।




ਖ਼ੈਰ, "ਮੋਹ ਦੀਆਂ ਰਿਸ਼ਮਾਂ" ਕਿਤਾਬ ਨੂੰ ਮੈਂ ਨਿੱਠ ਕੇ ਪੜ੍ਹਿਆ ਹੈ। ਕਿਤਾਬ ਵਿਚਲੀ ਸਮੱਗਰੀ ਇਹੋ ਜਿਹੀ ਹੈ ਕਿ ਸ਼ਾਇਦ ਹੀ ਸਮਾਜ ਦਾ ਕੋਈ ਐਸਾ ਪਹਿਲੂ ਹੋਵੇਗਾ ਜਿਸ ਬਾਰੇ ਗੱਲ ਨਾ ਕੀਤੀ ਗਈ ਹੋਵੇ। ਕਿਤਾਬ ਵਿਚਲੀਆਂ ਕੁਝ ਕਵਿਤਾਵਾਂ ਮੱਲੋਮਲੀ ਤੁਹਾਡਾ ਧਿਆਨ ਆਪਣੇ ਵੱਲ ਖਿੱਚਦੀਆਂ ਹਨ ਜਿਵੇਂ ਸਫ਼ਾ 14 ਤੇ "ਜਿੰਦੜੀ" ਨਾਂ ਦੀ ਕਵਿਤਾ ਹੈ,

"ਖੇਡਾਂ ਵਿੱਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜ਼ਾਤ ਗਵਾਚੇ।
ਮਨ ਦੀ ਹਰ ਇੱਕ ਚਾਲ ਗਵਾਚੇ, ਜਿੰਦੜੀ ਦੀ ਰਫ਼ਤਾਰ ਗਵਾਚੇ।"

ਜਦੋਂ ਮੈਂ ਨਸਲਵਾਦ (ਅਚਿਸਮ) ਬਾਰੇ ਰਿਸਰਚ ਕਰ ਰਿਹਾ ਸੀ ਤਾਂ ਇਕ ਗੱਲ ਉੱਭਰ ਕੇ ਸਾਹਮਣੇ ਆਈ ਸੀ ਕਿ ਅਗਰ ਨਸਲਵਾਦ ਕਿਤੇ ਨਹੀਂ ਹੈ ਤਾਂ ਉਹ ਛੋਟੇ ਬੱਚਿਆਂ ਵਿੱਚ ਨਹੀਂ ਹੈ ਕਿਉਂਕਿ ਉਹਨਾਂ ਦੀ ਸਖਸੀਅਤ ਦੀ ਸਲੇਟ ਅਜੇ ਕੋਰੀ ਹੁੰਦੀ ਹੈ। ਧਰਮਾਂ ਉੱਪਰ ਕਟਾਖਸ਼ ਕਰਦੀ ਕਵਿਤਾ ਸਫ਼ਾ 18 ਤੇ "ਧਰਮ ਨਿਰਪੱਖ"

ਇਨ੍ਹਾਂ ਧਰਮਾਂ ਨੇ ਵੰਡਿਆ ਇਨਸਾਨ ਹੈ,
ਕੋਈ ਹਿੰਦੂ, ਸਿੱਖ, ਇਸਾਈ ਤੇ ਮੁਸਲਮਾਨ ਹੈ।



ਇਸੇ ਤਰ੍ਹਾਂ ਕਵਿਤਾ 85 ਸਫ਼ੇ ਤੇ ਹੈ "ਧਰਮ ਦਾ ਚੜ੍ਹਿਆ ਜ਼ਹਿਰ" ਇਨਸਾਨੀਅਤ ਨੂੰ ਕਲਾਵੇ ਵਿੱਚ ਲੈਣ ਦੀ ਗੱਲ ਇਸ ਕਵਿਤਾ ਰਾਹੀਂ ਕੀਤੀ ਗਈ ਹੈ । ਸਿਆਸਤ ਉੱਪਰਚੋਟ ਲਾਉਂਦੀਆਂ ਕੁਝ ਕਵਿਤਾਵਾਂ ਹਨ ।ਖ਼ਾਸ ਕਰਕੇ ਸਾਡੇ ਲੀਡਰਾਂ ਉਤੇ ਚੋਟ ਲਾਉਂਦੀ ਕਵਿਤਾ "ਰਾਖੇ" ਸਫ਼ਾ 32 ਉੱਤੇ ਹੈ:

ਖਾਬ ਨਾ ਮੁੱਕੇ ਜਿੰਦ ਸਾਡੀ ਦੇ ਜੀਵਨ ਜਾਵੇ ਮੁੱਕਿਆ।
ਤੇਜ਼ ਕਟਾਰਾਂ ਲਾ ਬੇਕਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

ਸਿਆਸਤ ਨਾਲ ਸਬੰਧਤ ਹੋਰ ਵੀ ਕਵਿਤਾਵਾਂ ਹਨ ਜਿਵੇਂ "ਸੁਣ ਦਿੱਲੀਏ ਨੀ" ਸਫ਼ਾ 35, "ਇਹ ਕੇਹੀ ਅਜ਼ਾਦੀ ਆਈ" ਸਫ਼ਾ 47, ਫਿਰ ਸਫ਼ਾ 67 ਉੱਪਰ "ਤੈਨੂੰ ਉੱਚਾ ਕਰ ਫਹਿਰਾਵਾਂਗੇ", ਸਫ਼ਾ 74 ਉੱਪਰ "ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ", ਸਫ਼ਾ 91 ਤੇ " ਆਈਆਂ ਨੇ ਵੋਟਾਂ", ਸਫ਼ਾ 111 ਤੇ "ਕਾਹਦੇ ਲਈ ਦਿ-ਲੀਏ ਘੁਮੰਡ ਹੋ ਗਿਆ । ਫਿਰ ਸਫ਼ਾ 131 ਉੱਪਰ "ਅੱਛੇ ਦਿਨ ਨਿਆਰੇ"। ਇਸੇ ਤਰ੍ਹਾਂ ਸਫ਼ਾ 66 ਤੇ "ਉੱਚਾ-ਉੱਚਾ ਹੋ ਲਹਿਰਾਈ ਵੇ ਝੰਡਿਆ"।

ਇਸ ਪਲੇਠੀ ਕਿਤਾਬ ਵਿੱਚ ਰਬਿੰਦਰ ਸ਼ਰਮਾਂ ਜੀ ਨੇ ਪ੍ਰਦੇਸੀਆਂ ਬਾਰੇ ਵੀ ਕਵਿਤਾਵਾ ਲਿਖੀਆ ਹਨ। ਸਫ਼ਾ 37 ਉੱਪਰ "ਵਤਨ ਦੀਏ ਮਿੱਟੀਏ ਨੀ"

ਵਤਨ ਦੀਏਂ ਮਿੱਟੀਏ ਨੀ ਛੱਡ ਤੈਨੂੰ ਆਏ ਆਂ ਦੂਰ।
ਮਾਂ ਤੈਨੂੰ ਛੱਡਣ ਲਈ ਬੰਦੇ ਹੋਈ ਜਾਂਦੇ ਨੇ ਮਜਬੂਰ।

ਸਫ਼ਾ 73 ਉੱਪਰ "ਕਨੈਡਾ ਤੁਰ ਚੱਲਿਆ ਏ ਪੰਜਾਬ

ਮਾਂ ਪਿ ਦੀ ਇਜ਼ਤ ਭੁੱਲ ਗਏ
ਹੀ, ਹਾਏ, ਹੈਲੋ ਪਿੱਛੇ ਡੁੱਲ ਗਏ
ਯਾਦ ਨਾ ਵਿਰਸਾ, ਸਭਿਆਚਾਰ
ਵਿਗੜ ਗਿਆ ਏ ਲੋਕ ਵਿਵਹਾਰ
ਕਨੈਡਾ ਤੁੱਰ ਚੱਲਿਆ ਏ ਪੱਜਾਬ ।

ਸਫਾ -108 ਤੇ ਕਵਿਤਾ ਹੈ "ਪਿੰਡ ਦੀਆਂ ਗਲੀਆਂ"

ਪਿੰਡ ਦੀਆਂ ਗਲੀਆਂ ਭੁੱਲਦੀਆਂ ਨਾਂ ਹੀ,
ਨਾ ਯਾਦਾਂ ਭੁੱਲਣ ਪਿਆਰੀ ਮਾਂ ਦੀਆਂ ।
ਮਾਰ ਉਡਾਰੀ ਦੇਸ਼ੋਂ- ਵਿਦੇਸ਼ ਹਾਂ ਆਏ,
ਨਾਂ ਮੌਜਾਂ ਭੁੱਲਣ ਬੋਹੜ ਦੀ ਛਾਂ ਦੀਆਂ।

ਕੁੱਝ ਕਵਿਤਾਵਾਂ ਕਿਰਤੀਆਂ, ਕਾਮਿਆਂ ਬਾਰੇ ਹਨ :

ਸਫ਼ਾ -39 ਤੇ "ਮਜਬੂਰ ਕਾਮੇ", ਸਫ਼ਾ 49 ਤੇ "ਦੱਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ"

ਦੱਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ,
ਪਾ ਕੇ ਵੋਟਾਂ ਤੈਨੂੰ ਗੱਦੀ ਉੱਤੇ ਚਾੜ੍ਹਿਆ ।

ਸਫ਼ਾ 83 ਤੇ ਕਵਿਤਾ ਹੈ "ਤੇਰੇ ਹੱਥਾਂ ਵਿੱਚ ਵੱਸਦਾ ਨੂਰ ਕਿਰਤੀਆਂ"

ਤੈਨੂੰ ਮਿਹਨਤ ਨੇ ਕੀਤਾ ਮਸ਼ਹੂਰ ਕਿਰਤੀਆ
ਤੇਰੇ ਹੱਥਾਂ ਵਿੱਚ ਵੱਸਦਾ ਏ ਨੂਰ ਕਿਰਤੀਆ ।

ਸਫ਼ਾ 115 ਤੇ ਕਵਿਤਾ "ਮਜ਼ਦੂਰ" ਦੇ ਕੁਝ ਬੋਲ ਹਨ

ਮਜ਼ਦੂਰ ਦੇ ਸੁਪਨੇ ਮਰ ਜਾਣ ਭਾਵੇਂ ਪਰ ਅਣਖ ਨਾ ਮਰਦੀ ਕਦੇ,
ਸੱਚ ਤੇ ਹੱਕ ਨਾਲ ਹੈ ਹਿੰਮਤ ਖੜ੍ਹਦੀ ਤੇ ਜਾਂਦਾ ਖ਼ੂਨ ਡੋਲਿਆ ਸੱਜਣਾ।

ਕੁਝ ਕਵਿਤਾਵਾਂ ਕਰੋਨਾ ਸਬੰਧਤ ਹਨ ਜਿਵੇਂ "ਜਮਦੂਤ ਕਰੋਨਾ ਆਇਆ ਹੈ" ਸਫ਼ਾ 42,"ਹਾਹਾਕਾਰ" ਸਫ਼ਾ 43, ਕੁਝ ਕਵਿਤਾਵਾਂ ਕੁਦਰਤ ਨਾਲ ਗੱਲਾਂ ਕਰਦੀਆਂ ਹਨ, ਜਿਵੇਂ ਸਫ਼ਾ 40 ਤੇ "ਮਹਿਕ ਫੁਲਾਂ ਦੀ", ਸਫ਼ਾ 45 ਤੇ "ਅੰਬ ਦਾ ਬੂਟਾ", ਸਫ਼ਾ 64 ਤੇ "ਬਨਸਪਤੀ", ਸਫ਼ਾ 65 ਤੇ " ਸਾਉਣ ਮਹੀਨਿਆਂ ਵੇ" ਸਫ਼ਾ 72 ਤੇ " ਨਾ ਪਾਣੀ ਨੂੰ ਰੋੜ੍ਹ", ਸਫ਼ਾ 125 ਤੇ ਗ਼ਜ਼ਲ ਹੈ:

ਅੰਬਰਾਂ ਵਿੱਚੋਂ ਪਾਣੀ ਸੁੱਟ ਇਹ ਸੀਨੇ ਸਾਡੇ ਠਾਰਦੀ,
ਟੱਬ ਭਰੇ ਬਦਲਾਂ ਚੋਂ ਇਹ ਤਿੱਪ-ਤਿੱਪ ਹੈ ਖਲਾਰਦੀ ।

ਸਫ਼ਾ 57 ਤੇ ਚਿੱੜੀ ਦੀ ਚੀਂ- ਚੀਂ:

ਰਹਿੰਦੀ ਸੀ ਘਰਾਂ ਅੰਦਰ ਦਰਦ ਲੁਕੋਈ
ਚੁੱਪ- ਚਾਪ ਸ਼ਾਂਤ ਸੁਭਾਅ ਠਹਿਰੀ ਹੋਈ ।
ਹੁੰਦਾ ਕੋਈ ਬਹੁਤਾ ਦੁੱਖ ਤਾਂ ਬੋਲ ਸੁਣਾਉਂਦੀ,
ਚਿੜੀ ਦੀ ਚੀਂ-ਚੀਂ ਕਿਤਿਉਂ ਨਾ ਆਉਂਦੀ ।

"ਨਸ਼ਿਆਂ ਨੇ ਰੋਲ਼ ਦਿੱਤੀ" ਕਵਿਤਾ ਸਫ਼ਾ 59 ਤੇ ਨਸ਼ਿਆਂ ਦੇ ਨਤੀਜਿਆਂ ਬਾਰੇ ਖੁੱਲ ਕੇ ਗੱਲ ਕਰਦੀ ਹੈ"

ਨਸ਼ਾ ਹੁੰਦਾ ਕੋਈ ਨਾ ਚੰਗਾ ਹੁੰਦੀ ਹੈ ਬਰਬਾਦੀ,
ਆਪ ਨਸ਼ੇੜੀ ਮੁੱਕ ਜਾਂਦਾ ਘਰ ਵੀ ਰੁਲੇ ਸ਼ਤਾਬੀ।
ਬੱਚਿਆਂ ਨੂੰ ਮੁਥਾਜ ਬਣਾਵੇ ਰੁਲ ਜਾਂਦੀ ਜਨਾਨੀ,
ਨਸ਼ਿਆਂ ਨੇ ਰੋਲ ਦਿੱਤੀ ਦੇਸ਼ ਮੇਰੇ ਦੀ ਜਵਾਨੀ।

ਰੱਬ ਬਾਰੇ ਗੱਲ ਕਰਦੀ ਕਵਿਤਾ ਸਫ਼ਾ 62 ਉੱਪਰ ਹੈ "ਰੱਬਾ"

ਰੱਬਾ ਦੱਸ ਤੂੰ ਕਿੱਥੇ ਹੈਂ ਵੜਿਆ,
ਜਾਂਦਾ ਨਾ ਤੂੰ ਕਿਸੇ ਤੋਂ ਵੀ ਫੜਿਆ।

ਕੁੱਝ ਕਵਿਤਾਵਾਂ ਮਾਂ ਅਤੇ ਧੀਆਂ ਬਾਰੇ ਹਨ। ਸਫ਼ਾ 97 ਤੇ "ਮਾਂ" ਤੇ ਫਿਰ ਸਫ਼ਾ 99 ਤੇ "ਧੀਆਂ ਵਾਲੇ", ਸਫ਼ਾ 112 ਤੇ "ਫਿਰ ਆਖੀਏ ਵਾਰਿਸ ਸ਼ਾਹ ਨੂੰ", ਕਵਿਤਾ ਧੀਆਂ ਵਾਲੇ ਦੀਆਂ ਕੁਝ ਲਾਈਨਾਂ ਹਨ:

ਮਾਂ-ਪਿਓ ਤੱਤੇ ਲੇਖਾਂ ਦੇ ਹਉਕੇ ਜਾਂਦਾ ਅੰਦਰੋਂ ਅੰਦਰ ਝੱਲੀ,
ਪੈ ਵਿੱਚ ਸੋਚਾਂ ਦੇ ਧੀਆਂ ਵਾਲੇ ਧੀ ਤੋਰਨ ਆਪਣੀ ਕੱਲੀ ।

ਕਵਿਤਾ ਪੰਜਾਬੀ ਮਾਂ ਬੋਲੀ ਸਫ਼ਾ 132 ਤੇ ਹੈ-


ਦੇਸ਼ ਵਿਦੇਸ਼ਾਂ ਵਿੱਚ ਵੱਸਦੇ ਨੇ ਇਹਦੇ ਰਖਵਾਲੇ ,
ਅੱਜ ਪੰਜਾਬੀ ਮਾਂ ਬੋਲੀ ਦੇ ਨੇ ਹਰ ਥਾਂ ਬੋਲਬਾਲੇ।

ਕੁੱਝ ਗ਼ਜ਼ਲਾਂ/ਕਵਿਤਾਵਾਂ ਜਾਤੀ ਰਿਸ਼ਤਿਆਂ ਬਾਰੇ ਹਨ। ਸਾਰੀ ਕਿਤਾਬ ਵਿੱਚ ਮੈਨੂੰ ਕੋਈ ਉੱਚੀ ਸੁਰ ਵਾਲਾ ਪ੍ਰਚਾਰ ਨਹੀਂ ਲੱਗਾ ਸਗੋਂ ਧੀਮੀ ਸੁਰ ਵਿੱਚ ਟਕੋਰਾਂ ਲਾਈਆਂਗਈਆਂ ਹਨ। ਮੁਨਸ਼ੀ ਪ੍ਰੇਮ ਚੰਦ ਮੁਤਾਬਕ ਸਾਹਿਤ ਕੇਵਲ ਮਨੋਰੰਜਨ ਅਤੇ ਵਿਲਾਸਤਾ ਦੀ ਚੀਜ਼ ਨਹੀਂ ਹੈ। ਸਾਹਿਤ ਉਹ ਹੁੰਦਾ ਹੈ ਜਿਸ ਵਿੱਚ ਮਹਾਨ ਚਿੰਤਨ ਹੋਵੇ, ਅਜ਼ਾਦੀ ਦੀ ਤੜਪ ਹੋਵੇ, ਸੁੰਦਰਤਾ ਦਾ ਸਾਰ ਹੋਵੇ ਅਤੇ ਜੀਵਨ ਦੀਆਂ ਸਚਾਈਆਂ ਦਾ ਪ੍ਰਕਾਸ਼ ਹੋਵੇ, ਜੋ ਸਾਡੇ ਵਿੱਚ ਗਤੀ ਅਤੇ ਬੇਚੈਨੀ ਪੈਦਾ ਕਰੇ। ਇਹ ਕਿਤਾਬ ਇਸ ਕਸੌਟੀ ਤੇ ਮੈਨੂੰ ਠੀਕ ਉਤਰਦੀ ਲੱਗੀ ਹੈ। ਮੈਨੂੰ ਉਮੀਦ ਹੈ ਕਿ ਰਬਿੰਦਰ ਸ਼ਰਮਾ ਜੀ ਦੂਸਰੀ ਕਿਤਾਬ ਲਈ ਬਹੁਤੀ ਦੇਰ ਨਹੀਂ ਲਾਉਣਗੇ ਅਤੇ ਇਸ ਗੱਲ ਦਾ ਵੀ ਖਿਆਲ ਰੱਖਣਗੇ ਕਿ ਇੱਕੋ ਥੀਮ ਵਾਲੀਆਂ ਕਵਿਤਾਵਾਂ ਇੱਕੋ ਜਗ੍ਹਾ ਹੋਣ ਨਾ ਕਿ ਸਾਰੀ ਕਿਤਾਬ ਵਿੱਚ ਖਿਲਰੀਆਂ ਹੋਣ। ਇਕ ਵਾਰ ਫਿਰ ਰਬਿੰਦਰ ਜੀ ਨੂੰ ਕਿਤਾਬ ਦੀਆਂ ਬਹੁਤ-ਬਹੁਤ ਵਧਾਈਆਂ।

## ਅੱਖਰਾਂ ਦਾ ਸਫ਼ਰ

ਰੀਵਿਊਕਾਰ: ਬਲਜਿੰਦਰ ਮਾਨ 98150 18947
ਕਵਿਤਰੀ: ਸੁਖਮਨ ਕੌਰ ਧਾਲੀਵਾਲ ਪ੍ਰਕਾਸ਼ਕ: ਜੇਪੀ ਪਬਲਿਕਸ਼ਨ ਪਟਿਆਲਾ, ਪੰਨੇ 48, ਮੁੱਲ 80/-

ਪੰਜਾਬ ਭਵਨ ਸਰੀ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਦੀ ਸਰਪ੍ਰਸਤੀ ਹੇਠ ਉਂਕਾਰ ਸਿੰਘ ਤੇਜੇ ਦੁਆਰਾ ਚਲਾਇਆ ਜਾ ਰਿਹਾ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਬਾਲ ਸਾਹਿਤਕਾਰਾਂ ਦੀ ਸਿਰਜਣਾ ਨੂੰ ਪੁਸਤਕ ਰੂਪ ਵਿੱਚ ਪਾਠਕਾਂ ਅੱਗੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਪ੍ਰੋਜੈਕਟ ਤਹਿਤ ਜਿੱਥੇ ਵੱਖ ਵੱਖ ਜ਼ਿਲ੍ਹਿਆਂ ਅਤੇ ਲਹਿੰਦੇ ਪੰਜਾਬ ਦੇ ਜ਼ਿਲ੍ਹਿਆਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਉੱਥੇ ਪੂਰੇ ਵਿਸ਼ਵ ਵਿੱਚ ਵਸਦੇ ਪੰਜਾਬੀਆਂ ਤੱਕ ਇਸ ਦਾ ਘੇਰਾ ਫੈਲਿਆ ਹੋਇਆ ਹੈ। ਉਹਨਾਂ ਦੀ ਸਰ-ਪ੍ਰਸਤੀ ਹੇਠ ਨਵੀਆਂ ਕਲਮਾਂ ਨੂੰ ਨਵੀਂ ਤੇ ਨਿਰੋਈ ਉਡਾਣ ਮਿਲ ਰਹੀ ਹੈ। ਇਸੇ ਉਡਾਣ ਤਹਿਤ ਵਿਦਿਆਰਥਣ ਸੁਖਮਨ ਕੌਰ ਧਾਲੀਵਾਲ ਨੇ ਆਪਣੀ ਪੁਸਤਕ 'ਅੱਖਰਾਂ ਦਾ ਸਫ਼ਰ' ਪ੍ਰਕਾਸ਼ਿਤ ਕੀਤੀ ਹੈ। ਇਸ ਪੁਸਤਕ ਵਿੱਚ ਉਸ ਦੀਆਂ ਕਵਿਤਾਵਾਂ, ਗੀਤ ਅਤੇ ਦੋ ਕਹਾਣੀਆਂ ਸ਼ਾਮਿਲ ਹਨ। ਇਸ ਨਵੀਂ ਕਲਮ ਨੂੰ ਸ਼ਾਬਾਸ਼ ਦੇਣੀ ਬਣਦੀ ਹੈ ਕਿ ਉਹ ਆਉਣ ਵਾਲੇ ਸਮੇਂ ਵਿੱਚ ਸਾਹਿਤ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪੈੜ ਪਾਉਣ ਵਿੱਚ ਕਾਮਯਾਬ ਹੋਵੇ। ਉਸ ਦੀ ਪਹਿਲੀ ਪੁਸਤਕ ਅੱਖਰਾਂ ਦਾ ਸਫ਼ਰ ਵਿੱਚੋਂ ਉਜਲ ਭਵਿੱਖ ਦੇ ਝਲਕਾਰੇ ਪੈਂਦੇ ਦਿਖਾਈ ਦਿੰਦੇ ਹਨ। ਉਸ ਕੋਲ ਚੰਗਾ ਸ਼ਬਦ ਭੰਡਾਰ ਹੈ ਅਤੇ ਉਹਨਾਂ ਸ਼ਬਦਾਂ ਨੂੰ ਕਾਵਿ ਰੂਪ ਵਿੱਚ ਸਿਰਜਣ ਦੀ ਸਮਰੱਥਾ ਵੀ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਭਖਦੇ ਮਸਲਿਆਂ ਨੂੰ ਇਹਨਾਂ ਕਵਿਤਾਵਾਂ ਵਿੱਚ ਉਸ ਨੇ ਬਾਖ਼ੂਬੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਹ ਦੇਸ਼ ਦੁਨੀਆਂ ਵਿੱਚ ਵਰਤ ਰਹੇ ਵਰਤਾਰਿਆਂ ਤੋਂ ਵੀ ਵਾਕਿਫ਼ ਹੈ। ਦੇਸ਼ ਦੇ ਗਰੀਬ, ਮੱਧ ਵਰਗ, ਕਿਸਾਨ ਅਤੇ ਮਜ਼ਦੂਰ ਦੀ ਆਵਾਜ਼ ਨੂੰ ਬੁਲੰਦ ਕਰਦੀ ਹੈ। ਮੌਕੇ ਦੇ ਹਾਕਮਾਂ ਨੂੰ ਵੰਗਾਰਦੀ ਹੋਈ ਆਪਣੇ ਗਿਰੇਬਾਨ ਅੰਦਰ ਝਾਕਣ ਦੀ ਨਸੀਹਤ ਕਰਦੀ ਹੈ। ਉਸ ਦੀ ਕਵਿਤਾ ਦਾ ਸਫ਼ਰ ਨਿੱਜ ਤੋਂ ਸ਼ੁਰੂ ਹੋ ਕੇ ਪੂਰੇ ਬ੍ਰਹਿਮੰਡ ਤੱਕ ਫੈਲ ਜਾਂਦਾ ਹੈ। ਉਹ ਪਰਮਾਤਮਾ ਨੂੰ ਵੀ ਸਵਾਲ ਕਰਦੀ ਹੈ ਅਤੇ ਲੋਕਾਂ ਨੂੰ ਵੀ ਆਪਣੀਆਂ ਆਦਤਾਂ ਸਧਾਰਨ ਦੀ ਗੱਲ ਤੋਰਦੀ ਹੈ। ਉਸ ਅੰਦਰ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣ ਅਤੇ ਅੱਗੇ ਤੋਰਨ ਦੀ ਇੱਛਾ ਹੈ। ਉਚੇਰੀਆਂ ਕਦਰਾਂ ਕੀਮਤਾਂ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਉਹ ਕਵਿਤਾ ਤੇ ਕਹਾਣੀ ਦਾ ਸਹਾਰਾ ਲੈਂਦੀ ਹੈ। ਉਸ ਦੀ ਕਵਿਤਾ ਸੱਚ ਦੀਆਂ ਇਹ ਸਤਰਾਂ ਬਹੁਤ ਨਰੋਆ ਸੰਦੇਸ਼ ਦਿੰਦੀਆਂ ਹਨ:-




ਸੱਚ ਤੈਨੂੰ ਬੁਲਾ ਰਿਹਾ
ਰੌਲਾ ਪਾ ਰਿਹਾ
ਪਰ ਉਸ ਦੀ ਕੋਈ
ਸੁਣਨਾ ਚਾਹੁੰਦਾ ਹੀ ਨਹੀਂ
ਝੂਠ ਦੇ ਸਫ਼ਓਮਪ;ਰ 'ਚ
ਇੰਨਾ ਅੱਗੇ ਲੰਘ ਚੁੱਕਿਆ

ਕਿ ਹੁਣ ਕੋਈ ਪਿੱਛੇ
ਮੁੜਨਾ ਚਾਹੁੰਦਾ ਹੀ ਨਹੀਂ
ਸੱਚ ਪੁਕਾਰ ਰਿਹਾ
ਉਸ ਦੇ ਵੱਲ ਮੁੜੋ
ਛੱਡ ਝੂਠ ਦਾ ਪੱਲਾ
ਸੱਚ ਦੇ ਨਾਲ ਤੁਰੋ।

48 ਪੰਨਿਆਂ ਦੀ ਇਹ ਪੁਸਤਕ ਸੁਖਮਨ ਕੌਰ ਧਾਲੀਵਾਲ ਦੇ ਸਫ਼ਰ ਦਾ ਪਹਿਲਾ ਕਦਮ ਹੈ। ਜਿਸ ਤੋਂ ਸਾਹਿਤ ਜਗਤ ਨੂੰ ਭਰਪੂਰ ਉਮੀਦਾਂ ਦੀ ਆਸ ਬੱਝਦੀ ਹੈ। ਸ੍ਰੀ ਸੁੱਖੀ ਬਾਠ ਵਰਗਿਆਂ ਦੀ ਸਰਪ੍ਰਸਤੀ ਉਸ ਨੂੰ ਬੁਲੰਦੀ ਬਖਸ਼ੇਗੀ। ਉਸ ਕੋਲੋਂ ਹੋਰ ਵੀ ਸੋਹਣੀਆਂ ਤੇ ਸੁਚੱਜੀਆਂ ਕਵਿਤਾਵਾਂ ਤੇ ਕਹਾਣੀਆਂ ਦੀ ਉਮੀਦ ਰੱਖਦਾ ਹੋਇਆ ਸਾਹਿਤ ਜਗਤ ਵਿਚ ਨਿੱਘਾ ਸਵਾਗਤ ਕਰਦਾ ਹਾਂ।

## ਗੁ. ਮਾਤਾ ਸਾਹਿਬ ਕੌਰ ਜੀ ਹਮਿਲਟਨ ਵਿਖੇ ਹੋਏ 8 ਦਿਨਾਂ ਸਮਾਗਮ ਸੰਪੰਨ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਜਦੋਂ ਇਹ ਸੁੰਦਰ ਲਾਈਨਾਂ ਕਿ ''ਕਲਗੀਧਰ ਦਸ਼ਮੇਸ਼ ਪਿਤਾ ਜੇਹਾ, ਦੁਨੀਆਂ ਤੇ ਕੋਈ ਹੋਇਆ ਨਾ, ਚਾਰ ਪੁੱਤਰ ਹਨੇ ਵਤਨਾਂ ਤੋਂ ਵਾਰੇ, ਇੱਕ ਵੀ ਲਾਲ ਲਕੋਇਆ ਨਾ॥ ਕੰਨਾਂ ਵਿਚ ਗੂੰਜਦੀਆਂ ਹਨ, ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਕੁਰਬਾਨੀ ਸਾਨੂੰ ਆਪਣੇ ਕਿਰਦਾਰਾਂ ਵੱਲ ਨਜ਼ਰ ਮਾਰ ਕੇ ਵੱਡਾ ਹਲੂਣਾ ਦਿੰਦੀ ਹੈ। ਅਜਿਹੀਆਂ ਕੁਰਬਾਨੀਆਂ ਨੂੰ ਯਾਦ ਕਰਵਾਉਣ ਵਾਸਤੇ ਸਾਡੇ ਪ੍ਰਚਾਰਕ ਦੇਸ਼-ਵਿਦੇਸ਼ ਧਾਰਮਿਕ ਫੇਰੀ ਉਤੇ ਰਹਿੰਦੇ ਹਨ। ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਇਨ੍ਹੀਂ ਦਿਨੀਂ ਨਿਊਜ਼ੀਲੈਂਡ ਦੇ ਫੇਰੇ ਉਤੇ ਹਨ। ਬੀਤੇ ਦਿਨੀਂ ਗੁਰਦੁਆਰਾ ਮਾਤਾ ਸਾਹਿਬ ਕੌਰ ਹਮਿਲਟਨ ਵਿਖੇ 8 ਦਿਨਾਂ ਗੁਰਮਤਿ ਸਮਾਗਮ ਹੋਏ। ਇਸ ਮੌਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਤੇ ਇਤਿਹਾਸਕ ਪੱਖ ਉਤੇ ਗੁਰਮਤਿ ਵਿਚਾਰਾਂ ਰੱਖਦਿਆਂ ਭਾਈ ਹਰਜਿੰਦਰ ਸਿੰਘ ਮਾਝੀ ਹੋਰਾਂ ਕਿਹਾ ਕਿ ''ਦੁਨੀਆਂ ਦੇ ਇੱਕੋ ਇੱਕ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ , ਜਿੰਨਾ ਨੂੰ ਸਰਬੰਦਾਨੀ ਕਿਹਾ ਜਾਂਦਾ ਹੈ। ਕਲਗੀਧਰ ਪਿਤਾ ਜੀ ਨੇ ਆਪਣਾ ਸਰਬੰਸ ਕੁਰਬਾਨ ਕਰਵਾ ਕੇ ਸਾਨੂੰ ਅਪਣੀ ਗੋਦੀ 'ਚ ਬਿਠਾਇਆ ਹੈ। ਇੰਨ੍ਹਾਂ ਸ਼ਹਾਦਤਾਂ ਦੇ ਦਿਨਾਂ ਵਿਚ ਸਾਨੂੰ ਸਵੈ-ਪੜਚੋਲ ਕਰਨ ਦੀ ਲੋੜ ਹੈ ਕਿ ਅਸੀਂ ਦਸਮੇਸ਼ ਪਿਤਾ ਜੀ ਦੀ ਗੋਦ ਛੱਡ ਕਿਸੇ ਹੋਰ ਪਾਸੇ ਤਾਂ ਨਹੀ ਭਟਕ ਰਹੇ।?'' ਉਨ੍ਹਾਂ ਇਤਿਹਾਸ ਦੀ ਖੋਜ ਭਰਪੂਰ ਚਰਚਾ ਕਰਦਿਆਂ ਕਿਹਾ ਕਿ ''ਚਮਕੌਰ ਦੇ ਮੈਦਾਨੇ ਜੰਗ 'ਚ ਅਣਗਿਣਤ ਫੌਜਾਂ ਦੇ ਮੁਕਾਬਲੇ ਗੁਰੂ ਸਾਹਿਬ 'ਤੇ ਪੂਰਾ ਯਕੀਨ ਰੱਖਣ ਵਾਲੇ ਅਤੇ ਗੁਰੂ ਦੇ ਪਿਆਰ 'ਚ ਭਿੱਜੇ 40 ਸਿੱਖਾਂ ਨੇ ਵਿਸ਼ਵ ਦਾ ਅਨੋਖਾ ਯੁੱਧ ਲੜਿਆ। ਕਲਗੀਧਰ ਪਿਤਾ ਨੇ ਆਪਣੇ ਨੌਜਵਾਨ ਪੁੱਤਰਾਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨੂੰ ਖ਼ੁਦ ਮੈਦਾਨੇ ਜੰਗ 'ਚ ਭੇਜਕੇ, ਆਪਣੇ ਅੱਖੀਂ ਜ਼ਾਲਿਮ ਨਾਲ ਲੜਕੇ ਸ਼ਹੀਦੀ ਪਾਉਂਦੇ ਸਾਹਿਬਜ਼ਾਦਿਆਂ ਤੱਕ ਕੇ ਸ਼ੁੱਕਰਾਨੇ ਦੇ ਜੈਕਾਰੇ ਛੱਡੇ।'' ਭਾਵਨਾ ਵਿਚ ਨਮ ਹੋਈਆਂ ਸੰਗਤਾਂ ਨੂੰ ਤੱਕ ਕੇ ਭਾਈ ਮਾਝੀ ਨੇ ਹਾਜ਼ਰ ਸੰਗਤ ਨੂੰ ਕਿਹਾ ਕਿ ''ਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਲਾਇਕ ਪੁੱਤਰ - ਧੀਆਂ ਬਣਕੇ ਅਪਣਾ ਜੀਵਨ ਸਫਲ ਬਣਾਉਣ ਲਈ ਪ੍ਰੇਰਿਤ ਹੋਈਏ।''





ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਹਰਜਿੰਦਰ ਸਿੰਘ ਮਾਝੀ ਹੋਰਾਂ ਦਾ ਇਕ ਹਫਤੇ ਦੇ ਦੀਵਾਨ ਲਈ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ''ਗੁਰਮਤਿ ਸਮਾਗਮ ਦੌਰਾਨ ਹਾਜ਼ਰ ਸੰਗਤ ਦੇ ਵਿਲੱਖਣ ਸਿੱਖ ਇਤਿਹਾਸ ਨੂੰ ਮਹਿਸੂਸ ਕਰਦਿਆ ਅੱਖਾਂ ਵਿੱਚੋ ਅੱਥਰੂ ਛਲਕ ਰਹੇ ਸਨ ਅਤੇ ਸੰਗਤ ਆਪਣੇ ਆਪ ਨੂੰ ਪ੍ਰੇਰਿਤ ਹੋਈ ਮਹਿਸੂਸ ਕਰਦੀ ਸੀ।''

# ਚਮਕੌਰ ਦੀ ਜੰਗ (21-23, ਦਸੰਬਰ 1704)



ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ ਜਹਾਂਗੀਰ 3 ਨਵੰਬਰ, 1605 ਨੂੰ ਤਖਤ 'ਤੇ ਬੈਠਾ। ਉਸਦੇ ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਰੂਹਾਨੀ ਅਗਵਾਈ ਦੂਸਰੀ ਸੰਸਾਰਕ ਅਗਵਾਈ ਦੀ। ਉਹਨਾਂ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋ ਕੇ ਸੰਤ-ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਿਤ ਫੌਜ ਵਜੋਂ ਜਥੇਬੰਦ ਕੀਤਾ। ਜਿਸ ਹੇਠ ਗੁਰੂ ਸਾਹਿਬ ਜੀ ਨੇ ਜੰਗਾਂ ਵੀ ਜਿੱਤੀਆਂ।

ਮਾਰਚ 30, 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਮੁਗਲ ਬਾਦਸ਼ਾਹ ਔਰੰਗਜੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸਨੇ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਹੋਈ ਸੀ। ਜ਼ੁਲਮ ਦਾ ਭਿਆਨਕ ਸਮਾਂ ਆਉਂਦਾ ਜਾਣ ਕੇ ਉਹਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸ਼ਤਰ ਅਤੇ ਸ਼ਾਸਤਰ ਅਭਿਆਸ ਵਿਚ ਨਿਪੁੰਨ ਕੀਤਾ। ਇਕ ਅਜਿਹੀ ਦ੍ਰਿੜ੍ਹ ਸ਼ਖਸੀਅਤ ਬਣਾਇਆ ਕਿ ਆਪਣੇ ਗੁਰ-ਪਿਤਾ ਜੀ ਨੂੰ ਧਰਮ ਦੀ ਰੱਖਿਆ ਕਰਨ ਲਈ ਕੁਰਬਾਨ ਹੋਣ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਹਨਾਂ ਦਾ ਸਾਹਿਬਜ਼ਾਦਾ ਸਿੱਖ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਲਾਸਾਨੀ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ। ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਉਹਨਾਂ ਜਾਣ ਲਿਆ ਕਿ ਹੁਣ ਧਰਮ ਅਤੇ ਸਵੈ-ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ ਜੂਝਣ ਤੋਂ ਬਿਨਾਂ ਕੋਈ ਚਾਰਾ ਨਹੀਂ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਸਾਹਿਬ ਜੀ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦਾ ਡੂੰਘਾ ਅਧਿਐਨ ਕੀਤਾ। ਉਹ ਮੁਗਲਾਂ ਦੇ ਸਮੇਂ ਸਮੇਂ ਕੀਤੇ ਜ਼ੁਲਮਾਂ ਤੋਂ ਜਾਣੂ ਹੋਏ। ਗੁਰੂ ਸਾਹਿਬ ਜੀ ਨੇ ਅਜਿਹੇ ਹਾਲਾਤਾਂ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਕੌਮ ਵਿਚ ਚੜ੍ਹਦੀਕਲਾ ਦਾ ਜਜ਼ਬਾ ਭਰਨ ਲਈ 1699 ਈ: ਵਿਚ ਖਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ ਤੇ ਪਹਿਰਾ ਦਿੱਤਾ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖਾਲਸਾ ਫੌਜੀ ਬਣਾਉਣਾ ਸੀ। ਵਿਉਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਜੀ ਨੂੰ ਉਥੇ ਹੀ ਟਿਕ ਜਾਣ ਲਈ ਜਗ੍ਹਾ ਦਿੱਤੀ। ਗੁਰੂ ਸਾਹਿਬ ਜੀ ਨੇ ਪਾਉਂਟਾ ਕਿਲਾ ਉਸਾਰ ਲਿਆ। ਗੁਰੂ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈਅ-ਭੀਤ ਸਨ। ਮੁਗਲ ਬਾਦਸ਼ਾਹ ਔਰੰਗਜੇਬ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਖ਼ੂਨੀ ਇਰਾਦਾ ਬਣਾ ਲਿਆ। ਇਸ ਲਈ ਜ਼ੁਲਮ ਖਿਲਾਫ ਟੱਕਰ ਹੋਣੀ ਲਾਜਮੀ ਸੀ। ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਜਿਵੇਂ ਭੰਗਾਣੀ, ਨੰਦੌਨ, ਗੁਲੇਰ ਹੁਸੈਨੀ, ਆਨੰਦਪੁਰ ਦੀ ਪਹਿਲੀ ਜੰਗ, ਨਿਰਮੋਹ, ਸਤਲੁਜ, ਬਸੌਲੀ, ਆਨੰਦਪੁਰ ਦੀ ਦੂਜੀ ਜੰਗ, ਸ਼ਾਹੀ ਟਿੱਬਾ, ਸਿਰਸਾ, ਖਿਦਰਾਣਾ ਅਤੇ ਵਿਸ਼ੇ ਅਧੀਨ ਚਮਕੌਰ ਸਾਹਿਬ ਦੀ ਜੰਗ।

ਚਲਦੀਆਂ ਜੰਗਾਂ ਵਿਚ ਆਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਸੈਨਿਕ ਤੰਗ ਆ ਚੁੱਕੇ ਸਨ। ਮੁਗਲ ਫੌਜਾਂ ਨੇ ਆਨੰਦਪੁਰ ਦਾ ਕਿਲਾ ਗੁਰੂ ਸਾਹਿਬ ਪਾਸੋਂ ਖਾਲੀ ਕਰਵਾਉਣ ਲਈ ਖਾਸ ਸਿਖਲਾਈ ਪ੍ਰਾਪਤ ਕੀਤੀ ਹੋਈ ਸੀ। ਫੌਜ ਦੇ ਘੇਰੇ ਵਿਚ ਗੁਰੂ ਸਾਹਿਬ ਜੀ ਕਿਲੇ ਵਿਚ ਡਟੇ ਹੇ। ਲੰਮੀ ਉਡੀਕ ਤੋਂਬਾਅਦ ਵੈਰੀ ਮਕਾਰੀ ਤੇ ਉਤਾਰ ਆਏ। ਉਹਨਾਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਸਾਹਿਬ ਜੀ ਆਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਨੇ 20 ਦਸੰਬਰ 1704 ਦੀ ਸਰਦ ਰਾਤ ਨੂੰ 400 ਸਿੰਘਾਂ ਸਮੇਤ ਆਨੰਦਪੁਰ ਛੱਡ ਦਿੱਤਾ।

ਸਿਆਲ ਦੀ ਕਕਰੀਲੀ ਤੂਫਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਿਰਸਾ ਨਦੀ ਤੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਦੁਸ਼ਮਣ ਦਾ ਰਾਹ ਰੋਕ ਕੇ ਲੜਦੇ ਰਹੇ। ਬਾਕੀਆਂ ਨੂੰ ਸਿਰਸਾ ਪਾਰ ਕਰਵਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ। ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਇਸ ਅਸਥਾਨ ਤੇ ਇਹਨਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਉਥੇ ਗੁਰਦੁਆਰਾ ਸਾਹਿਬ 'ਪਰਿਵਾਰ ਵਿਛੋੜਾ' ਸੁਸ਼ੋਭਿਤ ਹੈ। ਸਿਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਕੇ ਠਾਹਰ ਬਣਾਈ।

ਚੌਧਰੀ ਬੁਧੀਚੰਦ ਜ਼ਿਮੀਦਾਰ ਨੇ ਕਿਹਾ ਕਿ ਗੁਰੂ ਜੀ ਦੁਸ਼ਮਣ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉਚੀ ਹਵੇਲੀ ਕੱਚੀ-ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖਾਲਸੇ ਦਾ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣਾ ਹੈ। ਇੱਥੇ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਜੀ ਨ ਆਪਣੀ ਫੌਜੀ ਸੂਝ ਨਾਲ ਕੱਚੀ ਗੜ੍ਹੀ ਨੂੰ ਰਣਨੀਤੀ ਦੇ ਆਧਾਰ ਤੇ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਲਾਗਲੇ ਮੈਦਾਨਾਂ ਵਿਚ ਪਹੁੰਚ ਚੁੱਕੀਆਂ ਸਨ। ਇਕ ਪਾਸੇ ਗੁਰੂ ਜੀ ਦੇ ਨਾਲ ਲੰਮੇ ਜੰਗਾਂ ਦੀ ਥਕਾਵਟ ਨਾਲ ਸਤਾਏ ਭੁੱਖਣਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਸਨ। ਗੁਰੂ ਜੀ ਨੇ ਕਥਨ ਅਨੁਸਾਰ ਦੁਸ਼ਮਣ ਦੀ ਫੌਜ ਦੀ ਗਿਣਤੀ 10 ਲੱਖ ਸੀ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇੱਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਦੁਸ਼ਮਣ ਦੇ ਮੁੱਖ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਤੀਰ ਨਾਲ ਉਸਨੂੰ ਉਡਾ ਦਿੱਤਾ। ਫਿਰ ਗਨੀ ਖਾਨ ਅੱਗੇ ਆਇਆ। ਗੁਰੂ ਜੀ ਨੇ ਉਸਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈ-ਭੀਤ ਹੋ ਗਈਆਂ। ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇੱਕੋ ਹੱਲੇ ਨਾਲ ਕੱਚੀ ਗੜ੍ਹੀ ਸਰ ਕਰ ਲਈ ਜਾਵੇ ਤਾਂ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ। ਤਦ ਜਰਨੈਲ ਹਦਾਇਤ ਖਾਂ, ਇਜ਼ਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜ਼ਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉਚੀ ਮਮਟੀ ਤੇ ਚਲੇ ਗਏ। ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਗੜ੍ਹੀ ਦੇ ਮੁੱਖ ਦੁਆਰ ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜ਼ੇ ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀਕਲਾ ਵਿਚ ਸਨ। ਉਹਨਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਯੁੱਧਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਖੰਡਾ ਖੜਕਿਆ। ਤੀਰ ਨੇਜ਼ੇ ਤਲਵਾਰਾਂ ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਯੁੱਧ ਦਾ ਮੈਦਾਨ ਮਘ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਦਾ ਹੈ। ਚਮਕੌਰ ਦੀ ਧਰਤੀ ਖ਼ੂਨ ਨਾਲ ਰੰਗੀ ਗਈ। ਖ਼ੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਦਿਖਾਉਂਦੇ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜੱਥਾ ਮੈਦਾਨ ਵਿਚ ਉਤਾਰਿਆ, ਉਹ ਵੀ ਅਨੇਕਾਂ ਦੁਸ਼ਮਣਾਂ ਦਾ ਮੁਕਾਬਲੇ ਕਰਦੇ ਮਾਰ ਮੁਕਾਉਂਦੇ ਸ਼ਹੀਦੀ ਪਾ ਗਿਆ।

ਹੁਣ ਸਿੰਘ ਜਾਣ ਗਏ ਸਨ ਕਿ ਇੰਨੇ ਵੱਡੇ ਲਾਮ ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸਚਿਤ ਹਨ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ- ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ। ਗੁਰਾਂ ਨੇ ਆਪਣੇ ਹੱਥੀਂ ਸ਼ਸ਼ਤਰ ਦੇ ਕੇ ਅੱਠ ਸਿੰਘਾਂ ਦਾ ਜਥਾ ਨਾਲ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਤੇ ਵੈਰੀ ਦੀਆਂ ਛਾਤੀਆਂ ਵਿੰਨ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਗਏ ਪਰ ਸਾਹਿਬਜ਼ਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟਦੇ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ ਘੋੜਾ ਜ਼ਖਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਠੇ ਪੈ ਗਏ, ਵੈਰੀ ਨੇ ਇਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ ਪਰ ਸਾਹਿਬਜ਼ਾਦੇ ਦੇ ਜੌਹਰ ਤੇ ਉਹਨਾਂ ਨੂੰ ਮਾਣ ਸੀ। ਉਹਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਹਨਾਂ ਨੇ ਗੁਰ ਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਨਾਲ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜ਼ਾਂ ਸੂਤ ਲਿਆ। ਉਹ ਜਿੱਧਰ ਵੀ ਨੇਜ਼ਾ ਘੁੰਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। 'ਸਵਾ ਲਾਖ ਸੇ ਏਕ ਲੜਾਊਂ' ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਉਹ ਫਿਰ ਵੀ ਤੇਗ ਵਾਹੁੰਦੇ ਗਏ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਦੇ ਛਿਪਣ ਤੱਕ ਜੰਗ ਜਾਰੀ ਰਹੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਮੈਂ ਅਕਾਲ ਪੁਰਖ ਦੀ ਅਮਾਨਤ ਅਦਾ ਕੀਤੀ।

ਸੂਰਜ ਛਿਪਣ ਤੇ ਜੰਗ ਖਤਮ ਹੋਈ। ਸਿੰਘ ਗੁਰੂ ਜੀ ਨਾਲ ਕੱਚੀ-ਗੜ੍ਹੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਜੰਗ ਜਾਰੀ ਰਹੇਗੀ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਹੁਣ ਖਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਦਿਖਾਉਣੀ। ਧਰਮ ਹੇਤ ਕੁਰਬਾਨ ਹੋਣਾ ਹੈ। ਕੱਚੀ ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਓ।ਪੰਜ ਪਿਆਰਿਆਂ ਦੀ ਗੁਰੂ ਜੀ ਨਾਲ ਗੱਲ ਕਰਨ ਦੀ ਚੋਣ ਨਾਲ ਭਾਈ ਦਯਾਸਿੰਘ ਜੀ ਦੀ ਅਗਵਾਈ ਹੇਠ, ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਸੁਰੱਖਿਅਤ ਚਲੇ ਜਾਓ। ਪੰਜ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਗੁਰੂ ਜੀ ਨੇ ਦ੍ਰਿੜ੍ਹ ਹੋ ਕੇ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਸੁਣਾਇਆ। ਆਪਣੇ ਹਮ ਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ਼ ਉਤੇ ਖੜ੍ਹੇ ਹੋ ਕੇ ਵੰਗਾਰਿਆ ਕਿ 'ਪੀਰੇ ਹਿੰਦ ਮੇ ਰਵੱਦ'- ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਇੱਕਦਮ ਹੜਬੜੀ ਮੱਚ ਗਈ। ਰਾਹ ਵਿਚ ਮਿਸ਼ਾਲਚੀ ਪਹਿਰੇ ਤੇ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਫਿਰ ਤੋਂ 23 ਦਸੰਬਰ, 1704 ਦੀ ਸਵੇਰ ਨੂੰ ਦੁਸ਼ਮਣ ਨੇ ਹੱਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲ ਆਏ। ਜਮ ਕੇ ਟਾਕਰਾ ਹੋਇਆ। ਸਿੰਘਾਂ ਨੇ ਕਈ ਦੁਸ਼ਮਣਾਂ ਨੂੰ ਮਾਰ ਮੁਕਾਇਆ। ਗੁਰੂ ਦੇ ਰਾਹ ਤੇ ਗੁਰੂ ਦੇ ਵਾਅਦੇ ਤੇ ਵਾਰੋ-ਵਾਰੀ ਸ਼ਹੀਦੀਆਂ ਪਾ ਗਏ। ਉਹਨਾਂ ਨਿਡਰ ਯੋਧਿਆਂ ਦੀ ਲਾਸਾਨੀ ਕੁਰਬਾਨੀ ਕੌਮ ਵਿਚ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖਬਰ ਹੋਈ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ ਹਨ। ਪਰ ਇਹ ਤਾਂ ਇਕ ਭੁਲੇਖਾ ਸੀ।

ਗੁਰੂ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ ਸਨ। ਕੁਝ ਦਿਨਾਂ ਬਾਅਦ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਵੀ ਗੁਰੂ ਜੀ ਦੇ ਕੋਲ ਜਾ ਪਹੁੰਚੇ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ, ਗੁਰੂ ਜੀ ਨੂੰ ਇੱਥੇ ਹੀ ਮਿਲੀ। ਗੁਰੂ ਜੀ ਨੇ 'ਕਾਈ ਦੇ ਬੂਟੇ' ਨੂੰ ਉਖੇੜ ਕੇ ਫੁਰਮਾਇਆ ਕਿ ''ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।'

ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਕਵਿਤਾ ਵਿਚ ਚਿੱਠੀ ਲਿਖੀ, ਜਿਸਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ। ਉਸ ਵਿਚ ਵੀ ਚਮਕੌਰ ਦੀ ਜੰਗ ਦਾ ਬਿਰਤਾਂਤ ਹੈ।

## ਬੈਂਤ ਵਲੋਂ ਤਰਲੋਚਨ ਸਿੰਘ ਦੁਪਾਲ ਪੁਰ

# ਦਰਦ ਕਿਸਾਨਾ ਦਾ !



ਸੱਪਾਂ ਦੀਆਂ ਸਿਰੀਆਂ ਨੂੰ ਮਿੱਧਦੇ ਨਾ ਦੇਖੇ ਕੋਈ
ਤੜਕੇ ਜਾਂ ਅੱਧੀ ਰਾਤੀਂ ਖੇਤੀਂ ਆਤੇ ਜਾਤਿਆਂ ਨੂੰ।
ਖ਼ੂਨ ਹੀ ਨਚੋੜੀ ਜਾਂਦੇ ਕਿਰਤੀ ਕਿਸਾਨਾਂ ਦਾ ਜੀ
ਦੋਹੀਂ ਹੱਥੀਂ ਭਰਦੇ ਅਡਾਨੀਆਂ ਦੇ ਖਾਤਿਆਂ ਨੂੰ।
ਅੱਥਰੂ ਗੈਸ' ਦੇ ਗੋਲ਼ੇ ਛੱਡ ਕੇ ਭਜਾਈ ਜਾਂਦੇ
ਬੈਠ ਕੇ ਸਰਹੱਦਾਂ ਉੱਤੇ ਦੁੱਖੜੇ ਬਤਾਤਿਆਂ ਨੂੰ।
ਹੁੰਦੀ ਏ ਕਮਾਈ ਫਟਕੜੀ ਬਿਨਾਂ ਹਿੰਗ ਲੱਗੇ
ਏ।ਸੀ ਰੂਮਾਂ ਵਿੱਚ ਬੈਠੇ ਧੋਤਿਆਂ ਤੇ ਨ੍ਹਾਤਿਆਂ ਨੂੰ।
ਦੁਖੀਆਂ ਦੇ 'ਕੱਠ ਦਾ 'ਇਲਾਜ' ਏਹੀ ਦੂਰ ਕਰੇ
ਸੱਤਾ ਧਾਰੀਆਂ ਦੇ ਅੱਖੀਂ ਹੋ ਗਏ ਅੰਧਰਾਤਿਆਂ ਨੂੰ।
ਹੱਕੀ ਮੰਗਾਂ ਪੂਰੀਆਂ ਕਰਾਣੇ ਲਈ ਵੀ ਦੇਖੋ ਲੋਕੋ
ਰੱਖਣੇ 'ਮਰਨ-ਵਰਤ' ਪੈਂਦੇ 'ਅੰਨ ਦਾਤਿਆਂ' ਨੂੰ !

-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

## ਕ੍ਰਿਸਮਸ ਵਾਲੇ ਦਿਨ ਯਾਤਰੀਆਂ ਨਾਲ ਭਰੀ ਕਿਸ਼ਤੀ ਸਮੁੰਦਰ 'ਚ ਪਲਟੀ, ਇਕ ਦੀ ਮੌਤ; 20 ਲੋਕ ਬਚਾਏ



**ਪਣਜੀ-** ਗੋਆ ਦੇ ਕਲੰਗੂਟ ਬੀਚ 'ਤੇ ਹਾਦਸਾ ਹੋਣ ਦੀ ਖਬਰ ਹੈ। ਇੱਥੇ ਅਰਬ ਸਾਗਰ ਵਿੱਚ ਸੈਲਾਨੀਆਂ ਦੀ ਇੱਕ ਕਿਸ਼ਤੀ ਪਲਟ ਗਈ। ਇਸ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ 20 ਲੋਕਾਂ ਨੂੰ ਬਚਾ ਲਿਆ ਗਿਆ ਹੈ। ਇਸ ਹਾਦਸੇ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਦੁਪਹਿਰ ਕਰੀਬ 1.30 ਵਜੇ ਵਾਪਰੀ। ਇਸ ਘਟਨਾ ਬਾਰੇ ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ, ''ਇਕ 54 ਸਾਲਾ ਵਿਅਕਤੀ ਦੀ ਕਿਸ਼ਤੀ ਪਲਟਣ ਨਾਲ ਮੌਤ ਹੋ ਗਈ, ਜਿਸ 'ਚ ਉਹ ਸਫਰ ਕਰ ਰਿਹਾ ਸੀ ਅਤੇ 20 ਹੋਰਾਂ ਨੂੰ ਬਚਾਇਆ ਗਿਆ ਅਤੇ ਇਲਾਜ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ।'' ਉਨ੍ਹਾਂ ਕਿਹਾ ਕਿ ਦੋ ਯਾਤਰੀਆਂ ਨੂੰ ਛੱਡ ਕੇ ਬਾਕੀ ਸਾਰੇ ਲਾਈਫ ਜੈਕਟਾਂ ਪਹਿਨੇ ਹੋਏ ਸਨ।ਉਨ੍ਹਾਂ ਦੱਸਿਆ ਕਿ ਯਾਤਰੀਆਂ 'ਚ ਛੇ ਸਾਲ ਤੱਕ ਦੇ ਬੱਚੇ ਅਤੇ ਔਰਤਾਂ ਸ਼ਾਮਲ ਹਨ। ਸਰਕਾਰ ਦੁਆਰਾ ਨਿਯੁਕਤ ਜੀਵਨ ਰੱਖਿਅਕ ਏਜੰਸੀ ਦ੍ਰਿਸ਼ਟੀ ਮਰੀਨ ਦੇ ਬੁਲਾਰੇ ਨੇ ਕਿਹਾ ਕਿ ਕਿਸ਼ਤੀ ਸਮੁੰਦਰੀ ਤੱਟ ਤੋਂ ਲਗਭਗ 60 ਮੀਟਰ ਦੀ ਦੂਰੀ 'ਤੇ ਪਲਟ ਗਈ, ਨਤੀਜੇ ਵਜੋਂ ਸਾਰੇ ਯਾਤਰੀ ਸਮੁੰਦਰ ਦੇ ਪਾਣੀ ਵਿੱਚ ਡਿੱਗ ਗਏ। ਉਨ੍ਹਾਂ ਦੱਸਿਆ ਕਿ ਕਿਸ਼ਤੀ 'ਤੇ ਸਵਾਰ ਯਾਤਰੀਆਂ 'ਚ ਮਹਾਰਾਸ਼ਟਰ ਦੇ ਖੇੜ ਦੇ 13 ਮੈਂਬਰਾਂ ਦਾ ਪਰਿਵਾਰ ਵੀ ਸ਼ਾਮਲ ਸੀ। ਜੀਵਨ ਬਚਾਉਣ ਵਾਲੀ ਏਜੰਸੀ ਦ੍ਰਿਸ਼ਟੀ ਮਰੀਨ ਦੇ ਬੁਲਾਰੇ ਨੇ ਅੱਗੇ ਦੱਸਿਆ ਕਿ ਜ਼ਖਮੀ ਯਾਤਰੀਆਂ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ। ਇਸ ਦੇ ਨਾਲ ਹੀ ਗੰਭੀਰ ਰੂਪ ਨਾਲ ਜ਼ਖਮੀ ਹੋਏ ਲੋਕਾਂ ਨੂੰ ਐਂਬੂਲੈਂਸ ਦੀ ਮਦਦ ਨਾਲ ਮੈਡੀਕਲ ਹਸਪਤਾਲ ਪਹੁੰਚਾਇਆ ਗਿਆ। ਜ਼ਖਮੀਆਂ ਵਿੱਚ ਛੇ ਅਤੇ ਸੱਤ ਸਾਲ ਦੇ ਦੋ ਬੱਚੇ ਅਤੇ 25 ਅਤੇ 55 ਸਾਲ ਦੀਆਂ ਦੋ ਔਰਤਾਂ ਸ਼ਾਮਲ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ। ਉਸ ਨੇ ਅੱਗੇ ਕਿਹਾ ਕਿ ਕਿਸ਼ਤੀ 'ਤੇ ਸਵਾਰ ਦੋ ਵਿਅਕਤੀਆਂ ਨੇ ਲਾਈਫ ਜੈਕਟ ਨਹੀਂ ਪਾਈ ਹੋਈ ਸੀ।

# "ਮਾਤਾ ਗੁਜਰੀ ਜੀ"



ਨੌਵੇਂ ਪਾਤਸ਼ਾਹ ਜੀ ਕੀਤੀ ਜਿੱਥੇ ਬੈਠ ਭਗਤੀ
ਪਹਿਰਾ ਦਿੱਤਾ ਦਰਵਾਜ਼ੇ ਬਣ ਨਾਰੀ ਸ਼ਕਤੀ
ਬਣੀ ਦੁਨੀਆਂ ਦੀ ਸ਼ੇਰ ਦਿਲ ਨਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਭਰ ਜੋਬਨ 'ਚ ਪਤੀ ਧਰਮ ਦੇ ਲਾਇਆ ਲੇਖੇ
ਬਹੁਤ ਜ਼ਿੰਦਗੀ ਚ ਉਤਰਾਵ 'ਤੇ ਚੜਾਅ ਦੇਖੇ
ਕਦੇ ਸਮੇਂ ਨਾਲ ਅੜਾਈ ਨਹੀਂ ਗਰਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਪਤੀ ਤੋਰ ਦਿੱਲੀ ਪੁੱਤ ਲਈ ਢਾਲ ਬਣ ਗਈ
ਦੁੱਖਾਂ ਦੀ ਭੱਠੀ ਪੈ ਕੇ ਲੋਹਾ ਲਾਲ ਬਣ ਗਈ
ਸੰਤੋਖ, ਸਬਰ, ਸਹਿਣਸ਼ੀਲਤਾ ਚ ਭਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਵਿੱਛੜਗੀ ਨੂੰਹ ਪੋਤੇ ਛਾਤੀ ਨਾਲ ਲਾ ਲਏ
ਦਿਲ ਵਾਲੇ ਗਮ ਸਾਰੇ ਦਿਲ ਚ ਦਬਾ ਲਏ
ਦੋਸ਼ ਡਾਢੇ ਨੂੰ ਨਹੀਂ ਦਿੱਤਾ ਆਖ ਮਾੜੀ ਮਾਤਾ ਗੁਜਰੀ
ਜਿਵੇਂ ਵਾਹਿਗੁਰੂ ਨੇ ਚਾਹਿਆ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਦੇਖੇ ਨਹੀਂ ਸਿੰਘ ਕਦੇ ਗੁਰੂ ਜੀ ਤੋਂ ਕਰ ਅੱਡ
ਸਭ ਨੂੰ ਪਿਆਰ ਉਹਨਾਂ ਕੀਤਾ ਵੱਧ ਤੋਂ ਵੀ ਵੱਧ
ਸਿਮਰਨ, ਸੇਵਾ ਤੇ ਮਿਠਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਮੰਨ ਕੇ ਹੁਕਮ ਛੱਡ ਅਨੰਦਪੁਰ ਚੱਲ ਪਈ
ਧੀਰਜ ਤੇ ਸਬਰ ਦਾ ਮਿੱਠਾ ਫਲ ਗੱਲ ਕਹੀ
ਕਹਿਰਵਾਨ ਠੰਢ ਵੀ ਨਹੀਂ ਠਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਸਰਸਾ ਤੋਂ ਨੂੰਹਾਂ ਪੁੱਤ ਪੋਤਿਆਂ ਤੋਂ ਹੋ ਕੇ ਅੱਡ
ਚੜਦੀ ਕਲਾ 'ਚ ਲੱਗੇ ਛੋਟੇ ਲਾਲਾਂ ਨਾਲ਼ ਵੱਖ
ਕੁੰਮੇ ਮਾਸਕੀ ਦੀ ਛੰਨ ਆਕੇ ਤਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਪੁੱਤ ਕਿੱਥੇ ਪੋਤੇ ਕਿੱਥੇ ਨੂੰਹਾਂ ਦਾ ਨਹੀਂ ਪਤਾ ਪਾਇਆ
ਕੀ ਬਣੂੰ 'ਕੱਲਿਆਂ ਦਾ ਕਦੇ ਸੋਚਕੇ ਨਾ ਹੰਝੂ ਆਇਆ
ਸੇਵਾ, ਸਿਮਰਨ ਵਿੱਚ ਪਕਿਆਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਤਰ ਗਈ ਲੱਛਮੀ ਮਾਈ ਭੋਜਨ ਛਕਾ ਕੇ
ਨੂੰਹ ਪੰਡਤਾਂ ਦੀ ਦਿਲ ਵਿਚ ਸ਼ਰਧਾ ਜਿਤਾ ਕੇ
ਸੀ ਆਵਾਨ ਪਿੰਡ ਤਾਣੀ ਫੁਲਕਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਲਾਹਣਤਾਂ ਦੀ ਪੰਡ ਦੇ ਗਈ ਗੰਗੂ ਤਾਈਂ ਬੰਨ੍ਹ ਕੇ
ਪੋਤੇ ਲੈ ਕੇ ਤੁਰ ਪਈ ਭਾਣਾ ਉਹਦਾ ਮੰਨ ਕੇ
ਜਾਵੇ ਲਾਲ ਦਿਆਂ ਲਾਲਾ ਤੋਂ ਬਲਿਹਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਦਿੱਤਾ ਨਹੀਂ ਉਲਾਂਭਾ ਕੋਈ ਮੋਰਿੰਡੇ ਕੋਤਵਾਲ ਨੂੰ
ਲੰਮੀਂ ਆਯੂ ਦੇਈ ਮੇਰੇ ਗੋਬਿੰਦ ਸਿੰਘ ਲਾਲ ਨੂੰ
ਰੰਗੀ ਵਾਹਿਗੁਰੂ ਦੇ ਰੰਗ ਚ ਨਿਆਰੀ ਮਾਤਾ ਗੁਜਰੀ

ਬੁਰਜ ਵੀ ਠੰਢੇ ਨੂੰ ਲਾ ਗਈ ਮਾਤਾ ਭਾਗ ਵੱਡੇ
ਕੀਤਾ ਨਾ ਮਲਾਲ ਠੰਢੀ ਹਵਾ ਲਈ ਮੋਘੇ ਛੱਡੇ
ਰਹਿ ਕੇ ਅਡੋਲ ਗਈ ਠਾਰ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਕਹਿਰਵਾਨ ਠੰਢ ਬੈਠੀ ਛਾਤੀ ਨਾਲ ਪੋਤੇ ਲਾਕੇ
ਵੈਰੀਆਂ ਦੇ ਪੇਸ਼ੀ ਪੋਤੇ ਲੈ ਗਏ ਫੌਜਦਾਰ ਆਕੇ
ਤੋਰ ਤੇ ਬਣਾ ਕੇ ਸੰਸਕਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਹੋਇਆ ਪੋਤਿਆਂ ਤੇ ਵੈਰੀਆਂ ਦਾ ਜ਼ੁਲਮ ਕਬੂਲ ਕੀਤਾ
ਦਾਦੇ ਪੜਦਾਦੇ ਦੀ ਸ਼ਹਾਦਤ ਦਾ ਖੋਲ੍ਹ ਚਿੱਠਾ
ਸੱਟ ਸੀਨੇ ਉੱਤੇ ਸਹਿ ਗਈ ਕਰਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਕਲਗੀ ਸਜਾ ਨਵੇਂ ਚੋਲੇ ਲਾਈਆਂ ਜੋੜੀਆਂ
ਦਾਦੀ ਮਾਂ ਨੇ ਪੋਤਿਆਂ ਦੀਆਂ ਗਾਈਆਂ ਘੋੜੀਆਂ
ਹੱਥੀਂ ਤੋਰੇ ਮੌਤ ਲਈ ਵਪਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਅੱਖਾਂ ਸਾਹਵੇਂ ਨੀਹਾਂ ਵਿੱਚ ਚਿਣਦਿਆਂ ਦੇਖਿਆ
ਕੱਦ ਜਿੰਨੀਂ ਕੰਧ ਹੋਈ ਮਿਣਦਿਆਂ ਦੇਖਿਆ
ਦੇਖੀ ਗਲ ਉੱਤੇ ਚੱਲਦੀ ਕਟਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਸਿਰੜ ਤੇ ਸਿਦਕ ਨਿਭਾ ਉਹ ਕਰਾਰ ਗਈ
ਜ਼ਮੀਰ ਤੇ ਅਡੋਲ ਰਹਿਕੇ ਸਾਗਰ ਤੋਂ ਪਾਰ ਗਈ
ਮਾਰ ਪੋਤਿਆਂ ਦੇ ਪਿੱਛੇ ਗਈ ਉਡਾਰੀ ਮਾਤਾ ਗੁਜਰੀ
ਜਿਵੇਂ ਵਾਹਿਗੁਰੂ ਨੇ ਚਾਹਿਆ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

ਬੀਂਬੜ ਦੇ ਮੱਟੂ ਲਿਖ ਇਤਿਹਾਸ ਦਿੱਤਾ ਸੱਚ
ਜ਼ੁਲਮ ਦੀ ਇੰਤਹਾ 'ਤੇ ਭਰ ਭਰ ਆਉਂਦਾ ਗੱਚ
ਜਿਵੇ ਗੁਜਰੀ ਤਾਂ ਉਵੇਂ ਹੀ ਗੁਜ਼ਾਰੀ ਮਾਤਾ ਗੁਜਰੀ
ਜਿਵੇਂ ਚਾਹਿਆ ਵਾਹਿਗੁਰੂ ਗੁਜ਼ਾਰੀ ਮਾਤਾ ਗੁਜਰੀ
ਭਾਣੇ ਰੱਬ ਦੇ 'ਚ ਜ਼ਿੰਦਗੀ ਗੁਜ਼ਾਰੀ ਮਾਤਾ ਗੁਜਰੀ

**ਇੰਜੀ ਸਤਨਾਮ ਸਿੰਘ ਮੱਟੂ**
9779708257



# ਕ੍ਰਿਸਮਸ 'ਤੇ ਵਿਸੇਸ

**ਹਰਜਿੰਦਰ ਸਿੰਘ ਬਸਿਆਲਾ**

ਪਿਆਰੇ ਪਾਠਕੋ, ਹਰ ਸਾਲ 25 ਦਸੰਬਰ ਵਾਲੇ ਦਿਨ ਸ਼ਾਂਤੀ ਦੇ ਮਸੀਹਾ ਪ੍ਰਭੂ ਈਸਾ ਮਸੀਹ ਦੇ ਜਨਮ ਦਿਵਸ ਦੇ ਰੂਪ ਵਿਚ ਵਿਸ਼ਵ ਦੇ ਕੋਨੇ-ਕੋਨੇ ਵਿਚ ਬੜੀ ਸ਼ਰਧਾ ਅਤੇ ਚਾਵਾਂ ਨਾਲ ਮਨਾਇਆ 'ਕ੍ਰਿਸਮਸ ਦਿਵਸ' ਜਾਂਦਾ ਹੈ। ਇਹ ਪਾਵਨ ਪੁਰਬ ਮੌਕੇ ਪਿਛਲੇ ਸੈਂਕੜੇ ਸਾਲਾਂ ਤੋਂ ਬਹੁਤ ਸਾਰੇ ਰੀਤੀ-ਰਿਵਾਜਾਂ, ਪ੍ਰੰਪਰਾਵਾਂ ਅਤੇ ਮਾਨਤਾਵਾਂ ਨੇ ਵੀ ਜਨਮ ਲਿਆ ਹੈ। ਕ੍ਰਿਸਮਸ ਦੇ ਸਭ ਤੋਂ ਪੁਰਾਣੇ ਅਤੇ ਲੋਕਪ੍ਰਿਅ ਰਿਵਾਜ਼, ਉਪਹਾਰਾਂ ਦੇ ਅਦਾਨ-ਪ੍ਰਦਾਨ ਅਤੇ ਉਸ ਨਾਲ ਜੁੜੇ ਸ਼ਾਂਤਾਕਲਾਜ਼ ਬਾਰੇ ਰੌਚਿਕ ਜਾਣਕਾਰੀ ਪੇਸ਼ ਕਰ ਰਿਹਾਂ।






ਮੰਨਿਆ ਜਾਂਦਾ ਹੈ ਕਿ ਚੌਥੀ ਸ਼ਤਾਬਦੀ ਦੇ ਬਿਸ਼ਪ, ਬੱਚਿਆਂ ਦੇ ਹਰਮਨ ਪਿਆਰੇ ਰੱਖਿਅਕ ਕਹੇ ਜਾਣ ਵਾਲੇ ਸੰਤ 'ਨਿਕੋਲਸ' ਦਾ ਨਾਂਅ ਵਿਗੜ ਕੇ ਸ਼ਾਂਤਾਕਲਾਜ਼ ਪੈ ਗਿਆ। ਪ੍ਰੇਟਰਾਸ ਵਿਚ ਇਕ ਧਨੀ ਪਾਦਰੀ ਦੇ ਘਰ ਜਨਮੇ ਨਿਕੋਲਸ ਬਚਪਨ ਤੋਂ ਹੀ ਆਪਣੇ ਸਾਥੀ ਬਾਲਕਾਂ ਨਾਲੋਂ ਕੁਝ ਅਲੱਗ ਅਤੇ ਤੀਖਣ ਬੁੱਧੀ ਦੀ ਸਮਰੱਥਾ ਰੱਖਦੇ ਸਨ। ਛੋਟਾ ਜਿਹਾ ਨਿਕੋਲਸ ਸੰਸਾਰਿਕ ਆਕਰਸ਼ਨਾਂ ਨੂੰ ਛੱਡ ਕੇ ਹਮੇਸ਼ਾ ਧਾਰਮਿਕ ਗ੍ਰੰਥ ਦੇ ਅਧਿਐਨ ਵਿਚ ਮਗਨ ਰਹਿੰਦਾ ਸੀ। ਬਹੁਤ ਜਲਦੀ ਨਿਕੋਲਸ ਇਕ ਸੰਤ ਦੇ ਰੂਪ ਵਿਚ ਪ੍ਰਸਿੱਧ ਹੋ ਗਿਆ ਅਤੇ ਅਨੇਕ ਦੇਸ਼ਾਂ ਵਿਚ ਇਸ ਨੂੰ ਦੇਵ ਰੂਪ ਮੰਨਿਆ ਜਾਣ ਲੱਗਾ। ਸਕੇਂਡੇਨੇਵੀਆ ਦਾ ਬਰਫੀਲਾ ਜੀਵ 'ਰੇਂਡੀਅਰ' ਇਸ ਦਾ ਸਾਥੀ ਬਣ ਗਿਆ। ਅਮਰੀਕਾ ਨਿਵਾਸੀ ਪਹਿਲਾਂ ਪਹਿਲ ਸਾਂਤਾਕਲਾਜ਼ ਨੂੰ 'ਸਿੰਟਰਕਲਾਜ਼' ਦਾ ਨਾਂਅ ਦਿੰਦੇ ਸਨ। ਹੌਲੀ-ਹੌਲੀ 'ਸਿੰਟਰ ਕਲਾਜ਼' ਨੂੰ 'ਸਾਂਤਾਕਲਾਜ਼' ਵਿਚ ਪਰਿਵਰਤਿਤ ਕਰ ਦਿੱਤਾ ਗਿਆ ਅਤੇ ਸਾਰਿਆਂ ਦੀ ਸੁਵਿਧਾ ਲਈ ਸੰਤ ਨਿਕੋਲਸ ਦਿਵਸ ਨੂੰ 'ਕ੍ਰਿਸਮਸ ਦਿਵਸ' ਨਾਲ ਜੋੜ ਦਿੱਤਾ ਗਿਆ ਅਤੇ 25 ਦਸੰਬਰ ਨੂੰ ਸਮੂਹਿਕ ਰੂਪ ਵਿਚ ਮਨਾਇਆ ਜਾਣ ਲੱਗਾ।

ਅੱਜ ਦਾ ਸ਼ਾਂਤਾਕਲਾਜ਼ ਵਾਸਤਵ ਵਿਚ ਇਕ ਮਜ਼ਾਕੀਆ ਚਰਿੱਤਰ ਹੈ ਜਿਸ ਦੀ ਸਫੈਦ ਦਾੜ੍ਹੀ, ਲਾਲ ਰੰਗ ਦੀ ਖ਼ੂਬਸੂਰਤ ਪੌਸ਼ਾਕ ਅਤੇ ਰੇਂਡੀਅਰ ਦੁਆਰਾ ਖਿੱਚੀ ਜਾਣ ਵਾਲੀ 'ਸਲੇਜ' (ਗੱਡੀ) ਮੱਲੋ-ਮੱਲੀ ਬੱਚਿਆਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਇਸ ਦੇ ਆਲੇ-ਦੁਆਲੇ ਸੁੰਦਰ ਅਤੇ ਚਮਕ-ਦਮਕ ਬਿਖੇਰਨ ਵਾਲਾ ਵਾਤਾਵਰਣ ਵਾਸਤਵ ਵਿਚ ਸਕੇਂਡੇਨੇਵੀਆ ਦੀਆਂ ਪਰੀਕਥਾਵਾਂ ਦਾ ਪ੍ਰਭਾਵ ਛੱਡਦਾ ਹੈ। ਜਦ ਕਿ ਇਸ ਦੀ ਪੌਸ਼ਾਕ ਮੱਧਕਾਲੀਨ ਬਿਸ਼ਪ ਦੇ ਪੂਜਾ ਵਸਤਰ ਅਤੇ ਬਾਕੀ ਸਾਮਾਨ ਤੋਂ ਲਈ ਗਈ ਹੈ। ਇਹ ਸਾਰੀਆਂ ਵਿਸ਼ੇਸ਼ਤਾਵਾਂ ਪ੍ਰਸਿੱਧ ਕਵੀ 'ਕਲੇਮੇਂਟ ਸੀ ਮੂਰ' ਦੀ ਇਕ ਕਵਿਤਾ 'ਏ ਵਿਜਿਟ ਫ੍ਰਾਮ ਸੇਂਟ ਨਿਕੋਲਸ' ਵਿਚ ਦਰਸਾਈਆਂ ਗਈਆਂ ਹਨ। ਕਹਿੰਦੇ ਹਨ ਕਿ ਇਸ ਕਵਿਤਾ ਨੇ ਇਸ ਚਰਿੱਤਰ ਨੂੰ ਵਿਸ਼ਵ ਪ੍ਰਸਿੱਧੀ ਹਾਸਿਲ ਕਰਵਾਈ। ਅਲੱਗ-ਅਲੱਗ ਦੇਸ਼ਾਂ ਵਿਚ ਸਾਂਤਾਕਲਾਜ਼ ਨੂੰ ਵੱਖ-ਵੱਖ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਇੰਗਲੈਂਡ 'ਚ 'ਫਾਦਰ ਕ੍ਰਿਸਮਸ', ਰੂਸ ਵਿਚ 'ਦਾਦਾ ਫ੍ਰਾਸਟ' ਅਤੇ ਸਕੇਂਡੇਨੇਵੀਆ ਵਿਚ 'ਜੁਲੀਨੀਸੇਨ' ਦੇ ਨਾਂਅ ਨਾਲ ਪੁਕਾਰਿਆ ਜਾਂਦਾ ਹੈ।

ਇਸੇ ਤਰ੍ਹਾਂ ਨਾਰਵੇ, ਸਵੀਡਨ ਅਤੇ ਡੈਨਮਾਰਕ ਵਿਚ 'ਟਾਮਟੇ' ਨਾਮਕ ਇਕ ਬਾਬਾ ਅਤੇ ਟੋਕਰੀ ਵਿਚ ਉਪਹਾਰ ਰੱਖ ਕੇ 'ਟਾਮਟਾਰ' ਨਾਮਕ ਇਕ ਬੁੱਢੀ ਮਹਿਲਾ ਬੱਚਿਆਂ ਨੂੰ ਉਪਹਾਰ, ਸੌਗਾਤਾਂ ਵੰਡਦੇ ਹਨ। ਜਰਮਨੀ ਵਿਚ 5 ਦਸੰਬਰ 'ਸੰਤ ਨਿਕੋਲਸ' ਬਣੇ ਬਾਬਾ ਬੱਚਿਆਂ ਦਾ ਵਿਵਹਾਰ ਦੇਖਣ ਆਉਂਦੇ ਹਨ ਅਤੇ ਫਿਰ ਅਗਲੇ ਦਿਨ ਅੱਛੇ ਚੁਣੇ ਗਏ ਬੱਚਿਆਂ ਨੂੰ ਉਪਹਾਰ ਅਤੇ ਮਠਿਆਈਆਂ ਦਿੰਦੇ ਹਨ। ਬੈਲਜ਼ੀਅਮ ਅਤੇ ਹਾਲੈਂਡ ਵਿਚ ਕ੍ਰਿਸਮਸ ਤੋਂ ਇਕ ਦਿਨ ਪਹਿਲਾਂ ਜਾਂ 5 ਦਸੰਬਰ ਨੂੰ ਬੱਚੇ ਆਪਣੇ ਜੁੱਤੇ ਅਤੇ ਮੌਜੇ ਉੱਚੀ ਥਾਂ ਬਾਹਰਵਾਰ ਟੰਗ ਦਿੰਦੇ ਹਨ ਸਵੇਰੇ ਉਠਦਿਆਂ ਉਨ੍ਹਾਂ ਨੂੰ ਸੌਗਾਤਾਂ ਅਤੇ ਮਠਿਆਈਆਂ ਨਾਲ ਉਹ ਭਰੇ ਮਿਲ ਜਾਂਦੇ ਹਨ। ਇਟਲੀ ਵਿਚ 6 ਜਨਵਰੀ ਨੂੰ 'ਲਾ ਬੇਫਾਨਾ' ਨਾਮਕ ਇਕ ਬੁੱਢੀ ਔਰਤ ਦੁਆਰਾ ਬੱਚਿਆਂ ਨੂੰ ਉਪਹਾਰ ਮਿਲਦੇ ਹਨ। ਮੈਕਸੀਕੋ ਅਤੇ ਮੱਧ ਅਮਰੀਕਨ ਦੇਸ਼ਾਂ ਵਿਚ ਤਾਂ ਇਹ ਰਿਵਾਜ ਬੜਾ ਨਿਰਾਲਾ ਹੈ। 6 ਦਸੰਬਰ ਨੂੰ ਇਕ ਮਿੱਟੀ ਦੇ ਜਾਰ 'ਪਿਨਾਟਾ' ਨੂੰ ਟਾਫੀਆਂ ਅਤੇ ਹੋਰ ਫਲਾਂ ਨਾਲ ਭਰ ਕੇ ਕਿਸੀ ਉੱਚੀ ਥਾਂ ਟੰਗ ਦਿੱਤਾ ਜਾਂਦਾ ਹੈ ਫਿਰ ਵਾਰੀ-ਵਾਰੀ ਬੱਚਿਆਂ ਕੋਲੋਂ ਅੱਖਾਂ 'ਤੇ ਪੱਟੀ ਬੰਨ੍ਹਾ ਕੇ ਲੱਕੜੀ ਨਾਲ ਉਹ ਜਾਰ ਤੋੜਿਆ ਜਾਂਦਾ ਹੈ, ਜਿਵੇਂ ਹੀ ਉਹ ਜਾਰ ਟੁੱਟਦਾ ਹੈ ਬੱਚੇ ਉਸ ਉੱਤੇ ਝਪਟ ਪੈਂਦੇ ਹਨ। ਇਸੀ ਤਰ੍ਹਾਂ ਹੋਰ ਵੀ ਅਨੇਕ ਪ੍ਰੰਪਰਾਵਾਂ ਪ੍ਰਚਲਿਤ ਹਨ।

ਅੱਜ ਦੇ ਵਿਗਿਆਨਕ ਯੁੱਗ ਵਿਚ ਆਨ ਲਾਈਨ ਕ੍ਰਿਸਮਸ ਵੀ ਮਨਾਈ ਜਾ ਸਕਦੀ ਹੈ। ਇਸ ਦੇ ਪਿਛੇ ਹੈ ਸਾਡਾ ਜਾਣਿਆ-ਪਹਿਚਾਣਿਆ ਇੰਟਰਨੈੱਟ।

ਸੋ ਪਿਆਰੇ ਪਾਠਕੋ, ਕ੍ਰਿਸਮਸ ਕੇਵਲ ਉਪਹਾਰਾਂ ਦੇ ਅਦਾਨ-ਪ੍ਰਦਾਨ ਵਧਾਈ ਕਾਰਡ ਭੇਜਣ, ਕ੍ਰਿਸਮਸ ਦਰੱਖਤ ਸਜਾਉਣ, ਅਨੰਦਮਈ ਗਾਣੇ ਗਾਉਣ ਜਾਂ ਫਿਰ ਕੇਵਲ ਦਾਅਵਤਾਂ ਖਾਣ ਦਾ ਹੀ ਪੁਰਬ ਨਹੀਂ ਹੈ, ਬਲਕਿ ਸਹੀ ਅਰਥਾਂ ਵਿਚ ਇਹ ਸੰਪੂਰਨ ਵਿਸ਼ਵ ਨੂੰ ਸ਼ਾਂਤੀ ਅਤੇ ਸਦਭਾਵਨਾ ਦੀ ਪ੍ਰੇਰਨਾ ਦੇਣ ਦਾ ਪਾਵਨ ਪੁਰਬ ਹੈ।

# ਵਧੀਕ ਡਿਪਟੀ ਕਮਿਸ਼ਨਰ ਨੇ ਬੱਚਿਆਂ ਲਈ ਪੰਜਾਬ ਦੀ ਪਹਿਲੀ ਸਰਕਾਰੀ ਜ਼ਿਲ੍ਹਾ ਲਾਇਬ੍ਰੇਰੀ ਬਹਾਰ-ਏ-ਖੁਸ਼ੀ ਕੀਤੀ ਬੱਚਿਆਂ ਦੇ ਸਪੁਰਦ

**ਮਾਨਸਾ–** ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀ ਕੁਲਵੰਤ ਸਿੰਘ ਆਈ.ਏ.ਐਸ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਨਿਰਮਲ ਸੇਪਚਨ ਨੇ ਮਾਨਸਾ ਵਿਖੇ ਬੱਚਿਆਂ ਲਈ ਪੰਜਾਬ ਦੀ ਪਹਿਲੀ ਸਰਕਾਰੀ ਜ਼ਿਲ੍ਹਾ ਲਾਇਬ੍ਰੇਰੀ ਅਤੇ ਕਲੱਬ 'ਬਹਾਰ-ਏ-ਖੁਸ਼ੀ' ਦਾ ਉਦਘਾਟਨ ਕਰਕੇ ਬੱਚਿਆਂ ਦੇ ਸਪੁਰਦ ਕੀਤਾ। ਇਸ ਮੌਕੇ ਨੰਨ੍ਹੇ ਬੱਚਿਆਂ ਨੇ ਲਾਇਬ੍ਰੇਰੀ ਦਾ ਰਿਬਨ ਕੱਟਣ ਦੀ ਰਸਮ ਨਿਭਾਈ।



ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਬੱਚਿਆਂ ਲਈ ਖੁਲ੍ਹਣ ਵਾਲੀ ਸੂਬੇ ਦੀ ਪਹਿਲੀ ਸਰਕਾਰੀ ਜ਼ਿਲ੍ਹਾ ਲਾਇਬ੍ਰੇਰੀ ਹੈ। ਇਹ ਲਾਇਬ੍ਰੇਰੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਬਾਲ ਭਲਾਈ ਕਾਊਂਸਿਲ ਮਾਨਸਾ ਵੱਲੋਂ ਬਾਲ ਭਵਨ ਪਾਰਕ ਦੇ ਨੇੜੇ ਖੋਲ੍ਹੀ ਗਈ ਹੈ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨ ਲਈ ਲਾਇਬ੍ਰੇਰੀਆਂ ਸਭ ਤੋਂ ਉੱਤਮ ਸਾਧਨ ਹਨ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ. ਸਰਦੂਲਗੜ੍ਹ ਸ਼੍ਰੀ ਨਿਤੇਸ਼ ਕੁਮਾਰ ਜੈਨ ਅਤੇ ਐਸ.ਡੀ.ਐਮ. ਮਾਨਸਾ ਸ਼੍ਰੀ ਕਾਲਾ ਰਾਮ ਕਾਂਸਲ ਵੀ ਮੌਜੂਦ ਸਨ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਲਾਇਬ੍ਰੇਰੀ ਅੰਦਰ ਬੱਚਿਆਂ ਦੀ ਸਹੂਲਤ ਲਈ ਚੰਗੀਆਂ ਗਿਆਨ ਵਰਧਕ ਕਿਤਾਬਾਂ, ਆਕਰਸ਼ਕ ਮਾਹੌਲ, ਬੈਠਣ ਲਈ ਵਧੀਆ ਫਰਨੀਚਰ, ਚੈਸ, ਕੈਰਮ ਬੋਰਡ ਵਰਗੀਆਂ ਗੇਮਾਂ ਮੁਹੱਈਆ ਕਰਵਾਈਆਂ ਗਈਆਂ ਹੈ।

ਐਸ.ਡੀ.ਐਮ. ਸਰਦੂਲਗੜ੍ਹ ਸ਼੍ਰੀ ਨਿਤੇਸ਼ ਕੁਮਾਰ ਜੈਨ ਨੇ ਦੱਸਿਆ ਕਿ ਇਸ ਲਾਇਬ੍ਰੇਰੀ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਲਾਭ ਲੈ ਸਕਣਗੇ ਅਤੇ ਉਨ੍ਹਾਂ ਦੇ ਉਮਰ ਵਰਗ ਦੇ ਅਨੁਸਾਰ ਹੀ ਕਿਤਾਬਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਬੱਚਿਆਂ ਲਈ ਹੋਬੀ ਕਲਾਸਾਂ ਦਾ ਪ੍ਰਬੰਧ ਵੀ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬੱਚਿਆਂ ਦੀ ਇਸ ਲਾਇਬ੍ਰੇਰੀ ਨੂੰ ਵੱਡੇ ਵਿਦਿਆਰਥੀਆਂ ਦੀ ਲਾਇਬ੍ਰੇਰੀ ਨਾਲ ਵੀ ਜੋੜਿਆ ਜਾਵੇਗਾ, ਤਾਂ ਜੋ ਉਹ ਛੋਟੇ ਬੱਚਿਆਂ ਨੂੰ ਆਮ ਗਿਆਨ ਅਤੇ ਹੋਰ ਸਿੱਖਿਆਵਾਂ ਦੇ ਸਕਣ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਇੱਕ ਵਧੀਆ ਤੇ ਗਿਆਨ ਭਰਪੂਰ ਵਾਤਾਵਰਣ ਨਾਲ ਜੋੜਨ ਲਈ ਬੱਚਿਆਂ ਨੂੰ ਇਸ ਬਹਾਰ-ਏ-ਖੁਸ਼ੀ ਲਾਇਬ੍ਰੇਰੀ ਨਾਲ ਜ਼ਰੂਰ ਜੋੜਨ।

ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫਸ਼ਰ ਸ਼੍ਰੀਮਤੀ ਤੇਜਿੰਦਰ ਕੌਰ, ਸਕੱਤਰ ਰੈਡ ਕਰਾਸ ਸੋਸਾਇਟੀ ਮੈਡਮ ਦੇਬਅਸ਼ਮਿਤਾ, ਲਾਇਬ੍ਰੇਰੀਅਨ ਗਗਨਦੀਪ ਕੌਰ, ਐਮ.ਏ. ਹਰਪ੍ਰੀਤ ਸਿੰਘ, ਜ਼ਿਲ੍ਹਾ ਨਾਜਰ ਪਰਦੀਪ ਕੁਮਾਰ ਤੋਂ ਇਲਾਵਾ ਵਿਦਿਆਰਥੀ ਮੌਜੂਦ ਸਨ।

**– ਡਾ ਸੰਦੀਪ ਘੰਡ**

# ਮੌਜੂਦਾ ਹਾਲਤ ਵਿੱਚ ਅਕਾਲੀ ਦਲ ਦੇ ਨਿਰਮਾਣ ਹਿੱਤ ਉੱਚ ਪੱਧਰੀ ਕਮੇਟੀ ਬਣਾਉਣ ਦੀ ਵੱਡੀ ਲੋੜ



ਜੰਗ ਸਿੰਘ ਮਰਸਡ
+1 415 603 7380

ਸੰਸਾਰ ਦਾ ਸਿੱਖ ਜਗਤ ਸ੍ਰੀ ਅਕਾਲ ਤਖਤ ਦੇ ਹੁਕਮਾਂ ਨੂੰ ਇਲਾਹੀ ਹੁਕਮ ਮੰਨਦਾ ਹੋਇਆ ਉਸ ਨੂੰ ਪ੍ਰਵਾਨ ਕਰਦਾ ਆ ਰਿਹਾ ਹੈ। ਸਿੱਖ ਕੌਮ ਵਿੱਚ ਇਹ ਵੀ ਮੰਨਿਆ ਜਾਂਦਾ ਹੈ ਕਿ "ਜਿਹੜਾ ਸ੍ਰੀ ਅਕਾਲ ਤਖਤ ਸਾਹਿਬ ਨਾਲ ਖਹਿਆ ਹੈ ਉਸ ਦਾ ਕੱਖ ਨਹੀਂ ਰਿਹਾ ਹੈ"। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ। ਸਿੱਖ ਜਗਤ ਇਹ ਵੀ ਭਲੀ-ਭਾਂਤ ਜਾਣਦਾ ਹੈ ਕਿ ਗੁਰਦੁਆਰੇ ਵਿਖੇ ਸੱਚੇ ਦਿਲੋਂ ਕੀਤੀ ਅਰਦਾਸ, ਸੱਚ ਹੋ ਜਾਂਦੀ ਹੈ ਜਿਸ ਦੀ ਤਾਜ਼ਾ ਉਦਾਹਰਣ ਇਸ ਵੇਲੇ ਦਾ ਮੌਜੂਦਾ ਸਿੱਖ ਸਮਾਜ ਬੜੀ ਚੰਗੀ ਤਰਾਂ ਜਾਣਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਇਕ ਆਗੂ ਜਿਸ ਦਾ ਸਬੰਧ ਬਾਦਲ ਪ੍ਰੀਵਾਰ ਨਾਲ ਬੜਾ ਨੇੜਲਾ ਹੈ ਉਸ ਨੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕੀਤੀ ਸੀ ਕਿ "ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਾਈਆਂ ਹਨ ਉਨ੍ਹਾਂ ਦਾ ਕੱਖ ਨਾ ਰਹੇ" ਅੱਜ ਸਿੱਖ ਜਗਤ ਤੇ ਖੁਦ ਬਾਦਲ ਪ੍ਰੀਵਾਰ ਸਮੇਤ ਸਾਰਾ ਅਕਾਲੀ ਦਲ ਆਪਣੇ ਸਾਹਮਣੇ ਸਭ ਕੁਝ ਹੁੰਦਾ ਵੇਖ ਰਿਹਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਇਹ ਹੀ ਅਕਾਲੀ ਦਲ ਹੈ ਜੋ ਸ੍ਰੀ ਅਕਾਲ ਤਖਤ ਨੂੰ ਬੜਾ ਮਹਾਨ ਦੱਸਦਾ ਆ ਰਿਹਾ ਹੈ ਪਰ ਕਦੋਂ ਤਕ ਜਦੋਂ ਤਕ ਬਾਦਲਾਂ ਵਲੋਂ ਬਣਾਏ ਜਥੇਦਾਰ ਉਨ੍ਹਾਂ ਦੀਆਂ ਗਲਤ ਤੌਰ ਤੇ ਕੀਤੀਆਂ ਤਰਫਦਾਰੀਆਂ ਕਰਕੇ ਉਨ੍ਹਾਂ ਦੇ ਹੱਕ ਵਿੱਚ ਫੈਸਲੇ ਸੁਣਾਉਂਦੇ ਰਹੇ ਹਨ। ਪੰਜਾਬੀ ਦੀ ਇਕ ਅਖਾਉਤ ਹੈ ਕਿ "ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜ੍ਹਦੀ"। ਅਜੋਕੇ ਸਮੇਂ ਵਿੱਚ ਇਹੋ ਕੁਝ ਬਾਦਲ ਤੇ ਉਸ ਦੇ ਸਾਰੇ ਗਰੁੱਪ ਨਾਲ ਹੋਇਆ ਹੈ ਜੋ ਉਨ੍ਹਾਂ ਦੇ ਹਜ਼ਮ ਨਹੀਂ ਹੋ ਰਿਹਾ। ਸਭ ਨੂੰ ਯਾਦ ਹੋਵੇਗਾ ਕਿ ਬੀਤੇ 2 ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਦੋ ਹੋਰ ਜਥੇਦਾਰਾਂ ਨੇ ਸ੍ਰ ਸੁਖਬੀਰ ਸਿੰਘ ਬਾਦਲ, ਉਸ ਦੇ ਮੰਤਰੀਆਂ ਆਦਿ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੇ ਤਲਬ ਕੀਤਾ ਸੀ। ਜਿਸ ਵਿੱਚ ਅਕਾਲੀ ਦਲ ਦੇ ਸਾਰੇ ਆਗੂਆਂ ਜਿਨ੍ਹਾਂ ਨੂੰ ਦਾਗੀ ਤੇ ਬਾਗੀ ਆਖਿਆ ਗਿਆ ਸਾਰੇ ਫਸੀਲ ਅੱਗੇ ਪੇਸ਼ ਵੀ ਹੋਏ। ਸਿੱਖ ਕੌਮ ਦੇ ਪੰਜ ਜਥੇਦਾਰਾਂ ਵਲੋਂ ਬਣਾਈ ਨੀਤੀ ਮੁਤਾਬਿਕ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਵਰਗਵਾਸੀ ਮੁੱਖ ਮੰਤਰੀ ਸ੍ਰ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ੍ਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਪੰਜਾਬ ਵਿੱਚ ਕੀਤੇ ਦਸ ਸਾਲ ਦੇ ਰਾਜ ਕਾਲ ਦੌਰਾਨ ਜੋ ਗੰਭੀਰ ਗਲਤੀਆਂ ਦਾ ਲੇਖਾ ਜੋਖਾ ਪੇਸ਼ ਕੀਤਾ, ਜਿਸ ਨੂੰ ਸਾਰਾ ਸਿੱਖ ਪੰਥ ਬੜੀ ਚੰਗੀ ਤਰਾਂ ਜਾਣਦਾ ਹੈ ਇਸ ਨੂੰ ਦੁਹਰਾਉਣ ਦੀ ਜਰੂਰਤ ਨਹੀਂ। ਉਪਰੰਤ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਜੁਆਬ ਸ੍ਰ ਸੁਖਬੀਰ ਸਿੰਘ ਬਾਦਲ ਕੋਲੋਂ ਹਾਂ ਜਾਂ ਨਾਂਹ ਵਿੱਚ ਦੇਣਾ ਮੰਗਿਆ ਗਿਆ। ਸੰਸਾਰ ਦੇ ਲੋਕਾਂ ਨੇ ਸਭ ਕੁਝ ਵੇਖਿਆ ਕਿ ਸ੍ਰ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਸਾਰੇ ਮੰਤਰੀਆਂ ਆਦਿ ਨੇ ਜਿਹੜੀਆਂ ਗਲਤੀਆਂ ਕੀਤੀਆਂ ਸਨ ਉਨ੍ਹਾਂ ਸਾਰੇ ਸੁਆਲਾਂ ਦਾ ਜੁਆਬ "ਹਾਂ" ਵਿੱਚ ਦਿੱਤਾ। ਜਿਸ ਵਿੱਚ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੀ ਹੋਈ ਸਿੱਖ ਸੰਗਤ ਵਿੱਚ ਪ੍ਰਵਾਨ ਵੀ ਕੀਤਾ। ਇਸ ਸਭ ਕੁਝ ਦਾ ਫੈਸਲਾ ਸੁਣਾਉਂਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰ ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਖ ਕੌਮ ਵਲੋਂ ਦਿੱਤੇ ਦੋਵੇਂ ਖਿਤਾਬ "ਫੱਖਰੇ ਕੌਮ" ਤੇ ਪੰਥ ਰਤਨ" ਵਾਪਸ ਲੈਣ ਦਾ ਹੁਕਮ ਦੇਣ ਦੇ ਨਾਲ ਇਹ ਵੀ ਐਲਾਨ ਕੀਤਾ ਕਿ ਸੁਖ-ਬੀਰ ਸਿੰਘ ਬਾਦਲ ਸਮੇਤ ਜਿਨ੍ਹਾਂ ਹੋਰ ਆਗੂਆਂ ਨੇ ਅਸਤੀਫ਼ੇ ਦਿੱਤੇ ਹਨ ਉਹ ਤਿੰਨ ਦਿਨਾਂ ਵਿੱਚ ਪ੍ਰਵਾਨ ਕਰਕੇ ਸ੍ਰੀ ਅਕਾਲ ਤਖਤ ਨੂੰ ਜਾਣੂ ਕਰਾਇਆ ਜਾਵੇ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਦਾਗੀ ਤੇ ਬਾਗੀ ਅਕਾਲੀ ਆਗੂ ਦੋਵੇਂ ਹੀ ਸਿੱਖ ਪੰਥ ਵਿੱਚੋਂ ਨੈਤਿਕ ਤੌਰ ਤੇ ਆਪਣਾ ਅਧਾਰ ਖੋਹ ਚੁੱਕੇ ਹਨ। ਉਹ ਸਾਰੇ ਅਸਤੀਫ਼ੇ ਦੇਣ। ਉਨ੍ਹਾਂ ਨੇ ਇਕ ਸੱਤ ਮੈਂਬਰੀ ਕਮੇਟੀ ਵੀ ਗਠਨ ਕੀਤੀ ਜਿਸ ਦੀ ਡਿਊਟੀ ਲਗਾਈ ਕਿ ਉਹ ਛੇ ਮਹੀਨੇ ਵਿੱਚ ਸਿੱਖ ਕੌਮ ਦੀ ਨਵੀਂ ਅਕਾਲੀ ਲੀਡਰਸ਼ਿਪ ਦੀ ਚੋਣ ਕਰੇ। ਇਸ ਤੋਂ ਬਿਨਾਂ ਦੋਸ਼ੀ



ਆਗੂਆਂ ਨੂੰ ਸਜਾਵਾਂ ਵੀ ਸੁਣਾਈਆਂ ਗਈਆਂ।ਇਨ੍ਹਾਂ ਹੁਕਮਾਂ ਨੂੰ ਸੁਣ ਕੇ ਸ੍ਰ ਸੁਖਬੀਰ ਸਿੰਘ ਬਾਦਲ ਤੇ ਉਸ ਦਾ ਸਾਰਾ ਗਰੁੱਪ ਹੱਕਾ ਬੱਕਾ ਰਹਿ ਗਏ ਕਿ ਇਹ ਕੀ ਹੋ ਗਿਆ ਹੈ? ਸਿੱਖ ਜਗਤ ਇਹ ਵੀ ਜਾਣਦਾ ਹੈ ਕਿ ਸ੍ਰੀ ਅਕਾਲ ਤਖਤ ਦੇ ਹੁਕਮਾਂ ਨੂੰ ਕਿਸ ਨੇ ਮੰਨਿਆ ਤੇ ਕਿਸ ਨੇ ਨਹੀਂ! ਇਸ ਵੇਲੇ ਇਨ੍ਹਾਂ ਸਾਰੇ ਆਗੂਆਂ ਵਿੱਚ ਹਲਚਲ ਮੱਚੀ ਹੋਈ ਹੈ ਕਿ ਇਹਨਾਂ ਸਾਰੇ ਜਥੇਦਾਰਾਂ ਜਿਨ੍ਹਾਂ ਨੂੰ ਅਸੀਂ ਬਣਾਇਆ ਹੋਇਆ ਹੈ ਇਹ ਕੌਣ ਹੁੰਦੇ ਹਨ ਉਨ੍ਹਾਂ ਵਿਰੁੱਧ ਫਤਵਾ ਦੇਣ ਵਾਲੇ! ਇਹ ਗੁੱਸਾ ਉਸ ਵੇਲੇ ਹੋਰ ਉ-ਜਾਗਰ ਹੋ ਗਿਆ ਜਦੋਂ ਇਨ੍ਹਾਂ ਨੇ 15-20 ਸਾਲ ਪੁਰਾਣੇ ਬੜੇ ਭੱਦੇ ਦੋਸ਼ ਲਗਾ ਕੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੰਦਰਾਂ ਦਿਨ ਲਈ ਜਥੇਦਾਰ ਦੀ ਪਦਵੀ ਤੋਂ ਲਾਂਭੇ ਕਰ ਦਿੱਤਾ ਤਾਂ ਕਿ ਦੂਸਰੇ ਜਥੇਦਾਰਾਂ ਨੂੰ ਡਰਾ ਕੇ ਉਨ੍ਹਾਂ ਵਲੋਂ ਪਹਿਲਾਂ ਸੁਣਾਏ ਗਏ ਫੈਸਲਿਆਂ ਨੂੰ ਵਾਪਿਸ ਕਰਾਇਆ ਜਾ ਸਕੇ। ਸਿੱਖ ਕੌਮ ਵਿੱਚ ਇਹ ਵੀ ਚਰਚਾ ਹੈ ਕਿ ਇਹ ਹੀ ਬਾਦਲ ਗਰੁੱਪ ਹੈ ਜਿਹੜਾ ਇਹ ਕਹਿੰਦਾ ਨਹੀਂ ਸੀ ਥੱਕਦਾ ਕਿ ਸ੍ਰੀ ਅਕਾਲ ਤਖਤ ਮਹਾਨ ਹੈ, ਸਾਰੇ ਸਿੱਖਾਂ ਨੂੰ ਉਸ ਦੇ ਹੁਕਮਾਂ ਨੂੰ ਸਿਰ ਝੁਕਾ ਕੇ ਮੰਨਣਾ ਚਾਹੀਦਾ ਹੈ, ਹੁਣ ਆਪ ਹੀ ਉਸ ਤੋਂ ਮੁਨਕਰ ਹੋਇਆ ਫਿਰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਕੌੜਾ ਕੌੜਾ ਥੂ, ਤੇ ਮਿੱਠਾ ਮਿੱਠਾ ਹੜੱਪ"। ਅੱਜ ਤਕ ਅਕਾਲੀ ਜੁੰਡਲੀ ਸਿੱਖ ਕੌਮ ਦੇ ਜਥੇਦਾਰਾਂ ਨੂੰ ਆਪਣੀਆਂ ਉਂਗਲਾਂ ਤੇ ਨਚਾ ਕੇ ਆਪਣੀ ਮਰਜ਼ੀ ਦੇ ਜਾਇਜ਼ ਨਾਜਾਇਜ਼ ਫੈਸਲੇ ਆਪਣੇ ਹੱਕ ਵਿੱਚ ਕਰਵਾਉਂਦੇ ਰਹੇ ਹਨ। ਇਹ ਭੁੱਲ ਗਏ ਹਨ ਕਿ ਸਿੱਖ ਕੌਮ ਨੂੰ ਫੈਸਲਾ ਸੁਣਾਉਣ ਤੋਂ ਪਹਿਲਾਂ ਜਥੇਦਾਰਾਂ ਨੂੰ ਸਪਸ਼ਟ ਦੱਸ ਦਿੱਤਾ ਸੀ ਕਿ ਉਹ ਅਕਾਲੀ ਫੂਲਾ ਸਿੰਘ ਜਿਹੇ ਜਥੇਦਾਰ ਬਣਨਾ ਚਾਹੁੰਦੇ ਹਨ ਜਾਂ ਕਿ ਗਿਆਨੀ ਗੁਰਬਚਨ ਸਿੰਘ! ਜਿਸ ਨੇ ਸਾਰੀ ਕੌਮ ਦਾ ਸੰਸਾਰ ਭਰ ਵਿੱਚ ਸਿਰ ਨੀਵਾਂ ਕਰਾ ਦਿੱਤਾ ਹੈ। ਇਹ ਗੱਲ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਜਥੇਦਾਰ ਸਾਹਿਬਾਨ ਵਲੋਂ ਸੁਣਾਏ ਗਏ ਫੈਸਲੇ ਨੇ ਸੰਸਾਰ ਭਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਮੁੜ ਚੜ੍ਹਦੀਕਲਾ ਵਿੱਚ ਲਿਆ ਦਿੱਤਾ ਹੈ। ਇਸ ਹਾਲਤ ਵਿੱਚ ਬਾਦਲ ਗਰੁੱਪ ਨੂੰ ਸਿੱਖ ਪੰਥ ਕਿਸੇ ਵੀ ਹਾਲਤ ਵਿੱਚ ਸਵੀਕਾਰ ਕਰਨ ਵਾਲਾ ਨਹੀਂ। ਇਹੋ ਜਿਹੀਆਂ ਬੇਹੂਦਗੀਆਂ ਕਰਨ ਕਰਕੇ ਇਨ੍ਹਾਂ ਦੀ ਹਾਲਤ ਸਿੱਖ ਕੌਮ ਵਿੱਚ ਪਾਣੀ ਤੋਂ ਪਤਲੀ ਪੈ ਗਈ ਹੈ। ਉਹ ਕਿਸੇ ਹਾਲਤ ਵਿੱਚ ਇਨ੍ਹਾਂ ਨੂੰ ਸਵੀਕਾਰ ਕਰਨ ਵਾਲਾ ਨਹੀਂ। ਸਿੱਖ ਕੌਮ ਹੈਰਾਨ ਹੈ ਕਿ ਜਿਸ ਭਾਜਪਾ ਨੇ ਪੰਜਾਬ ਵਿੱਚ ਰਾਜ ਕਰਨ ਵਾਲੀ ਅਕਾਲੀ ਪਾਰਟੀ ਨੂੰ ਆਪਣੀਆਂ ਸ਼ਤਰੰਜੀ ਚਾਲਾਂ ਨਾਲ ਉਨ੍ਹਾਂ ਦੀ ਹੋਂਦ ਖਤਮ ਕਰ ਦਿੱਤੀ ਹੋਵੇ ਜਿਸ ਦੇ ਆਗੂ ਸਭ ਕੁਝ ਗਵਾ ਕੇ ਵੀ ਫਿਰ ਭਾਜਪਾ ਨਾਲ ਸਮਝੌਤਾ ਕਰਨ ਦੀਆਂ ਗੱਲਾਂ ਕਰ ਰਹੇ ਹਨ। ਇਸ ਦਾ ਮਤਲਬ ਜ਼ਾਹਰ ਹੈ ਕਿ ਇਨ੍ਹਾਂ ਅਕਾਲੀਆਂ ਨੂੰ ਸਿਰਫ਼ ਪੈਸਾ ਤੇ ਗੱਦੀਆਂ ਹੀ ਪਿਆਰੀਆਂ ਹਨ, ਨਾ ਤਾਂ ਹਿੱਤ ਸਿੱਖ ਕੌਮ ਨਾਲ ਹੈ ਨਾਂ ਹੀ ਪੰਜਾਬ ਤੇ ਉਸ ਦੀਆਂ ਮੰਗਾਂ ਨਾਲ। ਇਸ ਸਮੇਂ ਸਿੱਖ ਕੌਮ ਦੇ ਜਥੇਦਾਰਾਂ ਨਾਲ ਸੰਸਾਰ ਦਾ ਸਿੱਖ ਜਗਤ ਪੂਰੀ ਤਰਾਂ ਇਕੱਠਾ ਹੈ। ਪੰਜਾਬ ਵਿੱਚ ਇਸ ਸਮੇਂ ਇਹ ਬਾਦਲ ਅਕਾਲੀ ਦਲ ਜਿਹੜਾ ਕਿ ਹੁਣ ਅਕਾਲੀ ਦਲ ਦੀ ਥਾਂ ਤੇ ਪੰਜਾਬੀ ਪਾਰਟੀ ਬਣ ਚੁੱਕਾ ਹੈ ਇਨ੍ਹਾਂ ਨੂੰ ਪੰਜਾਬ ਦਾ ਸਿੱਖ ਪੰਥ ਕਦੇ ਵੀ ਸਵੀਕਾਰਨ ਵਾਲਾ ਨਹੀਂ ਹੈ।

ਜਥੇਦਾਰ ਸਾਹਿਬਾਨ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਲੋਂ ਕੀਤੀਆਂ ਜਾ ਰਹੀਆਂ ਬੇਹੂਦੀਆਂ ਕਾਰਵਾਈਆਂ ਤੋਂ ਘਾਬਰਨ ਦੀ ਜਰੂਰਤ ਨਹੀਂ ਹੈ ਤੇ ਨਾ ਹੀ ਇਨ੍ਹਾਂ ਕੋਲੋਂ ਆਸ ਰੱਖਣੀ ਚਾਹੀਦੀ ਹੈ ਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ 'ਅਕਾਲੀ ਪਾਰਟੀ' ਦੀ ਕੋਈ ਸਥਾਪਨਾ ਕਰ ਸਕਣਗੇ। ਇਸ ਲਈ ਉਨ੍ਹਾਂ (ਜਥੇਦਾਰ ਸਾਹਿਬਾਨ) ਨੂੰ ਹੀ ਵੱਡੀ ਭੂਮਿਕਾ ਨਿਭਾਉਣੀ ਪੈਣੀ ਹੈ। ਉਨ੍ਹਾਂ ਵਲੋਂ ਬਣਾਈ ਸੱਤ ਮੈਂਬਰੀ ਕਮੇਟੀ ਵਿੱਚ ਸ਼ਾਮਲ ਕੀਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ ਹਰਜਿੰਦਰ ਸਿੰਘ ਧਾਮੀ ਕੋਲੋਂ ਵੀ ਕੋਈ ਆਸ ਨਹੀਂ ਰੱਖੀ ਜਾ ਸਕਦੀ ਇਸ ਸਮੇਂ ਉਹ ਆਪ ਵੀ ਬੜੀ ਬੁਰੀ ਤਰਾਂ ਵਿਵਾਦਾਂ ਵਿੱਚ ਘਿਰੇ ਹੋਏ ਹਨ। ਜਥੇਦਾਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਇਕ ਅਕਾਲੀ ਪਾਰਟੀ ਦੇ ਨਿਰਮਾਣ ਕਰਨ ਹਿੱਤ ਸਿੱਖ ਆਗੂਆਂ ਦੀ ਇਕ ਉੱਚ ਪੱਧਰੀ ਕਮੇਟੀ ਬਣਾਉਣ ਜਿਸ ਵਿੱਚ ਅਕਾਲੀ ਦਲ ਦੇ ਸਾਰੇ ਦਲਾਂ ਦੇ ਸੂਝਵਾਨ ਆਗੂ, ਪੰਥਕ ਜਥੇਬੰਦੀਆਂ, ਸਿੱਖ ਚਿੰਤਕਾਂ, ਸਿੱਖ ਬੁੱਧੀਜੀਵੀਆਂ ਦਾ ਇਕੱਠ ਕਰਨ। ਹੋ ਸਕੇ ਤਾਂ ਇਸ ਵਿਚ ਸੰਸਾਰ ਭਰ ਦੇ ਕੁਝ ਆਗੂਆਂ ਨੂੰ ਵੀ ਸ਼ਾਮਲ ਕਰਨ ਜਿਸ ਵਿੱਚ ਸਰਬ ਪ੍ਰਵਾਨਿਤ ਆਗੂਆਂ ਦੀ ਕਮੇਟੀ ਬਣਾਉਣ, ਭਾਵੇਂ ਉਨ੍ਹਾਂ ਦੀ ਗਿਣਤੀ ਕੁਝ ਵੱਧ ਵੀ ਕਿਉਂ ਨਾ ਹੋ ਜਾਵੇ? ਇਨ੍ਹਾਂ ਨੂੰ ਜਿੰਮੇਵਾਰੀ ਸੌਂਪੀ ਜਾਵੇ ਜੋ ਜਲਦੀ ਤੋਂ ਜਲਦੀ ਅਕਾਲੀ ਪਾਰਟੀ ਦੀ ਸਥਾਪਨਾ ਕਰੇ ਤਾਂ ਜੋ ਪੰਜਾਬ ਦੇ ਲਟਕ ਰਹੇ ਮਸਲਿਆਂ ਨੂੰ ਹੱਲ ਕਰਾਉਣ ਦੇ ਨਾਲ ਪੰਜਾਬ ਨੂੰ ਚੜ੍ਹਦੀਕਲਾ ਵਿੱਚ ਲਿਆਉਣ ਦੇ ਸਮਰੱਥ ਹੋਵੇ।

# "ਕੀ ਇੱਕ ਪੱਲੇਦਾਰ ਦੇ ਪੁੱਤਰ ਦਾ ਪ੍ਰੋਫੈਸਰ ਬਣਨਾ ਸਰਕਾਰ ਨੂੰ ਮਨਜ਼ੂਰ ਨਹੀਂ?"



ਪ੍ਰੋ. ਗੁਰਭਜਨ ਸਿੰਘ (ਲਾਡੀ)
91-98784-13261

ਮੈਂ ਕੀ ਲਿਖਾਂ ਆਪਣੇ ਬਾਰੇ ਮਨ ਬਹੁਤ ਉਦਾਸ ਹੈ, ਬਹੁਤ ਦੁਖੀ ਹੈ। ਕਿੱਥੋਂ ਲਿਖਣਾ ਸ਼ੁਰੂ ਕਰਾਂ ਕਿੱਥੇ ਜਾ ਕੇ ਖ਼ਤਮ ਕਰਾ, ਆਪਣੀ ਇਸ ਕਹਾਣੀ ਨੂੰ। ਅਸੀਂ 31 ਪ੍ਰੋਫ਼ੈਸਰ ਆਪਣੀ ਜੇਲ੍ਹ ਡਾਇਰੀ ਲਿਖ ਰਹੇ ਹਾਂ। ਜੋ ਜੇਲ੍ਹ ਵਿੱਚ ਸਮਾਂ ਬਿਤਾ ਕੇ ਆਏ ਹਾਂ ਉਸ ਬਾਰੇ ਅਤੇ ਆਪਣੇ ਜੀਵਨ ਸੰਘਰਸ਼ ਬਾਰੇ।

1158 ਭਰਤੀ ਨੂੰ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ। ਮੈਂ ਪਿਛਲੇ ਤਿੰਨ ਸਾਲਾਂ ਤੋਂ ਹੀ ਇਸ ਦੇ ਲਈ ਸੰਘਰਸ਼ ਕਰ ਰਿਹਾ ਹਾਂ। 18 ਅਕਤੂਬਰ,2021 ਨੂੰ ਸ਼ਾਮ ਸੱਤ ਵਜੇ ਇਸ ਭਰਤੀ ਦੇ ਬਾਰੇ ਧਧ ਪੰਜਾਬੀ 'ਤੇ ਖ਼ਬਰ ਆਉਂਦੀ ਹੈ ਕਿ ਪੰਜਾਬ ਸਰਕਾਰ 1158 ਅਸਿਸਟੈਂਟ ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨਾ ਦੀ ਭਰਤੀ ਕੱਢ ਰਹੀ ਹੈ ਜਿਸ ਨੂੰ ਕਿ 45 ਦਿਨਾਂ ਦੇ ਵਿੱਚ ਪੰਜਾਬ ਸਰਕਾਰ ਨੇ ਮੁਕੰਮਲ ਕਰਨਾ ਹੈ।ਜਿਸ ਦਾ ਨੋਟੀਫਿਕੇਸ਼ਨ ਕੱਲ੍ਹ ਯਾਨੀ ਕਿ 19 ਅਕਤੂਬਰ, 2021 ਨੂੰ ਜਾਰੀ ਕੀਤਾ ਜਾਵੇਗਾ। ਮਨ ਵਿੱਚ ਕਈ ਤਰ੍ਹਾਂ ਦੇ ਵਿਚਾਰ ਆ ਰਹੇ ਸਨ ਕਿ ਇਹੋ ਜਿਹੀ ਕਿਹੜੀ ਭਰਤੀ ਹੈ ਜਿਹੜੀ 45 ਦਿਨਾਂ ਦੇ ਵਿੱਚ ਮੁਕੰਮਲ ਹੋਣ ਜਾ ਰਹੀ ਹੈ। ੳ ਤੋਂ ਲੈ ਕੇ ੜ ਤੱਕ ਸਾਰਾ ਮੁਕੰਮਲ ਪਰੋਸੈਸ 45 ਦਿਨਾਂ ਦੇ ਵਿੱਚ ਹੋਣਾ ਸੀ। ਅੱਜ ਤੱਕ ਪੰਜਾਬ ਦੇ ਇਤਿਹਾਸ ਵਿੱਚ ਮੈਨੂੰ ਨਹੀਂ ਲੱਗਦਾ ਕੋਈ ਭਰਤੀ ਐਨੇ ਕੁ ਦਿਨਾ ਦੇ ਵਿੱਚ ਪੂਰੀ ਹੋਈ ਹੋਵੇਗੀ। ਖੈਰ ਮੈਂ ਮਨ ਵਿੱਚੋਂ ਇਹ ਵਿਚਾਰ ਕੱਢ ਕੇ ਆਪਣੇ ਘਰ ਹੀ ਪੰਦਰਾਂ -ਪੰਦਰਾਂ, ਸੋਲਾਂ -ਸੋਲਾਂ ਘੰਟੇ ਪੜਨਾ ਸ਼ੁਰੂ ਕੀਤਾ ਅਤੇ ਆਪਣੀ ਦਿਨ ਰਾਤ ਦੀ ਮਿਹਨਤ ਨਾਲ ਇਸ ਭਰਤੀ ਵਿੱਚ ਪੰਜਾਬੀ ਵਿਸ਼ੇ ਵਿੱਚ ਚੁਣਿਆ ਗਿਆ।

ਨਤੀਜਾ ਕੀ ਨਿਕਲਿਆ, ਚੁਣੇ ਜਾਣ ਤੋਂ ਬਾਅਦ ਤਿੰਨ ਸਾਲ ਹੋ ਗਏ ਤਿੰਨ ਸਾਲ ਤੋਂ ਹੀ ਰੁਲ ਰਿਹਾ ਹਾਂ। ਮੈਂ ਇਹਨਾਂ ਤਿੰਨ ਸਾਲਾਂ ਦੇ ਵਿੱਚ ਇਸ ਭਰਤੀ ਨੂੰ ਲੈ ਕੇ ਛੇ ਵਾਰ ਹੀ ਖੁਸ਼ ਹੋਇਆ ਹਾਂ। 28 ਨਵੰਬਰ, 2021 ਜਿਸ ਦਿਨ ਰਿਜ਼ਲਟ ਆਇਆ, 29 ਨਵੰਬਰ,30 ਨਵੰਬਰ ਇਹਨਾਂ ਦੋ ਦਿਨਾਂ ਵਿੱਚ ਸਾਡੀ ਸਕਰੂਟਨੀ ਹੋਈ। 01 ਦਸੰਬਰ ਅਤੇ 02 ਦਸੰਬਰ ਨੂੰ ਇਹਨਾਂ ਪੰਜ ਦਿਨਾਂ ਦੇ ਵਿੱਚ ਮੈਂ ਅਤੇ ਮੇਰਾ ਪਰਿਵਾਰ ਹੱਦ ਤੋਂ ਵੀ ਜ਼ਿਆਦਾ ਖੁਸ਼ ਸੀ। ਮੈਨੂੰ ਇਹ ਲੱਗਦਾ ਸੀ ਕਿ ਮੈਨੂੰ ਪੂਰੀ ਦੁਨੀਆ ਦੀ ਅਤੇ ਪੂਰੀ ਜ਼ਿੰਦਗੀ ਦੀ ਖੁਸ਼ੀ ਮਿਲ ਗਈ। 03 ਦਸੰਬਰ,2021 ਨੂੰ ਮਾਣਯੋਗ ਹਾਈਕੋਰਟ ਵਲੋਂ 1158 ਭਰਤੀ ਤੇ ਰੋਕ ਲੱਗ ਜਾਂਦੀ ਹੈ ਸਾਡੇ ਸਾਰੇ ਸੁਪਨੇ ਇੱਕ ਹੀ ਝਟਕੇ ਵਿੱਚ ਟੁੱਟ ਜਾਂਦੇ ਹਨ। ਮੈਂ ਪਿਛਲੇ ਤਿੰਨ ਸਾਲਾਂ ਤੋਂ ਇਸ ਭਰਤੀ ਨੂੰ ਲੈ ਕੇ ਪੀੜਾ ਹੰਢਾ ਰਿਹਾ ਹਾਂ। ਮੈਂ ਪੱਕੇ ਧਰਨੇ ਤੇ ਲਗਾਤਾਰ ਛੇ ਮਹੀਨੇ ਰਿਹਾ ਹਾਂ। 31 ਅਗਸਤ, 2023 ਤੋਂ ਲੈ ਕੇ 29 ਫਰਵਰੀ, 2024 ਤੱਕ। ਮੈਂ ਇਹਨਾਂ ਛੇ ਮਹੀਨਿਆਂ ਵਿੱਚ ਉੱਥੇ ਹਰ ਤਰ੍ਹਾਂ ਦਾ ਦੁੱਖ ਹੰਢਾਇਆ। ਗਰਮੀ, ਸਰਦੀ, ਮੀਂਹ, ਝੱਖੜ, ਤੂਫ਼ਾਨ ਸਭ ਮੇਰੇ ਉੱਪਰ ਦੀ ਲੰਘੇ। ਧੁੰਦ ਵਾਲੇ ਦਿਨਾਂ ਦੇ ਵਿੱਚ ਇਹ ਹੁੰਦਾ ਸੀ ਕਿ ਕਿਤੇ ਕੋਈ ਗੱਡੀ ਹੀ ਨਾ ਸਾਡੇ ਉੱਪਰ ਚੜ੍ਹ ਜਾਵੇ। ਸਮਾਂ ਲੰਘਦਾ ਗਿਆ ਅਤੇ ਸਾਡਾ ਸੰਘਰਸ਼ ਚੱਲਦਾ ਰਿਹਾ।

ਮੈਨੂੰ ਚੇਤਾ ਹੈ ਜਦ ਮੈਂ ਸੱਤ ਅੱਠ ਸਾਲ ਦਾ ਸੀ ਤਾਂ ਮੈਂ ਇੱਕ ਵਾਰ ਆਪਣੇ ਪਿਤਾ ਜੀ ਨਾਲ ਨਾਭੇ ਜਾ ਰਿਹਾ ਸੀ ਸਾਈਕਲ ਦੇ ਪਿੱਛੇ ਬੈਠਾ। ਮੇਰੇ ਪਿੰਡ ਤੋਂ ਰਿਪੁਦਮਨ ਕਾਲਜ ਦੀ ਦੂਰੀ ਚਾਰ-ਪੰਜ ਕਿਲੋਮੀਟਰ ਹੈ। ਜਦ ਅਸੀਂ ਸਾਈਕਲ ਤੇ ਰਿਪੁਦਮਨ ਕਾਲਜ ਦੇ ਮੂਹਰੇ ਦੀ ਲੰਘ ਰਹੇ ਸੀ ਤਾਂ ਮੈਂ ਬੱਚਿਆਂ ਵਾਂਗੂੰ ਆਪਣੇ ਪਾਪੇ ਨੂੰ ਪੁੱਛਣਾ ਸ਼ੁਰੂ ਕੀਤਾ ਕਿ ਪਾਪੇ ਇਹ ਕੌਣ ਨੇ ਜਿਹਨਾਂ ਦੇ ਹੱਥਾਂ ਵਿੱਚ ਕਿਤਾਬਾਂ ਹਨ। ਮੇਰੇ ਪਾਪੇ ਨੇ ਮੈਨੂੰ ਦੱਸਿਆ ਕਿ ਇਹ ਕਾਲਜ ਦੇ ਵਿੱਚ ਪੜ੍ਹਨ ਵਾਲੇ ਮੁੰਡੇ ਕੁੜੀਆਂ ਹਨ। ਮੈਂ ਪਾਪੇ ਨੂੰ ਕਿਹਾ ਕਿ ਇਹ ਤਾਂ ਕਿੰਨੇ ਵੱਡੇ -ਵੱਡੇ ਹਨ ਇਹਨਾਂ ਦੇ ਤਾਂ ਕਿੰਨੀਆਂ ਵੱਡੀਆਂ -ਵੱਡੀਆਂ ਦਾੜੀਆਂ ਵੀ ਹਨ। ਮੇਰੇ ਪਾਪੇ ਨੇ ਮੈਨੂੰ ਦੱਸਿਆ ਕਿ ਇਹ ਬੀਏ, ਐਮ ਏ ਦੀ ਪੜ੍ਹਾਈ ਕਰਦੇ ਹਨ। ਇਹ ਪੜ੍ਹਾਈ ਕਰਦੇ -ਕਰਦੇ ਬੱਚੇ ਐਨੇ ਵੱਡੇ ਹੋ ਜਾਂਦੇ ਹਨ। ਫਿਰ ਮੈਂ ਆਪਣੇ ਪਾਪੇ ਨੂੰ ਪੁੱਛਿਆ ਕਿ ਇਹਨਾਂ ਨੂੰ ਵਰਦੀ ਪਾਉਣ ਦੀ ਵੀ ਲੋੜ ਨਹੀਂ। ਮੇਰੇ ਪਾਪਾ ਜੀ ਨੇ ਮੈਨੂੰ ਦੱਸਿਆ ਕਿ ਇਹ ਕੋਈ ਵੀ ਕੱਪੜੇ ਪਾ ਸਕਦੇ ਹਨ। ਮੇਰਾ ਅਗਲਾ ਸਵਾਲ ਇਹ ਸੀ ਕੀ ਕਿ ਮੈਂ ਵੀ ਕਾਲਜ ਦੇ ਵਿੱਚ ਪੜ੍ਹ ਸਕਦਾ ਹਾਂ ਕਿ ਮੈਂ ਵੀ ਬੀਏ, ਐਮ ਏ ਕਰ ਸਕਦਾ ਹਾਂ। ਮੇਰੇ ਪਾਪਾ ਜੀ ਨੇ ਮੈਨੂੰ ਕਿਹਾ ਬਿਲਕੁਲ ਕਰ ਸਕਦਾ ਜੇ ਤੂੰ ਵਧੀਆ ਪੜੇ ਤਾਂ ਮੈਂ ਅੱਗੋਂ ਜਵਾਬ ਦਿੱਤਾ ਕਿ ਮੈਂ ਵਧੀਆ ਪੜੂਗਾ। ਫਿਰ ਅਸੀਂ ਬਜ਼ਾਰ ਵਿੱਚ ਚਲੇ ਗਏ। ਸ਼ਾਇਦ ਮੇਰੇ ਸਕੂਲ ਵਾਲ਼ੀ ਵਰਦੀ ਖ੍ਰੀਦਣੀ ਸੀ। ਵਾਪਸੀ ਤੇ ਅਸੀਂ ਫਿਰ ਰਿਪੁਦਮਨ ਕਾਲਜ ਦੇ ਮੂਹਰੇ ਦੀ ਲੰਘੇ ਵਾਪਸੀ ਤੇ ਮੈਂ ਕੁਝ ਨਹੀਂ ਬੋਲਦਾ ਸਿਰਫ਼ ਮਹਿਸੂਸ ਕਰਦਾ ਜਾ ਰਿਹਾ ਕਿ ਇੱਕ ਦਿਨ ਮੈਂ ਵੀ ਇਸ ਕਾਲਜ ਦੇ ਵਿੱਚ ਪੜੂਗਾ। ਮੇਰੇ ਪਿਤਾ ਜੀ ਨੇ ਪਿੰਡ ਵਾਲੀ ਸੜਕ ਤੇ ਚੜਨ ਤੱਕ ਮੈਨੂੰ ਦੋ ਤਿੰਨ ਵਾਰ ਕਿਹਾ ਕਿ ਗ਼ਜ਼ਾ ਵਿਚ ਪੈਰ ਨਾ ਫਸਾ ਲਈ । ਮੈਂ ਬੱਚਿਆਂ ਵਾਲੀਆਂ ਸੋਚਾਂ ਵਿੱਚ ਗਵਾਚਾ ਕਹਿ ਦਿੰਦਾ ਕਿ ਠੀਕ ਆ।

ਮੇਰੇ ਮਜ਼ਦੂਰ ਪਿਤਾ ਨੇ ਪੱਲੇਦਾਰ ਪਿਤਾ ਨੇ ਕਿਵੇਂ ਨਾ ਕਿਵੇਂ ਤੰਗੀਆਂ ਤੁਰਸ਼ੀਆਂ ਕੱਟ ਕੇ ਮੈਨੂੰ ਰਿਪੁਦਮਨ ਕਾਲਜ ਵਿੱਚ ਪੜ੍ਹਾ ਦਿੱਤਾ ਮੈਨੂੰ ਬੀਏ, ਐਮ ਏ ਕਰਵਾ ਦਿੱਤੀ। ਮੈਂ ਵੀ ਆਪਣੀ ਲਗਨ ਨਾਲ ਆਪਣੀ ਮਿਹਨਤ ਨਾਲ ਉਹ ਸਾਰੀ ਪੜ੍ਹਾਈ ਪੂਰੀ ਕਰ ਲਈ ਜਿਹੜੀ ਪ੍ਰੋਫ਼ੈਸਰ ਬਣਨ ਲਈ ਚਾਹੀਦੀ ਸੀ ਅਤੇ ਮੈਂ 1158 ਭਰਤੀ ਵਿੱਚ ਸਲੈਕਟ ਹੋ ਗਿਆ।

ਛੇਵੀਂ ਵਾਰ ਮੈਂ ਇਸ ਭਰਤੀ ਦੇ ਸੰਬੰਧ ਵਿੱਚ ਉਦੋਂ ਖੁਸ਼ ਸੀ ਜਦੋਂ ਮਾਣਯੋਗ ਹਾਈਕੋਰਟ ਵਲੋਂ ਡਬਲ ਬੈਂਚ ਤੇ 23 ਸਤੰਬਰ, 2024 ਨੂੰ ਅਸੀਂ ਕੇਸ ਜਿੱਤ ਗਏ ਸੀ। ਫਿਰ ਸਵਾ ਦੋ ਮਹੀਨੇ ਬੀਤ ਜਾਣ ਬਾਅਦ ਜਦ 24 ਨਵੰਬਰ ਨੂੰ ਅਸੀਂ ਮੁੱਖ ਮੰਤਰੀ ਦੀ ਕੋਠੀ ਅੱਗੇ ਸੰਗਰੂਰ ਆਪਣੇ ਨਿਯੁਕਤੀ ਪੱਤਰ ਮੰਗਣ ਜਾਂਦੇ ਹਾਂ ਤਾਂ ਪੁਲਿਸ ਨਾਲ ਸਾਡੀ ਧੱਕਾ ਮੁੱਕੀ ਹੁੰਦੀ ਹੈ ਜਿਸ ਵਿੱਚ ਮੇਰੀ ਛਾਤੀ ਦਾ ਮਾਸ ਪਾਟ ਜਾਂਦਾ ਹੈ। ਜਿਸ ਦੀ ਦਵਾਈ ਮੈਂ ਅਜੇ ਤੱਕ ਖਾ ਰਿਹਾ ਹਾਂ। ਭੀੜ ਵਿੱਚ ਮੇਰੀ ਛਾਤੀ ਤੇ ਦੋ ਤਿੰਨ ਕਹੂਨੀਆ ਚੰਗੀ ਤਰ੍ਹਾਂ ਟਿੱਕ ਜਾਂਦੀਆਂ ਹਨ ਜਿਹਨਾਂ ਨੇ ਮੇਰੀ ਛਾਤੀ ਦਾ ਮਾਸ ਪਾੜ ਦਿੱਤਾ। ਮੈਨੂੰ ਪੰਜ ਮਿੰਟ ਐਨੀ ਤਕਲੀਫ਼ ਹੋਈ ਕਿ ਮੈਂ ਸੜਕ ਤੇ ਗਿਰ ਜਾਵਾਂਗਾ। ਪਰ ਸਰਕਾਰ ਸਾਡੇ ਤੇ ਐਨਾ ਤਸ਼ੱਦਦ ਕਰਨ ਤੋਂ ਬਾਅਦ ਵੀ ਟੱਸ ਤੋਂ ਮੱਸ ਨਹੀਂ ਹੋਈ।

ਹੱਦ ਤਾਂ ਸਰਕਾਰ ਨੇ ਉਸ ਦਿਨ ਕਰ ਦਿੱਤੀ ਜਦੋਂ 03 ਦਸੰਬਰ, 2024 ਨੂੰ ਸਾਨੂੰ ਸ਼ਾਂਤ ਮਈ ਪ੍ਰਦਰਸ਼ਨ ਕਰਦਿਆਂ ਨੂੰ ਮਰਨ ਵਰਤ ਰੱਖਣ ਵਾਲੇ ਸਾਥੀਆਂ ਸਮੇਤ ਸਾਨੂੰ ਪੁਲਿਸ ਜ਼ਬਰੀ ਚੁੱਕ ਕੇ ਵੱਖੋ-ਵੱਖ ਥਾਣਿਆਂ ਵਿੱਚ ਲੈ ਗਈ। ਸਾਨੂੰ ਰਾਤ ਭਰ ਥਾਣਿਆਂ ਵਿੱਚ ਰੱਖਿਆ ਗਿਆ। ਥਾਣਿਆਂ ਵਿੱਚ ਰਹਿਣ ਵਾਲੇ ਸਾਥੀਆਂ ਵਿੱਚ 09 ਕੁੜੀਆਂ ਸ਼ਾਮਿਲ ਸਨ ਜਿਨ੍ਹਾਂ ਨੂੰ ਪਹਿਲਾਂ ਬਾਲੀਆਂ ਥਾਣੇ ਵਿੱਚ ਅਤੇ ਫਿਰ ਰਾਤ ਭਰ ਸ਼ੇਰਪੁਰ ਥਾਣੇ ਵਿੱਚ ਰੱਖਿਆ ਗਿਆ। ਸਾਡੇ 10 ਸਾਥੀਆਂ ਨੂੰ ਧਰਮਗੜ੍ਹ ਥਾਣੇ ਵਿੱਚ ਰੱਖਿਆ ਗਿਆ ਅਤੇ ਸਾਨੂੰ 21 ਸਾਥੀਆਂ ਨੂੰ ਲਹਿਰੇ ਥਾਣੇ ਵਿੱਚ ਰੱਖਿਆ ਗਿਆ। ਕੁੜੀਆਂ ਨੂੰ ਸਵੇਰੇ 04 ਦਸੰਬਰ ਨੂੰ ਛੱਡ ਦਿੱਤਾ ਗਿਆ। ਸਾਨੂੰ 04 ਦਸੰਬਰ ਨੂੰ 21 ਸਾਥੀਆਂ ਨੂੰ ਪਹਿਲਾਂ ਲਹਿਰੇ ਐਸ. ਡੀ. ਐੱਮ ਕੋਲ ਪੇਸ਼ ਕਰਨ ਲਈ ਲੈ ਗਏ। ਫਿਰ ਬਿਨਾਂ ਪੇਸ਼ ਕੀਤੇ ਸਾਨੂੰ ਸੁਨਾਮ ਸਰਕਾਰੀ ਹਸਪਤਾਲ ਵਿੱਚ ਲੈ ਗਏ ਸਾਡਾ ਮੈਡੀਕਲ ਕਰਵਾਉਣ ਦੇ ਲਈ। ਸਾਨੂੰ ਘੰਟਾ ਡੇਢ੍ਹ ਘੰਟਾ ਵੈਨ ਦੇ ਵਿੱਚ ਬਿਠਾ ਕੇ ਰੱਖਿਆ। ਜਦ ਅਸੀਂ ਬਾਥਰੂਮ ਕਰਨ ਜਾਣਾ ਹੁੰਦਾ ਸੀ ਤਾਂ ਦੋ ਪੁਲਿਸ ਵਾਲੇ ਸਾਨੂੰ ਬਾਹਵਾਂ ਤੋਂ ਫੜ੍ਹ ਕੇ ਬਾਥਰੂਮ ਕਰਵਾਉਣ ਲਈ ਲੈ ਕੇ ਜਾਂਦੇ ਸਨ ਤਾਂ ਉਸ ਸਮੇਂ ਮਨ ਵਿੱਚ ਇੱਕੋ ਸਵਾਲ ਵਾਰ -ਵਾਰ ਚੱਲ ਰਿਹਾ ਸੀ ਕਿ ਮੈਂ ਕਿਹੜਾ ਗੁਨਾਹ ਕੀਤਾ ਜਿਹੜਾ ਮੇਰੇ ਨਾਲ ਇਹ ਸਲੂਕ ਕੀਤਾ ਜਾ ਰਿਹਾ ਹੈ। ਮੇਰਾ ਕਸੂਰ ਕੀ ਹੈ? ਮੈਨੂੰ ਇਸ ਸਵਾਲ ਦਾ ਜਵਾਬ ਦੇਣ ਵਾਲਾ ਕੋਈ ਨਹੀਂ ਸੀ ਮੈਂ ਵਾਰ-ਵਾਰ ਆਪਣੇ ਆਪ ਨਾਲ ਇਹ ਸਵਾਲ ਕਰ ਰਿਹਾ ਸੀ ਕਿ ਮੇਰਾ ਕਸੂਰ ਕੀ ਹੈ? ਕੀ ਮੇਰਾ ਕਸੂਰ ਸਿਰਫ ਇਹ ਹੈ ਕਿ ਮੈਂ ਆਪਣੇ ਨਿਯੁਕਤੀ ਪੱਤਰ ਨੂੰ ਮੰਗ ਰਿਹਾ ਹਾਂ, ਮੈਂ ਆਪਣੀ ਨੌਕਰੀ ਨੂੰ ਮੰਗ ਰਿਹਾ ਹਾਂ? ਮੈਂ ਮਾਨ ਸਾਹਿਬ ਤੁਹਾਨੂੰ ਇਹ ਸਵਾਲ ਕਰ ਰਿਹਾ ਹਾਂ ਕਿ ਜਦ ਤੁਹਾਨੂੰ ਕੁਲਫ਼ੀ ਗਰਮਾ ਗਰਮ ਵਰਗੀ ਪਹਿਲੀ ਕੈਸੇਟ ਅਤੇ ਸੁੱਖਾ ਫਿਲਮ ਤੋਂ ਲੈ ਕੇ ਮੁੱਖ ਮੰਤਰੀ ਬਣਨ ਤੱਕ ਕਿਸੇ ਨੇ ਨਹੀਂ ਰੋਕਿਆ ਤਾਂ ਤੁਸੀਂ ਇੱਕ ਪੱਲੇਦਾਰ ਦੇ ਪੁੱਤਰ ਨੂੰ ਪ੍ਰੋਫ਼ੈਸਰ ਬਣਨ ਤੋਂ ਕਿਉਂ ਰੋਕ ਰਹੇ ਹੋ?

ਮੈਡੀਕਲ ਕਰਵਾਉਣ ਤੋਂ ਬਾਅਦ ਸਾਨੂੰ ਪੁਲਿਸ ਵੈਨ ਸੰਗਰੂਰ ਜੇਲ੍ਹ ਵਿੱਚ ਲੈ ਕੇ ਜਾਂਦੀ ਹੈ। ਪੁਲਿਸ ਵੈਨ ਦੇ ਅੱਗੇ ਦੋ ਪੁਲਿਸ ਦੀਆਂ ਗੱਡੀਆਂ ਅਤੇ ਇੱਕ ਗੱਡੀ ਪਿੱਛੇ ਹੁੰਦੀ ਹੈ। ਸਾਨੂੰ ਪੂਰੇ ਫ਼ਿਲਮੀ ਸਟਾਇਲ ਦੇ ਵਿੱਚ ਖ਼ਤਰਨਾਕ ਮੁਜਰਮਾਂ ਵਾਂਗ ਜੇਲ੍ਹ ਦੇ ਵਿੱਚ ਲਿਜਾਇਆ ਜਾਂਦਾ ਹੈ। ਸਾਨੂੰ ਮੁਜਰਮਾਂ ਵਾਂਗ ਹੀ ਗੱਡੀ ਦੇ ਵਿੱਚੋ ਉਤਾਰਿਆ ਜਾਂਦਾ ਹੈ ਸਾਡਾ ਸਾਰਾ ਹੀ ਸਾਮਾਨ ਜੇਲ੍ਹ ਤੋਂ ਬਾਹਰ ਰਖਵਾਇਆ ਜਾਂਦਾ ਹੈ ਫਿਰ ਵੱਡੇ- ਵੱਡੇ ਗੇਟਾਂ ਦੇ ਰਾਹੀਂ ਸਾਨੂੰ ਜੇਲ੍ਹ ਦੇ ਅੰਦਰ ਵਾੜਿਆ ਜਾਂਦਾ ਹੈ। ਜਿੱਥੇ ਸਾਡੀ ਵਾਰ- ਵਾਰ ਤਲਾਸ਼ੀ ਹੁੰਦੀ ਹੈ। ਵਾਰ-ਵਾਰ ਗਿਣਤੀ ਹੁੰਦੀ ਹੈ। ਸਾਡੇ ਨਾਲ ਸਾਰਾ ਸਲੂਕ ਕੈਦੀਆਂ ਵਾਲਾ ਕੀਤਾ ਜਾਂਦਾ ਹੈ। ਉਸੇ ਤਰੀਕੇ ਨਾਲ ਸਾਨੂੰ ਰੋਟੀ ਮਿਲਦੀ ਹੈ ਉਸੇ ਤਰੀਕੇ ਨਾਲ ਸਾਨੂੰ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ।

ਦੋ ਦਿਨ ਅਤੇ ਇੱਕ ਰਾਤ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ 05 ਦਸੰਬਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ਼ ਸਾਨੂੰ ਜੇਲ੍ਹ ਵਿੱਚੋ ਸ਼ਾਮ ਨੂੰ ਸਾਢੇ ਸੱਤ ਵਜੇ ਰਿਹਾਅ ਕਰ ਦਿੱਤਾ ਜਾਂਦਾ ਹੈ। ਸਾਨੂੰ ਜੇਲ੍ਹ ਵਿੱਚੋ ਤਾਂ ਰਿਹਾਅ ਕਰ ਦਿੱਤਾ ਪਰ ਪੰਜਾਬ ਸਰਕਾਰ ਦੇ ਇਸ ਸ਼ਰਮਨਾਕ ਕੀਤੇ ਕਾਰੇ ਵਿੱਚੋਂ ਅਸੀਂ ਅਜੇ ਤੱਕ ਰਿਹਾਅ ਨਹੀਂ ਹੋਏ। ਪੰਜਾਬ ਸਰਕਾਰ ਦੇ ਮੂੰਹ ਤੇ ਇੱਕ ਕਾਲਖ ਵੱਜ ਚੁੱਕੀ ਹੈ ਅਤੇ ਸਾਨੂੰ ਆਪਣੇ ਆਪ ਉੱਪਰ ਮਾਣ ਹੈ ਕਿ ਅਸੀਂ ਆਪਣੇ ਹੱਕ ਲਈ ਅੰਦਰ ਗਏ ਹਾਂ ਕੋਈ ਮਾੜਾ ਕੰਮ ਕਰਕੇ ਨਹੀਂ।

ਪਰ ਸਰਕਾਰ ਨੂੰ ਮੇਰਾ ਇੱਕੋਂ ਸਵਾਲ ਵਾਰ-ਵਾਰ ਹੈ ਕਿ ਮੇਰਾ ਕੀ ਕਸੂਰ ਸੀ ਮੇਰੇ 31 ਸਾਥੀਆਂ ਦਾ ਕੀ ਕਸੂਰ ਸੀ ਜਿਹੜਾ ਸਾਨੂੰ ਜੇਲ੍ਹ ਵਿੱਚ ਭੇਜਿਆ? ਕੀ ਪੰਜਾਬ ਸਰਕਾਰ ਨੂੰ ਇਹ ਗੱਲ ਮਨਜ਼ੂਰ ਨਹੀਂ ਕੀ ਇੱਕ ਪੱਲੇਦਾਰ ਦਾ ਪੁੱਤਰ ਪ੍ਰੋਫ਼ੈਸਰ ਬਣ ਜਾਵੇ?

# ਲੋਕਤੰਤਰ ਲਈ ਖ਼ਤਰਾ-ਬੁਲਡੋਜ਼ਰ ਨੀਤੀ



ਗੁਰਮੀਤ ਪਲਾਹੀ
91-98158-02070

ਦੇਸ਼ ਵਿੱਚ ਧੱਕੇ-ਧੌਂਸ ਦੀ ਸਿਆਸਤ ਦਾ ਹੋ ਰਿਹਾ ਪਸਾਰਾ ਬੇਹੱਦ ਚਿੰਤਾਜਨਕ ਹੈ। ਸੰਸਦ ਵਿੱਚ ਅਤੇ ਸੰਸਦ ਦੇ ਬਾਹਰ ਦੇਸ਼ ਦੇ ਚੁਣੇ ਮੈਂਬਰਾਂ ਨੂੰ ਆਪਣੇ ਵਲੋਂ ਰੋਸ ਪ੍ਰਗਟ ਕਰਨ ਵੇਲੇ, ਜਿਸ ਕਿਸਮ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਅਤੇ ਸੰਸਦ ਭਵਨ 'ਚ ਪ੍ਰਦਰਸ਼ਨ ਦੌਰਾਨ ਸੱਤਾ ਤੇ ਵਿਰੋਧੀ ਧਿਰ ਵਿਚਕਾਰ ਧੱਕਾ-ਮੁੱਕੀ ਹੋਈ, ਉਹ ਸ਼ਰਮਨਾਕ ਅਤੇ ਨਿੰਦਣਯੋਗ ਹੈ।

ਸੰਵਿਧਾਨ ਦੇ 75 ਵਰ੍ਹਿਆਂ ਦੀ ਗੌਰਵਸ਼ਾਲੀ ਯਾਤਰਾ 'ਚ ਬਹਿਸ ਦੇ ਦੌਰਾਨ ਮਹਿੰਗਾਈ, ਸੰਘਵਾਦ ਅਤੇ ਬੇਰੁਜ਼ਗਾਰੀ ਜਿਹੇ ਵਿਸ਼ਿਆਂ ਉਤੇ ਜ਼ੋਰਦਾਰ ਬਹਿਸ ਦੀ ਆਸ ਸੀ, ਪਰੰਤੂ ਉਸਦੀ ਥਾਂ ਗੌਤਮ ਅਡਾਨੀ, ਜਾਰਜ ਸੋਰੇਸ, ਪੰਡਿਤ ਜਵਾਹਰ ਲਾਲ ਨਹਿਰੂ ਚਰਚਾ ਵਿੱਚ ਰਹੇ। ਪਰ ਗ੍ਰਹਿ ਮੰਤਰੀ ਦਾ ਭਾਸ਼ਣ "ਇਹ ਫੈਸ਼ਨੇਵਲ ਹੋ ਗਿਆ ਹੈ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ.. ਅਗਰ ਆਪਨੇ ਇੰਨੀ ਵੇਰ ਭਗਵਾਨ ਦਾ ਨਾਂਅ ਲਿਆ ਹੁੰਦਾ ਤਾਂ ਸੱਤ ਜਨਮਾਂ ਦੇ ਲਈ ਸਵਰਗ ਚਲੇ ਜਾਂਦੇ"। ਇਸ ਬਿਆਨ 'ਤੇ ਸੰਸਦ ਦੇ ਅੰਦਰ ਅਤੇ ਬਾਹਰ ਹੰਗਾਮਾ ਹੋਇਆ।

75 ਸਾਲ ਦੇ ਸੰਸਦੀ ਇਤਿਹਾਸ ਵਿੱਚ "ਮਾਨਯੋਗ-ਸਤਿਕਾਰ ਯੋਗ" ਆਪਣੀ ਪਾਰਟੀ ਦੀ ਖ਼ੈਰ ਖੁਆਹੀ ਵਿੱਚ ਦੂਜੀ ਪਾਰਟੀ ਦੇ ਸਾਂਸਦ ਨਾਲ ਧੱਕਾ-ਮੁੱਕੀ ਕਰਨ ਲਗਣ ਤਾਂ ਇਹ ਕਹਿਣਾ ਕਿ ਭਾਰਤ ਵਿੱਚ ਲੋਕਤੰਤਰ ਦਾ ਇਤਿਹਾਸ 2000 ਸਾਲ ਪੁਰਾਣਾ ਹੈ, ਮਜ਼ਾਕ ਲੱਗੇਗਾ। ਇਹ ਮਜ਼ਾਕ ਉਸ ਵੇਲੇ ਵੀ ਜਾਪਦਾ ਹੈ, ਜਦੋਂ ਸੰਸਦ ਵਿੱਚ ਕੋਈ ਵਿਰੋਧੀ ਧਿਰ ਦਾ ਮੈਂਬਰ ਆਪਣੀ ਗੱਲ ਰੱਖਦਾ ਹੈ ਤਾਂ ਬਹੁਗਿਣਤੀ ਵਲੋਂ ਸੱਤਾਧਾਰੀ ਆਗੂ "ਹੂਟਿੰਗ" ਕਰਦੇ ਹਨ।

ਪਿਛਲਾ ਇੱਕ ਦਹਾਕਾ ਦੇਸ਼ ਦੇ ਹਾਕਮਾਂ ਨੇ ਵੱਡੀਆਂ ਮਨ-ਮਾਨੀਆਂ ਕੀਤੀਆਂ ਹਨ। ਲੋਕਾਂ ਦੀਆਂ ਆਸਾਂ ਤੋਂ ਉਲਟ ਲੋਕ ਵਿਰੋਧੀ ਫ਼ੈਸਲੇ ਕੀਤੇ ਹਨ, ਉਹਨਾ ਦੇ ਅਧਿਕਾਰਾਂ ਦਾ ਘਾਣ ਕੀਤਾ ਹੈ, ਅਤੇ ਕਈ ਇਹੋ ਜਿਹੇ ਫ਼ੈਸਲੇ ਲਏ ਹਨ, ਜਿਸ ਨਾਲ ਲੋਕਤੰਤਰੀ ਭਾਰਤ ਦਾ ਚਿਹਰਾ ਤਿੜਕਿਆ ਹੈ। ਇਥੇ ਹੀ ਬੱਸ ਨਹੀਂ ਹਾਕਮਾਂ ਵਲੋਂ ਦੇਸ਼ ਦੇ ਸੰਘੀ ਢਾਂਚੇ ਦੇ ਪਰਖੱਚੇ ਉਡਾਕੇ ਸੂਬਿਆਂ ਦੀਆਂ ਸਰਕਾਰਾਂ ਦੇ ਹੱਕ-ਹਕੂਕ ਆਪਣੇ ਬੱਸ ਕਰਕੇ, ਸੰਵਿਧਾਨ ਦੀ ਮੂਲ ਭਾਵਨਾ ਉਤੇ ਸੱਟ ਮਾਰਨ ਤੋਂ ਵੀ ਹਾਕਮਾਂ ਨੇ ਗੁਰੇਜ ਨਹੀਂ ਕੀਤਾ।

ਇੱਕ ਵਰਤਾਰਾ ਇਹਨਾ ਸਾਲਾਂ ਵਿੱਚ ਵੇਖਣ ਲਈ ਜੋ ਆਮ ਮਿਲਿਆ ਉਹ ਇਹ ਸੀ ਕਿ ਵਿਰੋਧੀ ਵਿਚਾਰਾਂ ਵਾਲੇ ਬੁੱਧੀਜੀਵੀਆਂ, ਲੇਖਕਾਂ, ਚਿੰਤਕਾਂ ਨੂੰ ਜੇਲ੍ਹੀ ਡੱਕ ਕੇ ਉਹਨਾ ਲੋਕਾਂ ਦੀ ਆਵਾਜ਼ ਬੰਦ ਕੀਤੀ, ਜੋ ਹਕੂਮਤ ਦੇ ਆਸ਼ਿਆਂ ਦੇ ਵਿਰੁੱਧ ਕੋਈ ਵੀ ਆਵਾਜ਼ ਉਠਾਉਂਦੇ ਸਨ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰਾਂ ਖਿਲਾਫ਼ ਕੇਸ ਦਰਜ਼ ਹੋਏ ਹਨ, ਉਹਨਾ ਨੂੰ ਜੇਲ੍ਹੀ ਡੱਕਿਆ ਗਿਆ ਹੈ। ਸਿਆਸੀ ਵਿਰੋਧੀਆਂ ਨੂੰ ਆਪਣੇ ਨਾਲ ਮਿਲਾਉਣ ਲਈ ਸਾਮ, ਦਾਮ, ਦੰਡ ਦੇ ਫਾਰਮੂਲੇ ਦੀ ਵਰਤੋਂ ਦੇਸ਼ ਵਿਆਪੀ ਹੋਈ। ਸੂਬਿਆਂ ਦੀਆਂ ਵਿਰੋਧੀ ਸਰਕਾਰਾਂ, ਵਿਧਾਇਕ ਖਰੀਦਕੇ ਤੋੜੀਆਂ ਗਈਆਂ, ਜਿਸ ਵਿੱਚ ਸੀ.ਬੀ.ਆਈ., ਈ।ਡੀ। ਅਤੇ ਖੁਦਮੁਖਤਾਰ ਸੰਸਥਾਵਾਂ ਦੀ ਖੁਲ੍ਹੇਆਮ ਦੁਰਵਰਤੋਂ ਹੋਈ। ਕੀ ਇਹ ਸਚਮੁੱਚ ਲੋਕਤੰਤਰ ਦਾ ਘਾਣ ਨਹੀਂ ਸੀ?

ਘੱਟ ਗਿਣਤੀਆਂ ਨਾਲ, ਜੋ ਵਰਤਾਰਾ ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਹੋਇਆ, ਉਸਦਾ ਬਿਆਨ ਕਰਨਾ ਕੁਥਾਵਾਂ ਨਹੀਂ ਹੋਏਗਾ। ਦਿੱਲੀ 'ਚ ਦੰਗੇ ਹੋਏ, ਯੂ।ਪੀ। 'ਚ ਮੁਸਲਮਾਨਾਂ, ਹਿੰਦੂਆਂ ਦੀਆਂ ਝੜਪਾਂ ਹੋਈਆਂ। ਇਥੇ ਇਕਪਾਸੜ ਕਾਰਵਾਈਆਂ ਕਰਦਿਆਂ ਜਿਵੇਂ ਯੂਪੀ ਸੂਬਾ ਸਰਕਾਰ ਵਲੋਂ ਬੁਲਡੋਜ਼ਰ ਨੀਤੀ ਅਪਨਾਈ ਗਈ, ਉਹ ਰਾਜਵਾੜਾਸ਼ਾਹੀ ਦੇ ਸਮਿਆਂ ਨੂੰ ਯਾਦ ਕਰਾਉਂਦੀ ਦਿਸੀ। ਮੌਕੇ 'ਤੇ ਹੀ ਰਿਹਾਇਸ਼ੀ, ਮਕਾਨ ਢਾਉਣ ਦਾ ਫ਼ੈਸਲਾ ਕਰਨ ਲਈ ਅਧਿਕਾਰੀਆਂ ਨੂੰ ਦਿੱਤੀ ਖੁਲ੍ਹ ਨੇ ਜਿਵੇਂ ਪੂਰੇ ਦੇਸ਼ ਵਿੱਚ ਤਰਥੱਲੀ ਮਚਾ ਦਿੱਤੀ। ਜਿਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੂੰ ਸਖ਼ਤ ਸਟੈਂਡ ਲੈਂਦਿਆਂ ਕਹਿਣਾ ਪਿਆ ਕਿ ਇਹ ਕਿਸੇ ਵੀ ਭਾਰਤੀ ਸ਼ਹਿਰੀ ਦੇ ਮੁਢਲੇ ਹੱਕਾਂ ਉਤੇ ਛਾਪਾ ਹੈ।

ਇਵੇਂ ਹੀ ਮਸਜਿਦਾਂ, ਮਸੀਤਾਂ ਹੇਠ ਮੰਦਰ ਦੀ ਹੋਂਦ ਦੀ ਗੱਲ, ਹੇਠਲੀਆਂ ਅਦਾਲਤਾਂ ਵਿੱਚ ਲੈਜਾਕੇ ਜਿਵੇਂ ਅੰਤਰਮ ਫ਼ੈਸਲੇ ਹੋਏ, ਉਸ ਨਾਲ ਫਿਰਕੂ ਦੰਗਿਆਂ ਦੀ ਅਸ਼ੰਕਾ ਵਧੀ, ਜਿਸ ਸਬੰਧੀ ਭਾਰਤੀ ਸੁਪਰੀਮ ਕੋਰਟ ਵਲੋਂ ਇੱਕ ਹੁਕਮ ਜਾਰੀ ਕਰਕੇ ਇਹ ਸਪਸ਼ਟ ਕੀਤਾ ਗਿਆ ਕਿ 1947 ਤੋਂ ਪਹਿਲਾਂ ਬਣੇ ਕਿਸੇ ਵੀ ਧਾਰਮਿਕ ਸਥਾਨ ਨੂੰ ਢਾਇਆ ਨਹੀਂ ਜਾ ਸਕਦਾ, ਨਾ ਉਸ ਸਬੰਧੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਪਰ ਕੀ ਇਹਨਾ ਫ਼ੈਸਲਿਆਂ ਬਾਰੇ ਸਰਕਾਰ ਪਹਿਲਾਂ ਜਾਣੂ ਨਹੀਂ ਸੀ ਜਾਂ ਫਿਰ ਜਾਣ ਬੁਝ ਕੇ ਭਾਈਚਾਰਕ ਮਾਹੌਲ ਖਰਾਬ ਕਰਨ ਜਾਂ ਖਰਾਬ ਮਾਹੌਲ ਸਮੇਂ ਚੁੱਪੀ ਵੱਟ ਲੈਣ ਦੀ ਧਾਰਨਾ ਤਹਿਤ ਦੇਸ਼ ਨੂੰ ਇੱਕ ਦੇਸ਼, ਇੱਕ ਕੌਮ, ਇੱਕ ਧਰਮ, ਦੇ ਸੰਕਲਪ ਨੂੰ ਅੱਗੇ ਤੋਰਨ ਦੇ ਰਾਹ ਨੂੰ ਮੋਕਲਿਆਂ ਕਰਨ ਲਈ ਵਰਤਿਆ ਗਿਆ।

ਗੱਲ ਮਨੀਪੁਰ ਦੀ ਕਰ ਲੈਂਦੇ ਹਾਂ, ਜਿਥੇ ਦੋ ਤਿੰਨ ਕਬੀਲਿਆਂ ਨੂੰ ਆਪਸ ਵਿੱਚ ਲੜਨ ਲਈ ਛੱਡ ਦਿੱਤਾ ਗਿਆ ਹੈ, ਜਿਥੇ ਰੋਜ਼ਾਨਾ ਅੱਗਜਨੀ, ਮਾਰ ਵੱਢ ਹੁੰਦੀ ਹੈ ਤੇ ਸੂਬਾ ਸਰਕਾਰ ਚੁੱਪੀ ਧਾਰੀ ਬੈਠੀ ਹੈ। ਦੇਸ਼ ਵਿਚਲਾ ਸਰਕਾਰ ਦਾ ਇਹ ਵਰਤਾਰਾ ਉਸ ਵੇਲੇ ਹੋਰ ਵੀ ਸਪਸ਼ਟ ਦਿਖਦਾ ਹੈ, ਜਦੋਂ ਸੂਬਾ ਸਰਕਾਰ ਦੇ ਨਾਲ ਕੇਂਦਰ ਦੀ ਸਰਕਾਰ ਵੀ "ਰੋਮ ਜਲ ਰਹਾ ਹੈ ਨੀਰੋ ਬੰਸਰੀ ਬਜਾ ਰਹਾ ਹੈ" ਵਾਂਗਰ ਤਮਾਸ਼ਾ ਵੇਖੀ ਜਾ ਰਹੀ ਹੈ। ਦੇਸ਼ ਦੀ ਮੋਦੀ ਸਰਕਾਰ ਵਲੋਂ ਨਿੱਤ ਨਵੀਆਂ ਸਕੀਮਾਂ



ਘੜੀਆਂ ਗਈਆਂ, ਉਹਨਾ ਸਕੀਮਾਂ ਦਾ ਅਤਿਅੰਤ ਪ੍ਰਚਾਰ 'ਗੋਦੀ ਮੀਡੀਆ ਅਤੇ ਸਰਕਾਰੀ ਸਾਧਨਾਂ ਨਾਲ ਕਰਵਾਇਆ ਗਿਆ। ਪਰ ਉਹਨਾ ਵਿਚੋਂ 90 ਫ਼ੀਸਦੀ ਕੋਹ ਨਾ ਚੱਲੀ ਬਾਬਾ ਤਿਹਾਈ ਵਾਂਗਰ ਚੁਪਚਾਪ ਕਾਗਜ਼ੀ ਪੱਤਰੀ ਨਿਪਟਾ ਦਿੱਤੀਆਂ ਗਈਆਂ। ਕਿਧਰ ਗਈ ਜਨ ਧਨ ਯੋਜਨਾ? ਸਟਾਰਟ ਅੱਪ ਯੋਜਨਾ? ਬੇਟੀ ਬਚਾ ਬੇਟੀ ਪੜ੍ਹਾ ਯੋਜਨਾ? ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ? ਉਂਜ ਕੁਲ ਮਿਲਾਕੇ 2022 ਦੇ ਕੇਂਦਰੀ ਬਜ਼ਟ ਅਨੁਸਾਰ 740 ਕੇਂਦਰੀ ਯੋਜਨਾਵਾਂ ਹਨ ਅਤੇ 65 ਕੇਂਦਰ ਵਲੋਂ ਸਪਾਂਸਰਡ ਯੋਜਨਾਵਾਂ ਹਨ। ਪਰ ਇਹਨਾ ਵਿਚੋਂ ਕਿੰਨੀਆਂ ਲੋਕਾਂ ਦੇ ਦਰੀਂ ਪੁੱਜੀਆਂ ਹਨ ? ਜਿਹੜੀਆਂ ਕੁਝ ਯੋਜਨਾਵਾਂ "ਆਯੂਸ਼ਮਾਨ ਸਿਹਤ ਬੀਮਾ ਯੋਜਨਾ ਜਾਂ ਮਗਨਰੇਗਾ ਵਰਗੀਆਂ ਪੇਂਡੂ ਖੇਤਰ 'ਚ ਰੁਜ਼ਗਾਰ ਪ੍ਰਦਾਨ ਕਰਨ ਵਾਲੀਆਂ ਯੋਜਨਾਵਾਂ ਹਨ, ਜਿਹਨਾ ਦਾ ਲੋਕਾਂ ਨੂੰ ਫ਼ਾਇਦਾ ਤਾਂ ਹੋ ਸਕਦਾ ਹੈ, ਉਹ ਕੇਂਦਰੀ ਬਜ਼ਟ ਘਟਾਕੇ ਜਾਂ ਉਸ ਨੂੰ ਸੀਮਤ ਕਰਕੇ ਕੇਂਦਰ ਦੀ ਸਰਕਾਰ ਨੇ ਇਹਨਾ ਨੂੰ ਕੁਝ ਹੱਦ ਤੱਕ ਨੁਕਰੇ ਲਾਉਣ ਦਾ ਕੰਮ ਕੀਤਾ ਹੈ।

ਪਿਛਲੇ ਕੁਝ ਸਾਲਾਂ 'ਚ ਅਮੀਰਾਂ ਦੀ ਜਾਇਦਾਦ ਤੇਜ਼ੀ ਨਾਲ ਵਧੀ ਹੈ। ਦੇਸ਼ ਵਿੱਚ 8 ਕਰੋੜ ਤੋਂ ਜ਼ਿਆਦਾ ਜਾਇਦਾਦ ਵਾਲੇ 815 ਲੱਖ ਤੋਂ ਜ਼ਿਆਦਾ ਲੋਕ ਹਨ। 250 ਕਰੋੜ ਰੁਪਏ ਤੋਂ ਜ਼ਿਆਦਾ ਜਾਇਦਾਦ ਵਾਲੇ ਲੋਕਾਂ ਦੇ ਅਲਟਰਾ-ਹਾਈ-ਨੈੱਟਵਰਥ ਬੀਤੇ ਸਾਲ ਵਿੱਚ 6 ਫ਼ੀਸਦੀ ਵਧ ਗਏ ਅਤੇ ਇਹਨਾ ਦੀ ਗਿਣਤੀ 13,600 ਹੋ ਗਈ ਹੈ। ਅਮੀਰਾਂ ਦੀ ਸਭ ਤੋਂ ਜ਼ਿਆਦਾ ਕਮਾਈ ਟੈਕਨੌਲੋਜੀ, ਮੈਨੂਫੈਕਚਰਿੰਗ ਸੈਕਟਰ, ਰੀਅਲ ਇਸਟੇਟ, ਸ਼ੇਅਰ ਬਜ਼ਾਰ,ਵਿੱਚ ਹੈ। ਉਧਰ ਦੇਸ਼ ਦੀ ਕੁੱਲ 142 ਕਰੋੜ ਆਬਾਦੀ ਵਿੱਚ 80 ਕਰੋੜ ਲੋਕ ਇਹੋ ਜਿਹੇ ਹਨ, ਜਿਹਨਾ ਨੂੰ ਸਰਕਾਰ ਮੁਫ਼ਤ ਰਾਸ਼ਨ ਮੁਹੱਈਆ ਕਰਦੀ ਹੈ।

ਮਸ਼ਹੂਰ ਅਰਥ ਸ਼ਾਸ਼ਤਰੀ ਥਾਮਸ ਪਿਕੇਟੀ ਦਾ ਕਹਿਣਾ ਹੈ ਕਿ ਭਾਰਤ ਵਿੱਚ ਦੱਖਣੀ ਅਫਰੀਕਾ ਦੇ ਬਾਅਦ ਗਰੀਬ-ਅਮੀਰ ਦੇ ਵਿੱਚ ਖਾਈ ਸਭ ਤੋਂ ਜਿਆਦਾ ਹੈ। ਉਹਨਾ ਨੇ ਸੁਝਾਇਆ ਕਿ ਸਿੱਖਿਆ, ਸਿਹਤ ਜਿਹੀਆਂ ਅਹਿਮ ਸੇਵਾਵਾਂ ਉਤੇ ਲੋੜੀਂਦੇ ਖ਼ਰਚ ਲਈ ਜ਼ਰੂਰੀ ਧਨ ਰਾਸ਼ੀ ਦੇਸ਼ ਦੇ ਸਿਰਫ਼ 167 ਅਰਬਪਤੀਆਂ ਉਤੇ ਦੋ ਫ਼ੀਸਦੀ 'ਸੁਪਰ ਟੈਕਸ" ਲਾਕੇ ਹਾਸਲ ਕੀਤੀ ਜਾ ਸਕਦੀ ਹੈ। ਪਰ ਕਿਉਂਕਿ ਦੇਸ਼ ਵਿੱਚ ਸਰਕਾਰ ਪੂੰਜੀਪਤੀਆਂ ਦੀ ਹੈ, ਧਨ ਕੁਬੇਰਾਂ ਦੀ ਹੈ। ਉਹਨਾ ਦੇ ਇਸ ਬਿਆਨ ਤੋਂ ਬਾਅਦ ਭਾਰਤ ਸਰਕਾਰ ਦੇ ਮੁੱਖ ਆਰਥਕ ਸਲਾਹਕਾਰ ਨੇ ਕਿਹਾ ਕਿ ਇਹੋ ਜਿਹੇ ਕਿਸੇ ਦੀ ਟੈਕਸ ਨਾਲ ਪੂੰਜੀ ਦਾ "ਪਲਾਇਨ" ਹੋਏਗਾ ਅਤੇ ਨਿਵੇਸ਼ ਦਾ ਮਾਹੌਲ ਖ਼ਰਾਬ ਹੋਏਗਾ।

ਉਂਜ ਵੀ ਵੇਖਣ ਵਾਲੀ ਗੱਲ ਹੈ ਕਿ ਸਰਕਾਰ ਜਿਵੇਂ ਨਿੱਜੀਕਰਨ ਦੇ ਰਾਹ ਉਤੇ ਹੈ, ਉਸ ਨੂੰ ਇਹੋ ਜਿਹੀ ਨੀਤੀ ਰਾਸ ਨਹੀਂ ਆ ਸਕਦੀ। ਸਾਲ 2019-20 ਵਿੱਚ ਕੇਂਦਰ ਸਰਕਾਰ ਅਤੇ ਸਰਵਜਨਕ ਖੇਤਰ ਵਿੱਚ ਪੂੰਜੀਗਤ ਨਿਵੇਸ਼ 4.7 ਸੀ ਜੋ ਸਾਲ 2023-24 'ਚ ਘੱਟਕੇ 3.8 ਰਹਿ ਗਿਆ। ਆਖ਼ਰ ਕਿਉਂ? ਇਸ ਲਈ ਕਿ ਸਰਵਜਨਕ ਸੰਸਥਾਵਾਂ ਸਰਕਾਰ ਵਲੋਂ ਵੇਚੀਆਂ ਜਾ ਰਹੀਆਂ ਹਨ।

ਅੰਕੜਿਆਂ ਨਾਲ ਵੋਟਰਾਂ ਨੂੰ ਭਰਮਾਉਣ ਵਾਲੀ ਕੇਂਦਰ ਦੀ ਸਰਕਾਰ ਕਿਵੇਂ ਅੰਕੜਿਆਂ ਨਾਲ ਖੇਡਦੀ ਹੈ, ਉਸਦੀ ਇੱਕ ਉਦਾਹਰਨ ਕੇਂਦਰੀ ਕਿਰਤ ਮੰਤਰੀ ਦੇ ਇੱਕ ਬਿਆਨ ਤੋਂ ਵੇਖੀ ਜਾ ਸਕਦੀ ਹੈ, ਜਿਸ 'ਚ ਉਹ ਕਹਿੰਦੇ ਹਨ ਕਿ ਇੱਕ ਨਾਰੀ ਕਿਸੇ ਦੂਜੇ ਦੇ ਬੱਚੇ ਲਈ "ਆਇਆ" ਦਾ ਕੰਮ ਕਰਦੀ ਹੈ ਤਾਂ ਉਹ ਰੁਜ਼ਗਾਰ ਮੰਨਿਆ ਜਾਂਦਾ ਹੈ, ਲੇਕਿਨ ਇਹੀ ਨਾਰੀ ਜੇਕਰ ਆਪਣਾ ਬੱਚਾ ਪਾਲੇ ਤਾਂ ਉਸਨੂੰ ਨੌਕਰੀਸ਼ੁਦਾ ਨਹੀਂ ਮੰਨਿਆ ਜਾਂਦਾ। ਸਾਨੂੰ ਇਸ ਵਿਸ਼ਵ ਪੱਧਰੀ ਪ੍ਰੀਭਾਸ਼ਾ ਦੀ ਜਗਾਹ ਆਪਣੀ ਪ੍ਰੀਭਾਸ਼ਾ ਦੇਣੀ ਹੋਵੇਗੀ" ਪਰ ਕੀ ਪਰੀਭਾਸ਼ਾ ਬਦਲਣ ਨਾਲ ਆਮਦਨ ਵੱਧ ਜਾਏਗੀ? ਇਹ ਤਾਂ ਰੁਜ਼ਗਾਰ ਦੇ ਅੰਕੜੇ ਵਧਾਉਣ ਦਾ ਯਤਨ ਹੀ ਹੈ। ਅਸਲ 'ਚ ਦੇਸ਼ 'ਚ ਬੇਰੁਜ਼ਗਾਰੀ ਬੇਹੱਦ ਹੈ। ਸਰਕਾਰ ਕੁਝ ਕਰਨ ਦੀ ਵਿਜਾਬੇ ਅੰਕੜਿਆਂ ਨਾਲ ਲੋਕਾਂ ਦਾ ਢਿੱਡ ਭਰਨਾ ਚਾਹੁੰਦੀ ਹੈ।

ਦੇਸ਼ ਵਿੱਚ ਰੁਜ਼ਗਾਰ ਦੀ ਕਮੀ ਲੋਕਾਂ ਨੂੰ ਪ੍ਰਵਾਸ ਦੇ ਰਾਹ ਪਾ ਰਹੀ ਹੈ। ਅਕਤੂਬਰ 2020 ਦੇ ਬਾਅਦ ਹੁਣ ਤੱਕ ਅਮਰੀਕਾ ਦੇ ਅਧਿਕਾਰੀਆਂ ਨੇ ਗੈਰ-ਕਾਨੂੰਨੀ ਰੂਪ ਵਿੱਚ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲਗਭਗ 1,70,000 ਭਾਰਤੀਆਂ ਨੂੰ ਹਿਰਾਸਤ ਵਿੱਚ ਲਿਆ। ਕੀ ਇਹ ਕਥਿਤ ਤੌਰ 'ਤੇ ਵਿਸ਼ਵ ਗੁਰੂ ਬਣ ਰਹੇ ਭਾਰਤ ਦੀ ਨਿੱਤ ਪ੍ਰਤੀ ਖੁਰ ਰਹੀ ਆਰਥਿਕਤਾ, ਵੱਧਦੀ ਬੇਰੁਜ਼ਗਾਰੀ ਅਤੇ ਭੈੜੇ ਮਨੁੱਖੀ ਜੀਵਨ ਪੱਧਰ ਤੋਂ ਪੀੜਤ ਹੋ ਕੇ ਪ੍ਰਵਾਸ ਦੇ ਰਾਹ ਪੈਣ ਦੀ ਨਿਸ਼ਾਨੀ ਨਹੀਂ?

ਦੇਸ਼ 'ਚ ਸਮੱਸਿਆਵਾਂ ਵੱਡੀਆਂ ਹਨ ਪਰ ਫੌਹੜੀਆਂ ਨਾਲ ਚੱਲਣ ਵਾਲੀ ਮੋਦੀ ਸਰਕਾਰ ਹਾਲੇ ਤੱਕ ਵੀ ਪਿਛਲੇ ਦੋ ਕਾਰਜ ਕਾਲਾਂ 'ਚ ਕੀਤੇ ਲੋਕ ਵਿਰੋਧੀ ਫ਼ੈਸਲਿਆਂ ਤੋਂ ਸਬਕ ਨਹੀਂ ਸਿੱਖ ਰਹੀ। ਖੇਤੀ ਕਾਨੂੰਨਾਂ ਦੀ ਕਿਸਾਨਾਂ ਦੇ ਵਿਰੋਧ ਅਧੀਨ ਵਾਪਿਸੀ ਉਪਰੰਤ ਨਵੀਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੈ ਅਤੇ ਇਸ ਨੀਤੀ ਅਧੀਨ ਉਹਨਾ ਬਿੱਲਾਂ ਨੂੰ ਮੁੜ ਲਾਗੂ ਕਰਨ ਦੇ ਚੱਕਰ ਵਿੱਚ ਹੈ ਅਤੇ ਦੇਸ਼ ਦੀ ਮੰਡੀ ਮੁੜ ਧੰਨ ਕੁਬੇਰਾਂ ਹੱਥ ਫੜਾਉਣ ਦੀ ਨੀਤੀ ਲਈ ਕੰਮ ਕਰ ਰਹੀ ਹੈ, ਕਿਉਂਕਿ ਇਸ ਨੀਤੀ ਤਹਿਤ ਅੰਨ ਖਰੀਦ ਕਾਰਪੋਰੇਟਾਂ ਹੱਥ ਫੜਾਉਣ ਦੀ ਯੋਜਨਾ ਹੈ। ਬਿਲਕੁਲ ਉਵੇਂ ਹੀ ਜਿਵੇਂ ਨੈਸ਼ਨਲ ਹਾਈਵੇ, ਪਾਇਲਟ ਪ੍ਰਾਜੈਕਟਾਂ ਅਧੀਨ ਕਿਸਾਨਾਂ ਦੀ ਜ਼ਮੀਨ ਅਕਵਾਇਰ ਕੀਤੀ ਜਾ ਰਹੀ ਹੈ ਤੇ ਕਈ ਹਾਲਤਾਂ 'ਚ ਉਹਨਾ ਨੂੰ ਵਾਜਬ ਮੁੱਲ ਵੀ ਨਹੀਂ ਮਿਲਦਾ। ਪੰਜਾਬ ਹਿਤੈਸ਼ੀ, ਕਿਸਾਨ ਹਿਤੈਸ਼ੀ ਇਸ ਕਾਰਵਾਈ ਨੂੰ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਕਾਰਵਾਈ ਗਿਣਦੇ ਹਨ ਅਤੇ ਇਹ ਵੀ ਆਖਦੇ ਹਨ ਕਿ ਇਹਨਾ ਪ੍ਰਾਜੈਕਟਾਂ ਦਾ ਆਮ ਆਦਮੀ ਦੀ ਵਿਜਾਏ ਕਾਰਪੋਰੇਟਾਂ ਨੂੰ ਵੱਧ ਫਾਇਦਾ ਹੋਏਗਾ। ਉਂਜ ਵੀ ਜੇਕਰ ਇਹਨਾ ਪ੍ਰਾਜੈਕਟਾਂ ਨੂੰ ਵਾਚੀਏ ਤਾਂ ਇਹ "ਵਰਲਡ ਬੈਂਕ" ਵਲੋਂ ਲਏ ਕਰਜ਼ੇ ਨਾਲ ਬਣਾਇਆ ਜਾ ਰਿਹਾ ਹੈ, ਜਿਸ ਦੇ ਕਰਜ਼ ਦਾ ਭਾਰ ਆਮ ਲੋਕਾਂ ਉਤੇ ਹੀ ਪਵੇਗਾ ਅਤੇ ਉਹਨਾ ਨੂੰ ਇਸਦਾ ਫ਼ਾਇਦਾ ਕਣ ਮਾਤਰ ਵੀ ਨਹੀਂ ਮਿਲੇਗਾ। ਪਰ ਕਿਉਂਕਿ ਸਰਕਾਰ ਮੰਡੀਕਰਨ ਦਾ ਨਿੱਜੀਕਰਨ ਕਰਨ ਦੇ ਰਾਹ ਤੁਰੀ ਹੋਈ ਹੈ, ਇਹ ਵੱਡੇ ਹਾਈਵੇ ਕਾਰਪੋਰੇਟਾਂ ਦੇ ਕਾਰੋਬਾਰ ਨੂੰ ਹੀ ਹੁਲਾਰਾ ਦੇਣਗੇ ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਇਹਨਾ ਪ੍ਰਾਜੈਕਟਾਂ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਜੋ ਕਿ ਇੱਕ ਭਰਮਾ ਗੱਲ ਹੈ।

ਰੁਜ਼ਗਾਰ ਦੇਣ ਦੇ ਨਾਂਅ ਉਤੇ ਕੇਂਦਰ ਵਲੋਂ ਕੀਤੀਆਂ ਗੱਲਾਂ, ਆਮ ਲੋਕਾਂ ਦਾ ਢਿੱਡ ਨਹੀਂ ਭਰ ਸਕੀਆਂ। ਦੇਸ਼ ਵੱਡਾ ਬਣੇਗਾ, ਆਰਥਿਕ ਤੌਰ 'ਤੇ ਤਰੱਕੀ ਕਰੇਗਾ, ਵਿਸ਼ਵ ਗੁਰੂ ਵਰਗੇ ਬਿਆਨ ਦੇਕੇ ਅਤੇ ਦੇਸ਼ 'ਚ ਧਰਮਾਂ ਦੇ ਧਰੁਵੀਕਰਨ ਨਾਲ ਚੋਣਾਂ ਜਿੱਤੇ ਕੇ ਪਹਿਲੀਆਂ ਦੋ ਵੇਰ ਦੀਆਂ ਸਰਕਾਰਾਂ ਅਤੇ ਹੁਣ ਵਾਲੀ ਸਰਕਾਰ ਵੀ 'ਸਭ ਦਾ ਵਿਕਾਸ' ਦਾ ਨਾਹਰਾ ਮਾਰਦੀ ਹੈ, ਪਰ ਅਸਲ ਅਰਥਾਂ ਵਿੱਚ ਉਸਦਾ ਅਜੰਡਾ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦਾ ਹੈ। ਇੱਕ ਦੇਸ਼-ਇੱਕ ਕੌਮ-ਇੱਕ ਭਾਸ਼ਾ-ਇੱਕ ਚੋਣ ਇਸੇ ਅਜੰਡੇ ਦੀ ਕੜੀ ਹਨ। ਇਸੇ ਅਜੰਡੇ ਤਹਿਤ ਦੇਸ਼ ਨੂੰ ਇੱਕ ਦੇਸ਼-ਇੱਕ ਪਾਰਟੀ-ਇੱਕ ਵਿਸ਼ੇਸ਼ ਵਿਅਕਤੀ, ਰਾਜ ਵੱਲ ਤੋਰਿਆ ਜਾ ਰਿਹਾ ਹੈ। ਇਸ ਕਰਕੇ ਸਮੇਂ-ਸਮੇਂ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਜਾਂਦੀ ਹੈ, ਇਸੇ ਕਰਕੇ ਦੇਸ਼ ਦੇ ਸੰਵਿਧਾਨ ਨੂੰ ਤੋੜਿਆ ਮਰੋੜਿਆ ਜਾਂਦਾ ਹੈ, ਇਸੇ ਕਰਕੇ ਸੂਬਿਆਂ ਦੇ ਹੱਕ ਹਥਿਆਏ ਜਾ ਰਹੇ ਹਨ, ਇਸੇ ਕਰਕੇ ਕੌਮੀ ਸਿਖਿਆ ਨੀਤੀ ਤਹਿਤ ਲੋਕਾਂ ਦੀਆਂ ਬੋਲੀਆਂ ਅਤੇ ਸਭਿਆਚਾਰ ਉਤੇ ਸੱਟ ਮਾਰੀ ਜਾ ਰਹੀ ਹੈ। ਇਸ ਸਭ ਕੁਝ ਦੇ ਪਿੱਛੇ ਸੋਚ ਉਸ ਬੁਲਡੋਜ਼ਰ ਨੀਤੀ ਵਾਲੀ ਹੈ,ਜਿਸਦੀ ਵਰਤੋਂ ਉਤਰ ਪ੍ਰਦੇਸ਼ ਵਿੱਚ ਸ਼ਰੇਆਮ ਕੀਤੀ ਗਈ, ਜਿਥੇ ਪਹਿਲਾਂ ਧਰਮ ਧਰੁਵੀਕਰਨ ਨਾਲ ਹਿੰਦੂ ਵੋਟਾਂ ਇੱਕ ਪਾਸੇ ਇਕੱਠੀਆਂ ਕੀਤੀਆਂ ਗਈਆਂ, ਪਾਕਿਸਤਾਨ ਜਾਂ ਗੁਆਂਢੀ ਦੇਸ਼ਾਂ ਦੇ ਹਮਲੇ ਦਾ ਡਰ ਦੇਕੇ ਜਾਂ ਫਿਰ ਹੁਣ ਹਰਿਆਣਾ ਵਿੱਚ ਕਿਸਾਨ ਵਿਰੋਧੀ, ਜੱਟ ਵਿਰੋਧੀ ਲੋਕਾਂ ਨੂੰ ਇਕੱਠਿਆਂ ਕਰਕੇ ਇਹ ਦਰਸਾਉਣ ਦਾ ਯਤਨ ਹੋਇਆ ਜੋ ਸਾਡੇ ਨਾਲ ਟਕਰਾਏਗਾ, ਸਾਡੀ ਸੋਚ ਦੇ ਉਲਟ ਕੰਮ ਕਰੇਗਾ, ਸਾਡੇ ਚਲਦੇ ਕੰਮਾਂ 'ਚ ਰੁਕਾਵਟ ਪਾਏਗਾ, ਉਸ ਨੂੰ ਵੋਟ ਪਾੜੂ ਚਾਨਕੀਆ ਨੀਤੀ ਨਾਲ ਸਬਕ ਸਿਖਾਵਾਂਗੇ। ਇਹਨਾ ਹਾਕਮਾਂ ਦੀ ਇਹ ਸੋਚ ਭਾਰਤੀ ਲੋਕਤੰਤਰ ਅਤੇ ਸੰਵਿਧਾਨ ਨੂੰ ਨਸ਼ਟ ਕਰਨ ਵੱਲ ਤੁਰਦੀ ਦਿਸਦੀ ਹੈ।

ਸ਼ਿਕਾਗੋ ਯੂਨੀਵਰਸਿਟੀ ਦਾ ਇੱਕ ਖੋਜ਼ ਪੱਤਰ ਇਹਨਾਂ ਦਿਨਾਂ ਵਿੱਚ ਬਹੁਤ ਚਰਚਾ 'ਚ ਹੈ ਕਿ 50 ਪ੍ਰਤੀਸ਼ਤ ਸੰਵਿਧਾਨਾਂ ਦੀ 80 ਵਰ੍ਹਿਆਂ ਦੀ ਉਮਰ ਹੋ ਜਾਣ ਤੱਕ ਉਸਦੀ ਮੌਤ ਹੋ ਜਾਣ ਦੀ ਸੰਭਾਵਨਾ ਹੁੰਦੀ ਹੈ, ਕੇਵਲ 19% ਸੰਵਿਧਾਨ ਹੀ 50 ਵਰ੍ਹੇ ਦੀ ਉਮਰ ਤੱਕ ਜੀਊਂਦੇ ਰਹਿ ਪਾਉਂਦੇ ਹਨ ਅਤੇ 7% ਤਾਂ ਆਪਣਾ ਦੂਜਾ ਜਨਮ ਦਿਨ ਵੀ ਨਹੀਂ ਮਨਾ ਪਾਉਂਦੇ। ਪਰ ਭਾਰਤ ਆਪਣੇ 75 ਵਰ੍ਹੇ ਸਫ਼ਲ ਲੋਕਤੰਤਰ ਦੇ ਤੌਰ 'ਤੇ ਪੂਰੇ ਕਰ ਚੁੱਕਾ ਹੈ ਅਤੇ ਇਥੋਂ ਦੇ ਲੋਕ ਇਸ ਸੰਵਿਧਾਨ ਅਤੇ ਲੋਕਤੰਤਰ ਦੇ ਰਾਖੇ ਬਣਕੇ ਚੌਕੀਦਾਰੀ ਕਰ ਰਹੇ ਹਨ।

ਦੇਸ਼ ਦੇ ਹਾਕਮ ਕੰਧ 'ਤੇ ਲਿਖਿਆ ਉਦੋਂ ਪੜ੍ਹ ਲੈਣਗੇ, ਜਦੋਂ ਦੇਸ਼ ਦੇ ਲੋਕ ਹਾਕਮਾਂ ਨੂੰ ਸਮੇਂ-ਸਮੇਂ ਸੰਘਰਸ਼ ਕਰਕੇ ਦਿਖਾ ਦੇਣਗੇ ਕਿ ਦੇਸ਼ ਦੇ ਜਿਸ ਸੰਵਿਧਾਨ ਨੇ 75 ਵਰ੍ਹੇ ਪੂਰੇ ਕਰ ਲਏ ਹਨ ਤਾਂ ਇਸ ਲੋਕਤੰਤਰੀ ਸੋਚ ਵਾਲੇ ਸੰਵਿਧਾਨ ਨੂੰ ਭਵਿੱਖ ਵਿੱਚ ਵੀ ਕੋਈ ਭੈੜੀ ਸੋਚ, ਜਾਂ ਭੈੜੀ ਨਜ਼ਰ ਜਾਂ ਬੁਲਡੋਜ਼ਰ ਨੀਤੀ ਤਬਾਹ ਨਹੀਂ ਕਰ ਸਕੇਗੀ।

## 'ਅਮਿਤ ਸ਼ਾਹ ਬਨਾਮ ਅੰਬੇਡਕਰ'

ਜਿਸਨੂੰ ਖਾਸ ਇਲਾਕੇ ਵਿੱਚ
ਰਹਿਣ ਦੀ ਹੋਵੇ ਬੰਦਿਸ਼,
ਜਿਸਦਾ ਭੈੜਾ ਹੋਵੇ ਕਿਰਦਾਰ ਯਾਰੋ।
ਭੈੜਿਆਂ ਕੰਮਾਂ ਦੇ ਵਿੱਚ ਹੋਵੇ ਦੋਸ਼ੀ,
ਉਸ ਨੂੰ ਕਹਿੰਦੇ ਨੇ 'ਤੜੀਪਾਰ' ਯਾਰੋ।
'ਅਮਿਤ ਸ਼ਾਹ' ਨੂੰ ਲੋਕ 'ਤੜੀਪਾਰ' ਕਹਿੰਦੇ,
ਜਿਸ ਤੋਂ ਹੋਇਆ ਨਾ 'ਅੰਬੇਡਕਰ' ਸਹਾਰ ਯਾਰੋ।
ਕਿਉਂਕਿ ਅੱਜ 'ਅੰਬੇਡਕਰ' ਨਾਂ ਬੜਾ ਗੂੰਜਦਾ ਹੈ,
ਇਹਦਾ ਦਿਨੋਂ ਦਿਨ ਵਧ ਰਿਹਾ ਸਤਿਕਾਰ ਯਾਰੋ।

ਭੈੜੀਆਂ ਆਦਤਾਂ ਤੋਂ ਲੀਡਰੋ ਬਾਜ਼ ਆਜੋ,
ਆਪਣੀ ਮਾਨਸਿਕਤਾ ਵਿੱਚ ਕਰੋ ਸੁਧਾਰ ਤੁਸੀਂ।
ਆਪਣੀ ਅਕਲ ਦਾ ਦਿਵਾਲਾ ਨਾ ਕੱਢੋ,
ਦਿਉ ਬਣਦਾ ਸਭਨੂੰ ਸਤਿਕਾਰ ਤੁਸੀਂ।
ਐਵੇਂ ਪਾਵਰ ਦੇ ਭੁਲੇਖੇ ਨਾ ਰਹਿ ,
ਲਓ ਇਤਿਹਾਸ ਤੇ ਨਿਗਾਹ ਮਾਰ ਤੁਸੀਂ।
ਵੇਖ ਲਓ ਵੱਡੇ ਵੱਡੇ ਹੰਕਾਰੀਆਂ ਦੇ,
ਇਥੇ ਸੁੰਨੇ ਪਏ ਅੱਜ ਘਰ ਬਾਰ ਤੁਸੀਂ।

**ਮੇਜਰ ਸਿੰਘ ਬੁਢਲਾਡਾ**
**94176 42327**

## .ਗਜ਼ਲ

ਮੈਂ ਸ਼ੀਸ਼ੇ ਨੂੰ ਸਲਾਮਤ ਰਹਿਣ ਦਾ ਵਰ ਦੇਣ ਲੱਗਾ ਹਾਂ।
ਤੇ ਪੱਥਰ ਨੂੰ ਵੀ ਉੱਡਣ ਵਾਸਤੇ ਪਰ ਦੇਣ ਲੱਗਾ ਹਾਂ।

ਬੜੇ ਬੇਚੈਨ ਫਿਰਦੇ ਨੇ ਮੁਸਾਫ਼ਰ ਮੰਜ਼ਿਲਾਂ ਲੱਭਦੇ,
ਸਫ਼ਰ ਬਦਲੇ ਭਲੇ ਲੋਕਾਂ ਨੂੰ ਬਿਸਤਰ ਦੇਣ ਲੱਗਾ ਹਾਂ।

ਉਨ੍ਹਾਂ ਨੇ ਦਿਨ, ਮਹੀਨੇ, ਸਾਲ ਮੰਗੇ ਨੇ ਮੇਰੇ ਕੋਲੋਂ,
ਤੇ ਮੈਂ ਦੀਵਾਰ ਤੋਂ ਲਾਹ ਕੇ ਕਲੰਡਰ ਦੇਣ ਲੱਗਾ ਹਾਂ।

ਸ਼ੁਗਲ ਵੇਖੋ, ਜਿਨ੍ਹਾਂ ਨੂੰ ਜਾਚ ਉੱਡਣ ਦੀ ਭੁਲਾਈ ਹੈ,
ਉਨ੍ਹਾਂ ਖੰਭਾਂ ਦੇ ਥੱਲੇ ਹੁਣ ਮੈਂ ਅੰਬਰ ਦੇਣ ਲੱਗਾ ਹਾਂ।

ਮੈਂ ਚਾਹੁੰਦਾ ਹਾਂ ਨਗਰ ਦੀ ਹਰਿਕ ਅੱਖ ਤੇ ਪੱਟੀਆਂ ਬੰਨ੍ਹਾਂ,
ਉਹ ਫਿਰ ਵੀ ਇਹ ਸਮਝਦੇ ਨੇ ਮੈਂ ਮੰਜ਼ਰ ਦੇਣ ਲੱਗਾ ਹਾਂ।

ਤੁਸੀਂ ਲਾਸ਼ਾਂ ਦੀ ਗਿਣਤੀ ਕਰਨ ਤੋਂ ਵਿਹਲੇ ਨਹੀਂ ਹੋਣਾ,
ਜ਼ਰਾ ਠਹਿਰੋ, ਨਵੇਂ ਹਿਟਲਰ, ਸਿਕੰਦਰ ਦੇਣ ਲੱਗਾ ਹਾਂ।

ਬੜਾ ਹੀ ਤਰਸ ਆਉਂਦਾ ਹੈ ਇਨ੍ਹਾਂ ਕੁਝ ਕਤਰਿਆਂ ਉੱਤੇ,
ਆਹ ਲੈ ਸੰਭਾਲ, ਅੱਖਾਂ ਨੂੰ ਸਮੁੰਦਰ ਦੇਣ ਲੱਗਾ ਹਾਂ।

ਨਹੀਂ ਝੁਲਸਾ ਸਕੀ ਜੇ ਅੱਤ ਦੀ ਗਰਮੀ ਦਰਖ਼ਤਾਂ ਨੂੰ,
ਟਪਾ ਕੇ ਜੂਨ ਤੋਂ ਸਿੱਧਾ ਦਸੰਬਰ ਦੇਣ ਲੱਗਾ ਹਾਂ।

**- ਦਾਦਰ ਪੰਡੋਰਵੀ, ਬਾਰਸੀਲੋਨਾ ਸਪੇਨ**

# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ "ਵੀਰ ਬਾਲ ਦਿਵਸ" ਕਹਿਣਾ: ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ?

ਸਿੱਖ ਇਤਿਹਾਸ ਵਿੱਚ ਸ਼ਹਾਦਤ ਦੇ ਸੰਕਲਪ ਪੱਖੋਂ ਪੋਹ (ਦਸੰਬਰ- ਜਨਵਰੀ) ਦਾ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੇ ਇੱਕ ਹਫਤੇ ਦੇ ਵਿੱਚ ਵਿੱਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਅਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੇ ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ। ਸੱਤ ਪੋਹ ਨੂੰ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਦਾ ਪਰਿਵਾਰ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਗੜੀ ਪਹੁੰਚੇ। ਦੂਜੇਪਾਸੇਸੱਤ ਪੋਹ ਦੀ ਰਾਤ ਨੂੰ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਕਿਨਾਰੇ ਕੁੰਮੇ ਮਸ਼ਕੀ ਦੀ ਝੋਪੜੀ ਵਿੱਚ ਠਹਿਰੇ। ਅੱਠ ਪੋਹ ਨੂੰ ਚਮਕੌਰ ਦੀ ਗੜੀ ਵਿੱਚ ਜੰਗ ਹੋਈ, ਜਿੱਥੇ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗ਼ਲ ਫੌਜਾਂ ਨਾਲ 'ਸਵਾ ਲਾਖ ਸੇ ਏਕਲੜਾਊਂ' ਦੇ ਕਥਨ ਨੂੰ ਅਸਲੀ ਜਾਮਾ ਪਹਿਨਾਉਂਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਅੱਠ ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਦੀ ਝੋਪੜੀ ਵਿੱਚ ਰਹੇ। ਗੰਗੂ ਬ੍ਰਾਹਮਣ ਦੀ ਨਮਕ ਹਰਾਮੀ ਕਰਨ ਕਰਕੇ ਮਾਤਾ ਗੁਜਰੀ ਅਤੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੌਂ ਪੋਹ ਦੀ ਰਾਤ ਮੋਰਿੰਡਾ ਜੇਲ ਵਿੱਚ ਗੁਜ਼ਾਰਨੀ ਪਈ। 10, 11 ਅਤੇ 12 ਪੋਹ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਸਰਹੰਦ (ਹੁਣ ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਰੱਖੇ ਗਏ। ਇਹਨਾਂ ਦਿਨਾਂ ਦੌਰਾਨ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਅਦਾਲਤ ਵਿੱਚ ਦੋਨਾਂ ਸਾਹਿਬਜ਼ਾਦਿਆਂ ਦੀ ਪੇਸ਼ੀ ਹੋਈ ਅਤੇ ਉਹਨਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਸਿਰਫ ਨੌ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸੱਤ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਜਦੋਂ ਆਪਣੇ ਸਿੱਖ ਧਰਮ ਵਿੱਚ ਪਰਪਕਤਾ ਦਿਖਾਈ ਅਤੇ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ ਇਨਕਾਰ ਕੀਤਾ ਤਾਂ ਉਹਨਾਂ ਉੱਪਰਅਸਹਿ ਤਰੀਕੇ ਦੇ ਤਸੀਹਿਆਂ ਨਾਲ ਤਸ਼ੱਦਦ ਕੀਤਾ ਗਿਆ। ਪਹਿਲਾਂ ਉਹਨਾਂ ਨੂੰ ਨੀਹਾਂ ਵਿੱਚ ਚਣਵਾਇਆ ਗਿਆ, ਪਰ ਜਦੋਂ ਉਹ ਫੇਰ ਵੀ ਇਸਲਾਮ ਨੂੰ ਕਬੂਲ ਕਰਨ ਲਈ ਨਹੀਂ ਮੰਨੇ ਤਾਂ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਜਦੋਂ ਇਨੀ ਛੋਟੀ ਉਮਰ ਉਮਰ ਵਿੱਚ ਆਪਣੇ ਧਰਮ ਦੀ ਖਾਤਰ ਉਹਨਾਂ ਗੁਰੂ ਦੇ ਲਾਲਾਂ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿੱਚ ਲਾਸਾਨੀ ਅਤੇ ਅਦੁਤੀਸ਼ਹਾਦਤ ਵਜੋਂ ਜਾਣੀਜਾਂਦੀਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਸਿੱਖ ਧਰਮ ਦੀਆਂ ਨੀਹਾਂਮਜਬੂਤ ਕਰ ਗਏ। ਇਸ ਕਰਕੇ ਸੰਗਤ ਇਸ ਸ਼ਹਾਦਤ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਕਰਕੇ ਸਿਰ ਨਿਵਾਉਂਦੀਆਂ ਆ ਰਹੀਆਂ ਹਨ।

ਹੁਣ ਗੱਲ ਕਰਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ "ਵੀਰ ਬਾਲ", ਵਜੋਂ ਕਹੇ ਜਾਣ ਦੀ। ਅਸਲ ਵਿੱਚ ਕਿਸੇ ਕੌਮ ਨੂੰ ਖਤਮ ਕਰਨ ਲਈ ਟੈਂਕ, ਤੋਪਾਂ ਜਾਂ ਬਰੂਦ ਦੀ ਲੋੜ ਨਹੀਂ ਪੈਂਦੀ। ਉਸ ਕੌਮ ਦਾ ਇਤਿਹਾਸ ਖ਼ਰਾਬ ਕਰ ਦਿ , ਉਸ ਦੀ ਮਾਂ ਬੋਲੀ ਖ਼ਤਮ ਕਰ ਦਿ , ਉਹ ਕੌਮ ਆਪਣੇ ਆਪ ਸਮੇਂ ਨਾਲ ਖਤਮ ਹੋ ਜਾਵੇਗੀ।ਭਾਰਤ ਵਿੱਚ ਸਿੱਖ ਕੌਮ ਘੱਟ ਗਿਣਤੀ ਵਿੱਚ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ ਸਿਰਫ 1.7% (2011) ਹਿੱਸਾ ਹੈ। ਇਹ ਭਾਵੇਂ ਕਹਿਣ ਨੂੰ ਪੰਜਾਬ ਵਿੱਚ ਬਹੁਤ ਗਿਣਤੀ ਵਿੱਚ ਹੈ, ਪਰ ਸਮਾਂ ਬੀਤਣ ਨਾਲ ਇਸ ਦੀ ਗਿਣਤੀ ਘੱਟਦੀ ਜਾ ਰਹੀ ਹੈ। ਦੁਨੀਆਂ ਵਿੱਚ ਖਾਸ ਤੌਰ ਤੇ ਭਾਰਤ ਵਿੱਚ ਬਹੁ ਗਿਣਤੀ ਧਾਰਮਿਕ ਸਮੂਹ ਨੂੰ ਇਹ ਪਤਾ ਹੈ ਕਿ ਸਿੱਖ ਕੌਮ ਯੋਧਿਆਂ ਅਤੇ ਸੂਰਵੀਰਾਂ ਦੀ ਕੌਮ ਹੈ, ਜਿਸ ਦਾ ਮੁੱਖ ਨਿਸ਼ਚਾ ਭਾਵੇਂ ਸਰਬੱਤ ਦਾ ਭਲਾ ਹੈ, ਪਰ ਇਹ ਕੌਮ ਨਾ ਆਪਣੇ ਤੇ ਜੁਲਮ ਜਾਂ ਅਨਿਆਏ ਸਹਿੰਦੀਹੈ, ਨਾ ਹੀ ਕਿਸੇ ਹੋਰ ਉੱਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਉਹਨਾਂ ਦਾ ਹਿੰਦੂ ਧਰਮ ਬਚਾਉਣ ਲਈਖ਼ੁਦ ਦਿੱਲੀ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਜੋ ਇਕ ਵਿਲੱਖਣ ਇਤਿਹਾਸਿਕ ਮਿਸਾਲ ਹੈ। ਜਿਥੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਗੜੀ ਵਿੱਚ ਮੁਗ਼ਲ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ, ਉਥੇ ਹੀ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਤੋਂ ਇਸਲਾਮ ਵਿੱਚ ਪਰਿਵਰਤਿਤ ਹੋ ਕੇ ਆਪਣੀ ਜ਼ਿੰਦਗੀ ਬਚਾਉਣ ਦੀ ਬਜਾਏ ਅਣਮਨੁੱਖੀ ਤਸੀਹੇ ਸਹਿੰਦੇ ਹੋਏ, ਸਿੱਖ ਧਰਮ ਲਈ ਆਪਣੀ ਸ਼ਹਾਦਤ ਦੇਣਾ ਕਬੂਲ ਕੀਤਾ। ਸ਼ਾਇਦ ਦੁਨੀਆ ਦੇ ਇਤਿਹਾਸ ਵਿੱਚ ਇਹ ਇੱਕੋ ਇੱਕ ਅਜਿਹੀ ਉਦਾਹਰਨ ਹੈ, ਜਿੱਥੇ ਨੌ ਅਤੇ ਸੱਤ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੇਸਿੱਖਧਰਮ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਤਾ। ਇਹ ਠੀਕ ਹੈ ਕਿ ਭਾਵੇਂ ਸਿੱਖਾਂ ਨੂੰ 1947 ਤੋਂ ਭਾਰਤ ਦੀ ਆਜ਼ਾਦੀ ਮਿਲਣ ਤੋਂ ਬਾਅਦ ਉਹਨਾਂ ਨੂੰ ਆਪਣਾ ਬਣਦਾ ਹੱਕ ਨਹੀਂ ਮਿਲਿਆ, ਪਰ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਸ਼ੁਰੂ ਹੋਈ ਫਿਰਕੂਵਾਦ ਦੀ ਲਹਿਰ ਵਿੱਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਹੋਰ ਖਤਰਾ ਪੈਦਾ ਹੋ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਦੇ ਨਾਲ ਬਹੁ ਗਿਣਤੀ ਧਾਰਮਿਕ ਸਮੂਹ ਸਿੱਖਾਂ ਨੂੰ ਆਪਣਾ ਹਿੱਸਾ ਦਰਸਾਉਣ ਲਈ ਕੋਝੀਆਂ ਚਾਲਾਂ ਚੱਲ ਰਿਹਾ ਹੈ। ਇਹ ਵੀ ਸੱਚ ਹੈ ਕਿ ਇਹ ਲੋਕ ਭਲੀ ਭਾਂਤ ਜਾਣਦੇ ਹਨ ਕਿ ਸਿੱਖਾਂ ਨੂੰ ਸਾਹਮਣੇਤੋਂ ਜ਼ਬਰਦਸਤੀ ਨਾਲ ਨਹੀਂ ਮਿਟਾਇਆ ਜਾ ਸਕਦਾ। ਇਸ ਕਰਕੇ ਉਹ ਸਿੱਖੀ ਦੇ ਬੂਟੇ ਨੂੰ ਕੱਟਣ ਦੀ ਬਜਾਏ ਜੜਾਂ ਵਿੱਚ ਤੇਲ ਪਾ ਕੇ ਚੁੱਪ ਚੁਪੀਤੇ ਇਸ ਨੂੰ ਸੁਕਾਉਣ ਤੇ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਵੇਖਿਆ ਹੈ ਕਿ ਇਹ ਸਮੂਹ ਕਿਸ ਤਰ੍ਹਾਂ ਜ਼ਮੀਰੋਂ ਮਰ ਚੁੱਕੇ ਸਿੱਖ ਵਿਕਾਊ ਲੀਡਰਾਂ ਨੂੰ ਲਾਲਚ ਦੇ ਕੇ ਜਾਂ ਮਹੱਤਵਪੂਰਨ ਪਦਵੀ ਦੇ ਕੇ ਜਾਂ ਡਰਾ ਧਮਕਾ ਕੇ ਆਪਣੇ ਖੇਮੇ ਵਿੱਚ ਕਰ ਰਹੇ ਹਨ। ਉਹਨਾਂ ਵੱਲੋਂ ਸਿੱਖਾਂ ਵਿੱਚ ਖਾਨਾ ਜੰਗੀ ਕਰਵਾ ਕੇ ਅਤੇ ਆਪਸ ਵਿੱਚ ਲੜਵਾ ਕੇ ਆਪਣੀਆਂ ਸਿਆਸੀ ਅਤੇ ਧਾਰਮਿਕ ਰੋਟੀਆਂ ਸੇਕਣ ਦਾ ਚੰਗਾ ਤਰੀਕਾ ਅਪਣਾਇਆ ਜਾ ਰਿਹਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸਿੱਖਾਂ ਨੂੰ ਬਾਹਰੀ ਦੁਸ਼ਮਣਾਂ ਤੋਂ ਉਨਾਖਤਰਾ ਨਹੀਂ ਹੈ, ਜਿੰਨਾ ਆਪਣੇ ਅੰਦਰੋਂ ਬੇਜ਼ਮੀਰ ਗ਼ਦਾਰਾਂ ਤੋਂ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਇਹਨਾਂ ਜ਼ਮੀਰੋਂ ਮਰ ਚੁੱਕੇ ਲਾਲਚੀ ਧਾਰਮਿਕ ਅਤੇ ਰਾਜਸੀ ਨੇਤਾਵਾਂ ਜਾਂ ਸ਼ਖਸ਼ੀਅਤਾਂ ਨੂੰ ਪਹਿਚਾਨਣ ਦੀ।

ਭਾਵੇਂ ਕਿ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜਨਵਰੀ 2022 ਵਿੱਚ ਕੀਤੀ ਗਈ, ਜਦੋਂ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਅਦੁੱਤੀ ਸ਼ਹਾਦਤ ਨੂੰ "ਵੀਰ ਬਾਲ ਦਿਵਸ" ਵਜੋਂ ਐਲਾਨਿਆ , ਪਰ ਮੇਰੇ ਵੱਲੋਂ ਸਿੱਖ ਸੰਗਤ ਨੂੰ ਇਸ "ਬਾਲ ਦਿਵਸ" ਬਾਰੇ ਘੜੀ ਜਾ ਰਹੀ ਸਾਜਿਸ਼ਬਾਰੇ ਸੁਚੇਤ ਕਰਨ ਲਈ ਅਖਬਾਰਾਂ ਵਿੱਚ ਇੱਕ ਲੇਖ ਜਿਸ ਦਾ ਸਿਰਲੇਖ ਸੀ, "ਇੱਕ ਖੁੱਲਾਖੱਤ ਸਿੱਖ ਸੰਗਤ ਦੇ ਨਾਮ: ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਪਿੱਛੇ ਸਾਜਸ਼ੀ ਮਨਸੇ" ਛਾਪਿਆ ਗਿਆ ਸੀ, ਜਿਸ ਦੇ ਕੁਝ ਅੰਸ਼ ਇਸ ਤਰਾਂ ਸਨ,"ਮੈਂ ਇਸ ਖਤ ਰਾਹੀਂ ਹਰ ਉਸ ਨਾਨਕ ਨਾਮ ਲੇਵਾ ਨੂੰ ਸੰਬੋਧਿਤ ਹਾਂ, ਜੋ ਨਿਰਸਵਾਰਥ ਭਾਵਨਾ ਨਾਲ ਖਾਲਸਾ ਇਤਿਹਾਸ, ਖਾਲਸਾਈ ਆਨ ਬਾਨ ਸ਼ਾਨ ਨੂੰ ਨਿੱਜਸਵਾਰਥ ਤੋਂ ਹੱਟ ਕੇ ਸਹੀ ਅਰਥਾਂ ਵਿੱਚ ਸਵੀਕਾਰਦਾ ਅਤੇ ਸਤਿਕਾਰਦਾ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸ਼ਹੀਦੀ ਹਫ਼ਤੇ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ। ਇਸ ਹਫਤੇ ਨੂੰ ਦੁਨੀਆਂ ਭਰ ਵਿੱਚ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਅਖੌਤੀ ਸਿੱਖਾਂ ਦੀ ਦਿੱਲੀ ਵਿੱਚ ਬੈਠੇ ਲੀਡਰ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ 28 ਦਸੰਬਰ ਨੂੰ 'ਬਾਲ ਦਿਵਸ' ਵਜੋਂ ਮਨਾਉਣ ਦੀ ਮੰਗ ਸਾਜਿਸ਼ ਤਹਿਤ ਕੀਤੀ ਜਾ ਰਹੀ ਹੈ। ਇਸ ਵਿੱਚ ਕੁਝ ਕੁ ਅਖੌਤੀ ਸਿੱਖਾਂ ਦੀ ਲੀਡਰਸ਼ਿਪ ਵੀ ਸ਼ਾਮਿਲ ਹੈ। ਮੈਂ ਇਸ ਖੁੱਲੇ ਖਤ ਰਾਹੀਂ ਇਸ ਸਾਜਿਸ਼ ਤੋਂ ਸੁਚੇਤ ਕਰਨ ਲਈ ਸਮੂਹ ਸੰਗਤ ਨੂੰ ਮੁਖਾਤਿਬ ਹਾਂ.. ਸਾਹਿਬਜ਼ਾਦਿਆਂ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਸ਼ਹਾਦਤ ਵਜੋਂ ਅਨੋਖੀ ਮਿਸਾਲ ਹੈ। ਨੌ ਸਾਲ ਅਤੇ ਸੱਤ ਸਾਲ ਦੇ ਗੁਰੂ ਦੇ ਲਾਲਾਂ ਨੇ ਆਪਣੇ ਧਰਮ ਖਾਤਰ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਮੈਂ ਇਹਨਾਂ ਸਤਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਪਿਛੋਕੜ ਦੀ ਕੁਰਬਾਨੀ ਨਹੀਂ ਦੱਸ ਰਿਹਾ ਸਗੋਂ ਸਾਹਿਬਜ਼ਾਦਿਆਂ ਦੇ ਨਾਮ ਤੇ ਰਚੀ ਜਾ ਰਹੀ ਡੂੰਘੀ ਸਾਜਿਸ਼ ਜਾਂ ਕੁਝ ਬਕਾਊ ਨੇਤਾਵਾਂ ਦੁਆਰਾ ਰਚੀ ਜਾ ਰਹੀ ਸਾਜਿਸ਼ ਤੋਂਆਗਾਹ ਕਰ ਰਿਹਾ ਹਾਂ। ਪਿਛਲੇ ਕੁਝ ਸਮੇਂ ਤੋਂ ਕੁਝ ਰਾਜਨੀਤਿਕ ਨੇਤਾ ਅਤੇ ਅਖੌਤੀ ਧਾਰਮਿਕ ਜਥੇਬੰਦੀਆਂ ਇਸ ਦਿਨ ਨੂੰ ਬਾਲ ਦਿਵਸ ਦਾ ਨਾਮ ਦੇਣਾ ਚਾਹੁੰਦੀਆਂ ਹਨ। ਇਹ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਲੋਕ ਸਿੱਖ ਧਰਮ ਦੀ ਵੱਡਮੁੱਲੀਸ਼ਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ.. ਦਿੱਲੀ ਦੀ ਸਿੱਖ ਲੀਡਰਸ਼ਿਪ, ਜਿਸ ਸਬੰਧੀ ਅਕਸਰ ਇਹ ਕਿਹਾ ਜਾਂਦਾ ਹੈਕਿ ਉਹ ਸਵੇਰ ਨੂੰ ਕੋਟ ਟਾਈ ਲਾ ਕੇ ਨਿਕਲਦੀ ਹੈ ਅਤੇ ਸੋਚਦੀ ਹੈ ਕਿ ਸਿੱਖੀ ਕਿਸ ਤਰਾਂ ਵੇਚੀ ਜਾ ਸਕਦੀ ਹੈ। ਉਹ ਲੀਡਰਸ਼ਿਪ ਇਸ ਭੂਮਿਕਾ ਵਿੱਚ ਵੱਡੀ ਭੂਮਿਕਾ ਨਿਭਾਉਣ ਲਈ ਪੱਬਾਂ ਭਾਰ ਹੈ। ਮੈਂ ਦਿੱਲੀ ਦੀ ਸਿੱਖ ਸੰਗਤ ਨੂੰ ਸੁਚੇਤ ਰੂਪ ਕਹਿ ਰਿਹਾ ਹਾਂ ਕਿ ਸਿੱਖ ਮਰਿਆਦਾ ਅਤੇ ਸਿੱਖੀ ਆਨ ਬਾਨ ਸ਼ਾਨ ਲਈ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰਫ ਤੇ ਸਿਰਫ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਜਾਰੀ ਰੱਖੀ ਜਾਵੇ।

ਮੇਰੀ ਇਹ ਮੰਗ ਅਤੇ ਬੇਨਤੀ ਹੈ ਕਿ ਆਉ, ਸੁਚੇਤ ਰੂਪ ਵਿੱਚ ਜਾਗਰੂਕ ਹੋ ਕੇ ਖੁੱਲੀਆਂ ਅੱਖਾਂ ਨਾਲ ਇਸ ਸਾਜਿਸ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਆਪਣੇ ਧਰਮ ਨੂੰ ਇਸ ਸੌੜੀ ਰਾਜਨੀਤੀ ਅਤੇ ਕੋਝੀ ਸੋਚ ਤੋਂ ਦੂਰ ਰੱਖਦੇ ਹੋਏ ਆਪਣੇ ਇਤਿਹਾਸ ਦੀ ਮਹਾਨਤਾ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰਯਾਦਕਰਨਅਤੇਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖੀਏ ਅਤੇ ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਇਸ ਦਿਨ ਨੂੰ ਸਾਰੇ ਦੇਸ਼ ਵਿੱਚ ਸਾਹਿਬਜ਼ਾਦਾ ਸ਼ਹੀਦੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰੇ।"ਅਫਸੋਸ, ਕਿਸੇ ਵੀ ਸਿੱਖ ਸੰਸਥਾ, ਸਿੱਖ ਨੇਤਾ ਜਾ ਸਿੱਖ ਧਾਰਮਿਕ ਸਮਾਜ ਵੱਲੋਂ ਉਸ ਵਕਤ ਮੇਰੀ ਇਸ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਦੋ ਸਾਲ ਬਾਅਦ ਪੂਰੀ ਗਿਣੀ ਮਿਥੀ ਸਾਜਿਸ਼ ਅਧੀਨ ਸਿੱਖ ਧਰਮ ਦੀ ਆਨ ਬਾਨ ਤੇ ਸ਼ਾਨ, ਸਾਹਿਬਜ਼ਾਦਿਆਂ ਦੇ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ 'ਵੀਰ ਬਾਲ ਦਿਵਸ' ਦਾ ਚੋਲਾ ਪਹਿਨਾ ਦਿੱਤਾ ਗਿਆ।

ਇਹ ਠੀਕ ਹੈ ਕਿ 25-26 ਦਸੰਬਰ 2022 ਦੀਆਂ ਅਖਬਾਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ "ਵੀਰ ਬਾਲ ਦਿਵਸ" ਨੂੰ ਰੱਦ ਕਰਦਿਆਂ, ਸਿੱਖ ਇਤਿਹਾਸ ਛੁਟਿਆਉਣ ਵਾਲੀ ਸਰਕਾਰੀ ਚਾਲ ਤੋਂ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਇਤਿਹਾਸ ਨੂੰ ਰ਼ਲਗੱਡ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਵਿੱਚ ਸਹਿਯੋਗ ਕਰ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਦੁਨੀਆ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਜੀ ਸਾਜਿਸ਼ ਹੈ।"

ਇੱਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ 'ਵੀਰ ਬਾਲ ਦਿਵਸ' ਦੀ ਥਾਂ ਤੇ ਸਾਹਿਬਜ਼ਾਦਾ ਸ਼ਹਾਦਤ ਦਿਵਸ ਨਾਮ ਸੁਝਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸੱਭਿਆਚਾਰਕ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਭੇਜਿਆ ਗਿਆ ਸੀ। ਐਡਵੋਕੇਟ ਧਾਮੀ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਸੀ ਕਿ ਸਰਕਾਰ ਵੱਲੋਂ ਇਸ ਦੇ ਬਾਵਜੂਦ ਵੀ ਨਾਮ ਨਾ ਬਦਲਣਾ ਅਤੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਰਕਾਰੀ ਸਮਾਗਮਾਂ ਦਾ ਹਿੱਸਾ ਬਣਨਾ ਕੌਮ ਲਈ ਦੁਖਦਾਈ ਹੈ।


ਪ੍ਰੋਫੈਸਰ (ਡਾ.) ਦਲਜੀਤ ਸਿੰਘ

ਉਹਨਾਂ ਇਹ ਵੀ ਕਿਹਾ ਸੀ ਕਿ ਸਿੱਖ ਕੌਮ ਆਪਣੇ ਇਤਿਹਾਸ ਦੀ ਮੌਲਿਕਤਾ ਅਤੇ ਮਹੱਤਤਾ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗੀ ਅਤੇ ਆਪਣੇ ਇਤਿਹਾਸ ਦੀ ਭਾਵਨਾ ਅਨੁਸਾਰ ਹੀ ਸਾਹਿਬਜ਼ਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੇ ਹੋਏ, ਸਾਹਿਬਜ਼ਾਦਾ ਸ਼ਹਾਦਤ ਵਜੋਂ ਹੀ ਮਨਾਵੇਗੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਰਕਾਰ ਦੁਆਰਾ 'ਵੀਰ ਬਾਲ ਦਿਵਸ' ਮਨਾਉਣ ਪਿੱਛੇ ਸਿੱਖ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਸ਼ਰਾਰਤੀਸਾਜਿਸ਼ ਕਰਾਰ ਦਿੱਤਾ ਗਿਆ ਸੀ, ਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਉਹਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਕੋਈ ਭਾਰਤ ਸਰਕਾਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ।

ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਦਾ ਸਮਾਂ ਸੋਸ਼ਲਮੀਡੀਆ ਦਾ ਹੈ। ਸਿੱਖ ਇਤਿਹਾਸ ਨੂੰ ਗੰਧਲਾ ਕਰਨ ਵਾਲੇ, 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਧੁੰਦਲਾ ਕਰਨ ਲਈ ਪੂਰਾ ਜੋਰ ਲਗਾ ਰਹੇ ਹਨ ਅਤੇ 'ਵੀਰ ਬਾਲ ਦਿਵਸ' ਨੂੰ ਉਭਾਰਨ ਵਿੱਚ ਲੱਗੇ ਹੋਏ ਹਨ। ਹੋਰ ਤਾਂ ਹੋਰ ਜ਼ਿਆਦਾਤਰ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਵਰਤਣ ਤੋਂ ਵੀ ਗੁਰੇਜ ਕੀਤਾ ਜਾ ਰਿਹਾ ਹੈ। ਕਈ ਪੋਸਟਾਂ ਵਿੱਚ ਸਾਹਿਬਜ਼ਾਦਾ ਸ਼ਬਦ ਲਿਖਣ ਦੀ ਬਜਾਏ ਉਹਨਾਂ ਨੂੰ 'ਬ੍ਰੇਵ ਲਿਟਲ ਵਾਰਈਅਰ' (Brave iLttle Wariror) ਜਾ 'ਯੰਗ ਹੀਰੋ' (Young Heroes) ਲਿਖਿਆ ਹੋਇਆ ਹੈ।

ਸਾਧ ਸੰਗਤ ਜੀ ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਾਨੂੰ ਵੀ ਹੰਭਲਾ ਮਾਰਨਾ ਚਾਹੀਦਾ ਹੈ। ਸਿੱਖਾਂ ਦੇ ਵਿੱਚ ਵੀ ਬਹੁਤ ਕਾਬਲ ਤੇ ਹੋਣਹਾਰ ਡਿਜ਼ਾਈਨਰ ਬੈਠੇ ਹਨ। ਉਹਨਾਂ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਦੇ ਬੈਨਰ ਥੱਲੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਸੰਪੂਰਨ ਨਾਮ ਲਿਖ ਕੇ ਬੈਨਰ ਜਾਂ ਪੋਸਟ ਜਾਂ ਇਸ਼ਤਿਹਾਰ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਆਉਂਦੇ ਦਿਨਾਂ ਵਿੱਚ ਵੀਰ ਬਾਲ ਦਿਵਸ ਦੀ ਬਜਾਏ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਅਸੀਂ ਵੀ ਉਬਾਰ ਸਕੀਏ।

ਆ , ਅਸੀ ਸਾਰੇ ਰ਼ੱਲਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰੀਏ ਕਿ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਖ ਮਰਿਆਦਾ ਅਨੁਸਾਰ ਯਾਦ ਕਰਨ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਇਸ ਗੰਭੀਰ ਮੁੱਦੇ ਨੂੰ ਉਠਾਉਣ ਤਾਂ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਵਜੋਂ ਹੀ ਮਨਾਇਆ ਜਾਵੇ। ਇਹੋ ਸਾਡੀ ਸਾਹਿਬਜ਼ਾਦਿਆਂ ਨੂੰ 13 ਪੋਹ (27 ਦਸੰਬਰ, 2024) ਨੂੰ ਸੱਚੀ ਸੁੱਚੀ ਅਤੇ ਭਾਵਨਾ ਭਰਪੂਰ ਸ਼ਰਧਾਂਜਲੀ ਹੋਵੇਗੀ।

# ਜਿਸਨੇ ਮਾਪਿਆਂ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ –ਲੈਫਟੀਨੈਂਟ ਸਾਹਿਲਪ੍ਰੀਤ ਸਿੰਘ ਸੰਧੂ

ਸਿਆਣਿਆਂ ਦਾ ਕਥਨ ਹੈ ਕਿ ਇਨਸਾਨੀ ਹਿੰਮਤ ਅਤੇ ਸਿਰੜ ਅੱਗੇ ਪਹਾੜ ਨਿਵ ਜਾਇਆ ਕਰਦੇ ਹਨ, ਬਸ਼ਰਤੇ ਮਿਹਨਤ ਦਿਲ ਜਾਨ ਤੋਂ ਕੀਤੀ ਹੋਵੇ, ਭਾਵੇਂ ਹਾਲਾਤ ਕੁਝ ਵੀ ਹੋਣ।ਇਸ ਕਥਨ ਨੂੰ ਸੱਚ ਕਰ ਦਿਖਾਇਆ ਹੈ ਮਾਲਵੇ ਦੇ ਜ਼ਿਲ੍ਹਾ ਸੰਗਰੂਰ ਦੇ ਭਵਾਨੀਗੜ੍ਹ ਨੇੜਲੇ ਪਿੰਡ ਬੀਂਬੜ ਦੇ ਜੰਮਪਲ ਲੈਫਟੀਨੈਂਟ ਸਾਹਿਲਪ੍ਰੀਤ ਸਿੰਘ ਸੰਧੂ ਨੇ।

ਸਾਹਿਲਪ੍ਰੀਤ ਸਿੰਘ ਸੰਧੂ ਹੁਣੇ ਹੀ ਦੇਹਰਾਦੂਨ, ਉੱਤਰਾਖੰਡ ਵਿਖੇ ਹੋਈ ਕਨਵੋਕੇਸ਼ਨ ਵਿੱਚ ਪੰਜਾਬ ਦੇ ਅੱਠ ਹੋਰ ਉਮੀਦਵਾਰਾਂ ਨਾਲ ਸਰਦਾਰ ਲੈਫਟੀਨੈਂਟ ਬਣਿਆ ਹੈ। ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਬੜੇ ਹੀ ਫ਼ਕਰ ਵਾਲੀ ਗੱਲ ਹੈ ਕਿ ਭਾਰਤ ਭਰ ਚੋਂ ਚੁਣੇ ਗਏ 456 ਹੋਰ ਫੌਜੀ ਅਫਸਰਾਂ ਚੋਂ ਸਾਹਿਲਪ੍ਰੀਤ ਸਿੰਘ ਸੰਧੂ ਪੱਗ ਵਾਲਾ ਪੰਜਾਬੀ ਸਰਦਾਰ ਸੀ। ਮਾਪਿਆਂ, ਸੰਧੂ ਪਰਿਵਾਰ, ਪਿੰਡ ਬੀਂਬੜ੍ਹ, ਇਲਾਕੇ, ਜ਼ਿਲ੍ਹਾ ਸੰਗਰੂਰ ਅਤੇ ਪੰਜਾਬ ਦਾ ਮਾਣ ਨਾਲ ਸਿਰ ਉੱਚਾ ਕਰਨ ਵਾਲੇ ਸਾਹਿਲਪ੍ਰੀਤ ਸਿੰਘ ਸੰਧੂ ਨੇ 25 ਫਰਵਰੀ 2002 ਨੂੰ ਮਾਤਾ ਸ੍ਰੀਮਤੀ ਹਰਪ੍ਰੀਤ ਕੌਰ ਅਤੇ ਪਿਤਾ ਸ੍ਰ ਨਵਦੀਪ ਸਿੰਘ ਸੰਧੂ ਦੇ ਵਿਹੜੇ ਖੁਸ਼ੀਆਂ ਦੀ ਗੁਲਜ਼ਾਰ ਖਿਲਾਰੀ। ਮਾਪਿਆਂ ਦੇ ਇਕਲੌਤੇ ਸਾਹਿਲਪ੍ਰੀਤ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਤੋਂ ਮੁਹਰਲੀ ਕਤਾਰ ਵਿੱਚ ਰਹਿ ਕੇ ਹਾਸਿਲ ਕੀਤੀ। ਇੱਥੋਂ ਦਸਵੀਂ ਕਰਨ ਉਪਰੰਤ ਉਸਨੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਮੋਹਾਲੀ ਦਾ ਟੈਸਟ ਪਾਸ ਕਰ ਲਿਆ। ਇੱਥੇ ਰਹਿੰਦਿਆਂ ਕਰੜੀ ਮਿਹਨਤ, ਚੇਸ਼ਟਾ ਅਤੇ ਲਗਨ ਨਾਲ ਉਸਨੇ ਸ਼ੈਮਰੌਕ ਸਕੂਲ ਮੋਹਾਲੀ ਤੋਂ ਨਾਨ ਮੈਡੀਕਲ ਵਿੱਚ ਬਾਰਵੀ ਦੀ ਪ੍ਰੀਖਿਆ ਚੰਗੇ ਨੰਬਰਾਂ ਨਾਲ ਪਾਸ ਕਰਕੇ ਆਪਣੀ ਜ਼ਿੰਦਗੀ ਦੇ ਮਿੱਥੇ ਟੀਚੇ ਵੱਲ ਕਦਮ ਵਧਾਏ। 'ਹਿੰਮਤ ਕਰੇ ਇਨਸਾਨ ਤੋਂ ਕਿਆ ਕਾਮ ਹੈ ਮੁਸ਼ਕਿਲ' ਨੂੰ ਸੱਚ ਦੇ ਤਰਾਜੂ ਵਿਚ ਤੋਲਦਿਆਂ ਦਿਨ ਰਾਤ ਕੀਤੀ ਮਿਹਨਤ ਦਾ ਸਿੱਟਾ ਘਰਦਿਆਂ ਦੀ ਖੁਸ਼ੀ ਦਾ ਉਦੋਂ ਕੋਈ ਟਿਕਾਣਾ ਨਾ ਰਿਹਾ ਜਦੋਂ ਉਸਨੇ ਨੈਸ਼ਨਲ ਡਿਫੈਂਸ ਅਕੈਡਮੀ ਦਾ ਟੈਸਟ ਪਾਸ ਲਿਆ। ਨੈਸ਼ਨਲ ਡਿਫੈਂਸ ਅਕੈਡਮੀ ਖੜਕਵਾਸਾ (ਪੂਨੇ), ਮਹਾਰਾਸ਼ਟਰ ਵਿਖੇ ਉਸਨੇ ਤਿੰਨ ਸਾਲ ਜੀਅ ਜਾਨ ਨਾਲ ਟ੍ਰੇਨਿੰਗ ਕੀਤੀ। ਇਤਨੀ ਛੋਟੀ ਉਮਰ ਵਿਚ ਉਹ ਮਾਪਿਆਂ ਤੋਂ ਦੂਰ ਰਹਿ ਕੇ ਪਰਿਵਾਰਕ ਖੁਸ਼ੀਆਂ ਵਿੱਚ ਸ਼ਾਮਲ ਨਾ ਹੋ ਸਕਣ ਕਾਰਨ ਕਈ ਖ਼ੁਸ਼ੀਆਂ ਤੋਂ ਵਾਂਝਾ ਵੀ ਰਿਹਾ, ਪਰ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਡਟਿਆ ਰਿਹਾ।



ਫਿਰ ਉਹ ਇਕ ਸਾਲ ਇੰਡੀਅਨ ਮਿਲਟਰੀ ਅਕੈਡਮੀ ਦੇਹਰਾਦੂਨ, ਉੱਤਰਾਖੰਡ ਵਿਖੇ ਹੋਈ ਟ੍ਰੇਨਿੰਗ ਦੇ ਸਖਤੀ ਭਰੇ ਦੌਰ ਵਿੱਚੋਂ ਗੁਜ਼ਰਿਆ। ਲੱਖ ਔਕੜਾਂ, ਮੁਸ਼ਕਿਲਾਂ, ਤਕਲੀਫਾਂ ਨਾਲ ਲੜਦੇ ਸਾਹਿਲਪ੍ਰੀਤ ਸਿੰਘ ਸੰਧੂ ਨੇ ਮੁਸਤੈਦ ਬਣ ਮਿਹਨਤ ਦਾ ਪੱਲਾ ਨਹੀਂ ਛੱਡਿਆ ਅਤੇ ਆਪਣੀ ਮਸਤ ਚਾਲੇ ਮੰਜ਼ਿਲ ਵੱਲ੍ਹ ਵਧਦਾ ਗਿਆ।ਅੰਤ ਚਾਰ ਸਾਲਾਂ ਦੀ ਅਣਥੱਕ ਮਿਹਨਤ, ਦ੍ਰਿੜਤਾ, ਦੂਰ ਦ੍ਰਿਸ਼ਟੀ ਅਤੇ ਬੁਲੰਦ ਹੌਸਲੇ ਨਾਲ ਉਹ ਲੈਫਟੀਨੈਂਟ ਬਣ ਭਾਰਤੀ ਸੈਨਾ ਦਾ ਨੌਜਵਾਨ ਅਫਸਰ ਬਣ ਗਿਆ ਹੈ।

ਉਸਦੇ ਪਿਤਾ ਸ੍ਰ ਨਵਦੀਪ ਸਿੰਘ ਸੰਧੂ ਨੇ ਗੱਲਬਾਤ ਦੌਰਾਨ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਮੇਰੇ ਪੁੱਤਰ ਨੇ ਇਕੱਲੇ ਮੇਰਾ ਹੀ ਨਹੀਂ, ਮੇਰੇ ਪਰਿਵਾਰ, ਪਿੰਡ ਅਤੇ ਪੰਜਾਬ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਉਸਨੇ ਦੱਸਿਆ ਕਿ ਮੇਰੇ ਪਿਤਾ ਸ੍ਰ ਅਮਰੀਕ ਸਿੰਘ ਸੰਧੂ ਦਾ ਸੁਪਨਾ ਸੀ ਕਿ ਮੇਰਾ ਪੋਤਰਾ ਲਫਟੈਣ ਬਣੇ ਅਤੇ ਲੈਫਟੀਨੈਂਟ ਸਾਹਿਲਪ੍ਰੀਤ ਸਿੰਘ ਸੰਧੂ ਨੇ ਉਹਨਾਂ ਦਾ ਇਹ ਸੁਪਨਾ ਪੂਰਾ ਕਰ ਦਿਖਾਇਆ ਹੈ।

ਉਸਨੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਨਵੇਂ ਬਣੇ 456 ਮਿਲਟਰੀ ਅਫਸਰਾਂ ਵਿੱਚ ਸਾਹਿਲਪ੍ਰੀਤ ਸਿੰਘ ਦਸਤਾਰਧਾਰੀ ਲੈਫਟੀਨੈਂਟ ਸਾਰਿਆਂ 'ਚੋਂ ਅਲੱਗ ਚਮਕਦਾ ਸੀ। 'ਚਮਕਦਾ ਲੱਖਾਂ ਵਿੱਚ 'ਕੱਲਾ ਹੀ ਖੜਾ, ਪੱਗ ਨਾਲ ਪੈਂਦਾ ਸਾਡਾ ਰੋਹਬ ਹੈ ਬੜਾ' ਗੀਤ ਦੀਆਂ ਇਹ ਸਤਰਾਂ ਵਾਰ ਵਾਰ ਮੇਰੇ ਜ਼ਿਹਨ ਵਿੱਚ ਘੁੰਮ ਰਹੀਆਂ ਸਨ। 'ਇਸ ਦੁਨੀਆਂ ਵਿੱਚ ਬੰਦੇ ਖਾਤਿਰ ਨਹੀਂ ਕੋਈ ਕੰਮ ਔਖੇਰਾ, ਬਸ ਚਾਹੀਦੈ ਮੰਜ਼ਿਲ ਉੱਤੇ ਪੈੜਾਂ ਕਰਨ ਦਾ ਜ਼ੇਰਾ' ਸਤਰਾਂ ਨੂੰ ਲੈਫਟੀਨੈਂਟ ਸਾਹਿਲਪ੍ਰੀਤ ਸਿੰਘ ਸੰਧੂ ਦੀ ਅਣਥੱਕ ਮਿਹਨਤ,ਲਗਨ ਅਤੇ ਯਤਨਾਂ ਨੇ ਸੱਚ ਸਾਬਤ ਕਰ ਦਿੱਤਾ ਹੈ। ਸਾਹਿਲਪ੍ਰੀਤ ਸਿੰਘ ਸੰਧੂ ਭਾਰਤੀ ਥਲ ਸੈਨਾ ਦੀ ਗੋਰਖਾ ਬਟਾਲੀਅਨ ਦਾ ਸਰਦਾਰ ਲੈਫਟੀਨੈਂਟ ਅਫਸਰ ਹੋਵੇਗਾ। ਉਹ ਭਵਿੱਖ ਵਿਚ ਪੰਜਾਬੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ,ਆਦਰਸ਼ ਅਤੇ ਰਾਹ ਦਿਸੇਰਾ ਬਣ ਗਿਆ ਹੈ। ਆਪਣੀ ਮਿਹਨਤ, ਸਿਰੜ ਅਤੇ ਲਗਨ ਨਾਲ ਉਹ ਹੋਰ ਵੀ ਬੁਲੰਦੀਆਂ ਨੂੰ ਛੂਹੇ।

**ਇੰਜੀ ਸਤਨਾਮ ਸਿੰਘ ਮੱਟੂ**
**9779708257**

# ਨਾਤਾ ਪ੍ਰਥਾ, ਇਕ ਸਮਾਜਿਕ ਕਲੰਕ



ਨਿਰਮਲ ਪ੍ਰੇਮੀ ਰਾਜਗੜ੍ਹ
91-94631-61691

ਸਾਲ 2017 ਵਿਚ ਰਾਜਸਥਾਨ ਦੇ ਬਾਂਸਬਾੜਾ ਜ਼ਿਲ੍ਹੇ ਦੇ ਕਲਿੰਜਕਾ ਥਾਣਾ ਇਲਾਕੇ ਵਿਚ ਪ੍ਰੇਮ ਸਬੰਧਾਂ ਦੇ ਚਲਦਿਆਂ ਇਕ ਲੜਕਾ-ਲੜਕੀ ਨੂੰ ਪਿਆਰ ਕਰਨ ਦੀ ਉਨ੍ਹਾਂ ਦੇ ਪਿੰਡ ਅਤੇ ਪਰਿਵਾਰ ਵਾਲਿਆਂ ਨੇ ਇਹੋ ਜਿਹੀ ਸਜ਼ਾ ਦਿੱਤੀ, ਜਿਹਦੇ ਬਾਰੇ ਵਿਚ ਹਰੇਕ ਸੁਣਨ ਵਾਲੇ ਦਾ ਰੋਮ ਰੋਮ ਖੜ੍ਹਾ ਹੋ ਗਿਆ। ਪਹਿਲਾਂ ਦੋਹਾਂ ਨੂੰ ਨੰਗਿਆਂ ਕਰ ਸਾਰੇ ਪਿੰਡ ਵਿਚ ਘੁੰਮਾਇਆ ਗਿਆ, ਫਿਰ ਲੜਕੀ ਦਾ 80 ਹਜ਼ਾਰ ਵਿਚ ਨਾਤਾ ਕਰ ਦਿੱਤਾ ਗਿਆ। ਇਸੇ ਤਰ੍ਹਾਂ ਰਾਜਸਮੰਦ ਜ਼ਿਲ੍ਹੇ ਦੇ ਆਦਿਵਾਸੀ ਇਲਾਕਿਆਂ ’ਚ ਕਈ ਔਰਤਾਂ ਦੇ ਨਾਤਾ ਦੇ ਤਹਿਤ ਆਪਣੀ ਮਰਜ਼ੀ ਦੇ ਵਿਰੁੱਧ ਕਈ ਵਾਰ ਦੁਬਾਰਾ ਵਿਆਹ ਕਰਨ ਦੇ ਮਾਮਲੇ ਸਾਹਮਣੇ ਆਏ।

ਨਾਤਾ, ਨਾਤਰਾ ਅਤੇ ਨਾਤਰੀ ਇਕ ਇਹੋ ਜਿਹੀ ਪ੍ਰਥਾ ਹੈ, ਜਿਹਦੇ ’ਚ ਬਿਨਾਂ ਸ਼ਾਦੀ ਦੇ ਲੜਕੀ ਨੂੰ ਲੜਕੇ ਦੇ ਨਾਲ ਰਹਿਣ ਦੇ ਲਈ ਮਜ਼ਬੂਰ ਕੀਤਾ ਜਾਂਦਾ ਹੈ। ਪ੍ਰਦੇਸ਼ ਦੀਆਂ ਕੁਝ ਜਾਤੀਆਂ ’ਚ ਪ੍ਰਚੱਲਿਤ ਨਾਤਾ ਪ੍ਰਥਾ ਦੇ ਅਨੁਸਾਰ ਵਿਆਹੀ ਔਰਤ ਆਪਣੇ ਪਤੀ ਨੂੰ ਛੱਡ ਕੇ ਕਿਸੇ ਦੂਸਰੇ ਆਦਮੀ ਦੇ ਨਾਲ ਰਹਿ ਸਕਦੀ ਹੈ। ਐਨਾ ਹੀ ਨਹੀਂ, ਆਦਮੀ ਵੀ ਕਿਸੇ ਵਿਆਹੀ ਔਰਤ ਨੂੰ ਉਸ ਦੀ ਸਹਿਮਤੀ ਨਾਲ ਲਿਆ ਕੇ ਪਤਨੀ ਦੇ ਰੂਪ ’ਚ ਰੱਖ ਸਕਦਾ ਹੈ। ਅਸਲ ’ਚ ਨਾਤਾ ਪ੍ਰਥਾ ’ਚ ਔਰਤ ਜਾਂ ਆਦਮੀ ਨੂੰ ਸ਼ਾਦੀ ਕਰ ਦੀ ਜ਼ਰੂਰਤ ਨਹੀਂ ਹੁੰਦੀ ਹੈ ਅਤੇ ਨਾ ਹੀ ਕਿਸੇ ਕਿਸਮ ਦੇ ਰੀਤੀ-ਰਿਵਾਜ ਕਰਨੇ ਪੈਂਦੇ ਹਨ।

ਅਸਲ ’ਚ ਰਾਜਸਥਾਨ ’ਚ ਨਾਤਾ ਪ੍ਰਥਾ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਇਸ ਪ੍ਰਥਾ ’ਚ ਕੋਈ ਵੀ ਵਿਆਹਿਆ ਆਦਮੀ ਜਾਂ ਔਰਤ ਜੇਕਰ ਕਿਸੇ ਦੂਸਰੇ ਆਦਮੀ ਜਾਂ ਔਰਤ ਦੇ ਨਾਲ ਆਪਣੀ ਮਰਜ਼ੀ ਨਾਲ ਰਹਿਣਾ ਚਾਹੁੰਦੀ ਹੈ ਤਾਂ ਉਹ ਇਕ-ਦੂਜੇ ਤੋਂ ਤਲਾਕ ਲੈ ਕੇ ਇਕ ਮਿੱਥੀ ਰਾਸ਼ੀ ਦੇ ਕੇ ਇਕੱਠੇ ਰਹਿ ਸਕਦੇ ਹਨ। ਕਹਿੰਦੇ ਹਨ ਕਿ ਨਾਤਾ ਪ੍ਰਥਾ ਵਿਧਵਾਵਾਂ ਅਤੇ ਛੱਡੀਆਂ ਔਰਤਾਂ ਦੇ ਲਈ ਸ਼ੁਰੂ ਹੋਈ ਸੀ। ਉਨ੍ਹਾਂ ਨੂੰ ਸਮਾਜਿਕ ਜੀਵਨ ਜੀਣ ਦੇ ਲਈ ਮਾਨਤਾ ਦੇਣ ਦੇ ਲਈ ਇਸ ਦੀ ਸ਼ੁਰੂਆਤ ਹੋਈ ਸੀ। ਇਸ ਪ੍ਰਥਾ ਦੇ ਪੰਜ ਪਿੰਡਾਂ ਦੇ ਪੰਚਾਂ ਰਾਹੀਂ ਕੁਝ ਫੈਸਲੇ ਲਏ ਜਾਂਦੇ ਹਨ। ਇਸੇ ਦੌਰਾਨ ਪਹਿਲੀ ਸ਼ਾਦੀ ਦੇ ਦੌਰਾਨ ਜਨਮੇ ਬੱਚਿਆਂ ਨੂੰ ਲੈ ਕੇ ਗੱਲ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਬਾਕੀ ਮੁੱਦਿਆਂ ’ਤੇ ਚਰਚਾ ਕਰ ਨਿਪਟ-ਾਰਾ ਕੀਤਾ ਜਾਂਦਾ ਹੈ।

ਇਸ ’ਚ ਸਿਰਫ ਔਰਤ, ਆਦਮੀ ਅਤੇ ਉਸ ਨਾਲ ਜੁੜੇ ਪੱਖਾਂ ਜਿਵੇਂ ਮਾਤਾ-ਪਿਤਾ, ਔਰਤ ਦਾ ਪਤੀ ਅਤੇ ਆਦਮੀ ਦੀ ਪਤਨੀ ਦੇ ਵਿਚਾਲੇ ਸਹਿਮਤੀ ਬਣਾਉਣੀ ਹੁੰਦੀ ਹੈ। ਪੰਚਾਇਤ ਦੇ ਜ਼ਰੀਏ ਪਤਨੀ ਨੂੰ ਲੈ ਜਾਣ ਵਾਲੇ ਆਦਮੀ ਤੋਂ ਮਿੱਥੀ ਰਾਸ਼ੀ ਦੀ ਮੰਗ ਕੀਤੀ ਜਾਂਦੀ ਹੈ। ਵਿਆਹਿਆ ਆਦਮੀ ਵਿਆਹੁਤਾ ਔਰਤ ਨਾਲ ਜੁੜੇ ਪੱਖ ਨੂੰ ਇਕ ਮਿੱਥੀ ਰਾਸ਼ੀ ਦੇ ਕੇ ਆਪਣੇ ਨਾਲ ਰੱਖ ਸਕਦਾ ਹੈ। ਸੌਦਾ ਤਹਿ ਹੋਣ ਤੇ ਪਤਨੀ ਦੂਸਰੇ ਆਦਮੀ ਦੇ ਨਾਲ ਰਹਿਣ ਲੱਗਦੀ ਹੈ। ਇਸ ਲੈਣ-ਦੇਣ ਕੀਤੀ ਜਾਣ ਵਾਲੀ ਰਾਸ਼ੀ ਨੂੰ ਝਗੜਾ-ਛੁਟਣਾ ਕਹਿੰਦੇ ਹਨ।

ਉਂਝ ਤਾਂ ਰਾਜਸਥਾਨ ’ਚ ਇਸ ਪ੍ਰਥਾ ਦਾ ਰੁਝਾਨ ਕਈਆਂ ਥਾਵਾਂ ’ਤੇ ਹੈ, ਪਰ ਆਦਿਵਾਸੀ ਤਬਕਿਆਂ, ਜਨਜਾਤੀ ਖੇਤਰਾਂ ਅਤੇ ਕੁਝ ਜਾਤੀਆਂ ’ਚ ਇਹ ਰਿਵਾਜ਼ ਕਾਫੀ ਮਸ਼ਹੂਰ ਹੈ। ਪਹਿਲਾਂ ਇਹ ਪ੍ਰਥਾ ਜਿੱਥੇ ਸਿਰਫ ਪਿੰਡਾਂ ’ਚ ਮੰਨੀ ਜਾਂਦੀ ਸੀ, ਉਥੇ ਵਰਤਮਾਨ ਯੁੱਗ ’ਚ ਇਹ ਕਈ ਕਸਬਿਆਂ ਤੱਕ ਫੈਲ ਚੁੱਕੀ ਹੈ। ਪੰਚਾਂ ਦਾ ਤਰਕ ਹੈ ਕਿ ਇਸ ਪ੍ਰਥਾ ਦੀ ਵਜ੍ਹਾ ਨਾਲ ਔਰਤਾਂ ਅਤੇ ਆਦਮੀਆਂ ਨੂੰ ਤਲਾਕ ਦੇ ਕਾਨੂੰਨੀ ਝੰਜਟਾਂ ਤੋਂ ਮੁਕਤੀ ਮਿਲ ਜਾਂਦੀ ਹੈ, ਪਰ ਅਸਲ ’ਚ ਇਹੋ ਜਿਹਾ ਹੁੰਦਾ ਨਹੀਂ ਹੈ।

ਸਮਾਂ ਲੰਘਣ ਦੇ ਨਾਲ ਇਸ ਪ੍ਰਥਾ ’ਚ ਵੀ ਕਈ ਤਬਦੀਲੀਆਂ ਹੁੰਦੀਆਂ ਚਲੀਆਂ ਗਈਆਂ। ਇਸ ਦੇ ਕਾਰਨ ਲੜਕੀਆਂ ਅਤੇ ਔਰਤਾਂ ਦੇ ਖਰੀਦਣ ਅਤੇ ਵੇਚਣ ਦੇ ਇਸ ਸਿ-ਲਸਿਲੇ ਨੂੰ ਹੱਲਾਸ਼ੇਰੀ ਮਿਲ ਰਹੀ ਹੈ। ਉਥੇ ਦੂਜੇ ਪਾਸੇ ਇਹ ਪੁਰਸ਼ਵਾਦੀ ਸਮਾਜ ’ਚ ਔਰਤਾਂ ਦੇ ਕੰਟਰੋਲ ਦਾ ਵੀ ਹਥਿਆਰ ਬਣਦਾ ਜਾ ਰਿਹਾ ਹੈ। ਇਸ ਪ੍ਰਥਾ ਨਾਲ ਹੋ ਰਹੇ ਨੁਕਸਾਨ ਨੂੰ ਰੋਕਣ ਦੇ ਲਈ ਵਰਤਮਾਨ ’ਚ ਪੰਚਾਇਤਾਂ ਦੇ ਕੋਲ ਕੋਈ ਵੀ ਅਧਿਕਾਰਿਕ ਕੰਟਰੋਲ ਨਹੀਂ ਹੈ, ਜਿਸ ਨਾਲ ਨਾਤਾ ਪ੍ਰਥਾ ਔਰਤਾਂ ਦੇ ਸ਼ੋਅ ਦਾ ਸਭ ਤੋਂ ਵੱਡਾ ਹਥਿਆਰ ਬਣ ਕੇ ਸਾਹਮਣੇ ਆ ਰਹੀ ਹੈ।

ਕੁਝ ਸਮਾਂ ਪਹਿਲਾਂ ਦੱਖਣੀ ਰਾਜਸਥਾਨ ’ਚ ਇਕ ਗੈਰ ਸਰਕਾਰੀ ਸੰਗਠਨ ਦੇ ਵੱਲੋਂ ਕੀਤੇ ਗਏ ਅਧਿਐਨ ’ਚ ਪਾਇਆ ਗਿਆ ਕਿ ਜੇਕਰ ਬੱਚਿਆਂ ਦੀ ਮਾਂ ਨਾਤਾ ਪ੍ਰਥਾ ਦੇ ਤਹਿਤ ਕਿਸੇ ਦੂਜੇ ਆਦਮੀ ਦੇ ਕੋਲ ਚਲੀ ਗਈ ਹੈ ਤਾਂ ਬੱਚਿਆਂ ਨੂੰ ਸਕੂਲਾਂ ’ਚ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ’ਚੋਂ ਬਹੁਤਿਆਂ ਦੇ ਕੋਲ ਆਪਣੀਆਂ ਭਾਵਨਾਵਾਂ ਨੂੰ ਸਾਂਝਾ ਕਰਨ ਲਈ ਕੋਈ ਦੋਸਤ ਨਹੀਂ ਹੁੰਦਾ। ਅਧਿਐਨ ’ਚ ਕਿਹਾ ਗਿਆ ਕਿ 13 ਫੀਸਦੀ ਬੱਚਿਆਂ ਨੂੰ ਆਪਣੇ ਪਰਿਵਾਰ ’ਚ ਨਾਤਾ ਦੇ ਕਾਰਨ ਸਕੂਲਾਂ ’ਚ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ’ਚੋਂ 6 ਫੀਸਦੀ ਬੱਚਿਆਂ ਨੂੰ ਜ਼ੁਬਾਨੀ ਅਤੇ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਅਧਿਐਨ ’ਚ 22 ਫੀਸਦੀ ਬੱਚਿਆਂ ਨੇ ਦੱਸਿਆ ਕਿ ਨਾਤਾ ਸਬੰਧ ਦੇ ਬਾਅਦ ਵਿਚ ਉਹ ਰੋਜ਼ਾਨਾ ਜੀਵਨ ’ਚ ਪਰਿਵਾਰਾਂ ’ਚ ਹਿੰਸਾ ਦੇਖਦੇ ਹਨ। ਅਧਿਐਨ ’ਚ ਕਿਹਾ ਗਿਆ ਹੈ ਕਿ ਆਦਿਵਾਸੀ ਸਮਾਜ ’ਚ ਦੋ ਪ੍ਰਕਾਰ ਦੀ ਨਾਤਾ ਪ੍ਰਥਾਵਾਂ ਹਨ। ਪਹਿਲੀ, ਜਦ ਪਤੀ ਦੀ ਮੌਤ ਹੋ ਜਾਂਦੀ ਹੈ ਅਤੇ ਔਰਤ ਆਪਣੀ ਮਰਜ਼ੀ ਨਾਲ ਜਾਂ ਸਮਾਜ ਦੀ ਸਹਿਮਤੀ ਨਾਲ ਕਿਸੇ ਹੋਰ ਆਦਮੀ ਦੇ ਨਾਲ ਚਲੀ ਜਾਂਦੀ ਹੈ। ਉਥੇ ਦੂਸਰੀ ’ਚ ਇਕ ਔਰਤ ਆਪਣੇ ਪਤੀ ਦੇ ਜਿਉਂਦੇ ਹੁੰਦੇ ਹੋਏ ਵੀ ਕਿਸੇ ਹੋਰ ਆਦਮੀ ਦੇ ਨਾਲ ਚਲੀ ਜਾਂਦੀ ਹੈ।

ਇਨ੍ਹਾਂ ਦੋਹਾਂ ਮਾਮਲਿਆਂ ’ਚ ਔਰਤਾਂ ਆਪਣੇ ਬੱਚਿਆਂ ਨੂੰ ਪਿੱਛੇ ਛੱਡ ਦਿੰਦੀਆਂ ਹਨ, ਕਿਉਂਕਿ ਉਨ੍ਹਾਂ ਦਾ ਨਵਾਂ ਪਤੀ ਆਪਣੇ ਪਹਿਲੇ ਪਤੀ ਦੇ ਬੱਚਿਆਂ ਨੂੰ ਕਬੂਲ ਕਰਨ ਨੂੰ ਤਿਆਰ ਨਹੀਂ ਹੁੰਦਾ ਹੈ। ਇਹ ਉਨ੍ਹਾਂ ਬੱਚਿਆਂ ਦੇ ਲਈ ਕਈ ਕਮਜ਼ੋਰੀਆਂ ਪੈਦਾ ਕਰਦਾ ਹੈ, ਜਿਨ੍ਹਾਂ ਨੂੰ ਆਪਣੇ ਦਾਦਾ-ਦਾਦੀ ਜਾਂ ਹੋਰ ਰਿਸ਼ਤੇਦਾਰਾਂ ਦੇ ਨਾਲ ਰਹਿਣ ਦੇ ਲਈ ਮਜਬੂਰ ਕੀਤਾ ਜਾਂਦਾ ਹੈ। ਪਤੀ ਜਾਂ ਪਤਨੀ ਦੀ ਛੇਤੀ ਮੌਤ, ਔਰਤਾਂ ਦੇ ਖਿਲਾਫ ਘਰੇਲੂ ਹਿੰਸਾ, ਤਲਾਕ, ਪਤੀ ਦੀ ਖਰਾਬ ਆਰਥਿਕ ਸਥਿਤੀ ਜਾਂ ਜਦ ਉਹ ਆਪਣੀ ਪਤਨੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ’ਚ ਸਮਰੱਥ ਨਹੀਂ ਹੁੰਦਾ ਹੈ, ਜਿਹੇ ਕਾਰਨਾਂ ਨੂੰ ਵੀ ਨਾਤਾ ਪ੍ਰਥਾ ਦੇ ਵਧਣ ਦੀ ਵਜ੍ਹਾ ਮੰਨਿਆ ਜਾਂਦਾ ਹੈ। ਇਸ ਦੇ ਇਲਾਵਾ ਸਮਾਜ ਦਾ ਆਧੁਨਿਕੀਕਰਨ ਅਤੇ ਮੋਬਾਇਲ ਅਤੇ ਟੀ. ਵੀ. ਦਾ ਪ੍ਰਚਲਨ ਵੀ ਨਾਤਾ ਦੇ ਦੂਜੇ ਕਾਰਨ ਹਨ।

ਨਾਤਾ ਪ੍ਰਥਾ ’ਤੇ ਕੀਤੇ ਗਏ ਇਕ ਹੋਰ ਅਧਿਐਨ ’ਚ ਹੈਰਾਨ ਕਰਨ ਵਾਲੇ ਤੱਥ ਨਿਕਲ ਕੇ ਸਾਹਮਣੇ ਆਏ। ਤੱਥ ਔਰਤਾਂ ਦੀ ਦੁਰਦਸ਼ਾ ਨੂੰ ਦਰਸਾਉਂਦੇ ਹੋਏ ਮਿਲੇ। ਨਾਤਾ ਪ੍ਰਥਾ ਦੇ ਕਾਰਨ ਦੇ ਰੂਪ ’ਚ ਪਤਨੀ ਦੇ ਨਾਲ ਪਤੀ ਦਾ ਅਪਮਾਨਜਨਕ ਰਵੱਈਆ ਸਾਹਮਣੇ ਆਇਆ, ਜਿਹਦੇ ਨਾਲ ਉਨ੍ਹਾਂ ਦੀ ਪੂਰੀ ਜ਼ਿੰਦਗੀ ਦੁੱਖਾਂ ’ਚ ਕਟਦੀ ਰਹੀ। ਉਥੇ ਅਨਿਸ਼ਚਿਤ ਵਿਧਵਾਪਣ ਅਤੇ ਤਲਾਕ ਦੀ ਮਜ਼ਬੂਰੀ ਜਿਹੇ ਕਾਰਨ ਵੀ ਸਾਹਮਣੇ ਆਏ। ਇਸ ਖੇਤਰ ’ਚ ਕੰਮ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਪ੍ਰਥਾ ਨੂੰ ਠੱਲ੍ਹ ਪਾਉਣ ਦੀ ਸਖਤ ਲੋੜ ਹੈ, ਜਿਹਦੇ ਲਈ ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਸਖਤ ਕਾਨੂੰਨ ਬਣਾਉਣਾ ਹੋਵੇਗਾ।

# ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਬੇਸ਼ੱਕ ਅੱਜ ਦੇ ਇਨਸਾਨ ਨੇ ਹੋਰਨਾਂ ਮਖ਼ਲੂਕਾਂ ਉੱਪਰ ਆਪਣੀ ਬਾਲਾਦਸਤੀ ਕਾਇਮ ਕੀਤੀ ਹੈ ਅਤੇ ਉਹ ਖੁਦ ਨੂੰ ਬਹੁਤ ਤਾਕਤਵਰ, ਤਰੱਕੀ-ਪਸੰਦ, ਕਾਮਯਾਬ ਅਤੇ ਸਾਹਿਬ-ਏ-ਅਕਲ ਵੀ ਮਹਿਸੂਸ ਕਰਦਾ ਹੈ, ਲੇਕਿਨ ਇਸ ਸਭ ਦੇ ਬਾਵਜੂਦ ਸੱਚ ਜਾਣਿਓ! ਇਨਸਾਨ ਦੀ ਜ਼ਹਾਨਤ ਉੱਪਰ ਹੁਣ ਸ਼ੱਕ ਜਿਹਾ ਹੁੰਦਾ ਹੈ। ਉਸ ਦੇ ਦਾਅਵੇ ਖੋਖਲੇ ਜਿਹੇ ਪ੍ਰਤੀਤ ਹੁੰਦੇ ਹਨ। ਸਾਡੇ ਮੁਆਸ਼ਰੇ ਵਿਚ ਲੋਕ ਤਰੱਕੀ ਦੀ ਅੰਨ੍ਹੀ ਦੌੜ ਵਿਚ ਇਸ ਹੱਦ ਤੱਕ ਸ਼ਾਮਿਲ ਹੋ ਚੁੱਕੇ ਹਨ ਕਿ ਨਾ ਤਾਂ ਹੁਣ ਉਹਨਾਂ ਵਿਚ ਪਹਿਲਾਂ ਵਰਗਾ ਸਹਿਜ, ਸਕੂਨ, ਸਦਾਕਤ ਅਤੇ ਸਦਭਾਵਨਾ ਰਹੀ ਹੈ ਅਤੇ ਨਾ ਹੀ ਉਹ ਪਹਿਲਾਂ ਵਰਗੇ ਜਜ਼ਬਾਤਾਂ ਦੇ ਰਿਸ਼ਤੇ, ਤਹਿਜ਼ੀਬ, ਸ਼ਰਾਫਤ ਤੇ ਕਿਰਦਾਰ ਹਨ। ਨਾ ਉਹ ਬੰਦਾਪਰਵਰੀ, ਛੋਟੇ-ਵੱਡੇ ਦਾ ਲਿਹਾਜ਼, ਇਕ-ਦੂਜੇ ਦਾ ਏਹਤਿਰਾਮ, ਰਿਸ਼ਤਿਆਂ ਵਿਚ ਸ਼ਫ਼ਕਤ ਤੇ ਇਕ ਦੂਜੇ ਦੀ ਸ਼ਰਮ ਦਿਖਾਈ ਦਿੰਦੀ ਹੈ ਅਤੇ ਨਾ ਹੀ ਕਿਤੇ ਲੋਕਾਂ ਵਿਚ ਉਹ ਪਹਿਲਾਂ ਵਰਗਾ ਖ਼ਲੂਸ, ਦਿਆਨਤਦਾਰੀ, ਮੁਖ਼ਲਿਸ ਰੱਵਈਆ, ਬਾਇਖ਼ਲਾਕ ਤਰਜ਼-ਏ-ਅਮਲ ਅਤੇ ਖੁਸ਼ਮਿਜ਼ਾਜ਼ ਵਰਤਾਉ ਦੇਖਣ ਨੂੰ ਮਿਲਦਾ ਹੈ।

ਬੇਸ਼ੱਕ ਅੱਜ ਇਨਸਾਨ ਨੇ ਕਾਇਨਾਤ ਦੇ ਗੁੱਝੇ ਭੇਦਾਂ ਨੂੰ ਸਮਝਣ ਵਿਚ ਕਿਸੇ ਹੱਦ ਤੱਕ ਸਫਲਤਾ ਵੀ ਹਾਸਲ ਕੀਤੀ ਹੈ, ਲੇਕਿਨ ਹੁਣ ਉਹ ਪਹਿਲਾਂ ਵਰਗੀ ਕੁਰਬੱਤ ਅਤੇ ਰਫ਼ਾਕਤ ਕਿਤੇ ਗੁੰਮ ਜਿਹੀ ਹੋ ਗਈ ਹੈ। ਦੌਲਤ ਦੇ ਅੰਬਾਰ ਉੱਪਰ ਬੈਠਾ ਹਰ ਸ਼ਖਸ ਅੰਦਰੋਂ-ਅੰਦਰ ਹੀ ਇਕੱਲਤਾ ਅਤੇ ਕਿਸੇ ਖ਼ਲਾਅ ਦਾ ਸੰਤਾਪ ਭੋਗ ਰਿਹਾ ਹੈ, ਉਹ ਭੀੜ ਵਿਚ ਸ਼ੁਮਾਰ ਤਾਂ ਹੋ ਰਿਹਾ ਹੈ, ਲੇਕਿਨ ਮਨੁੱਖੀ ਰਿਸ਼ਤਿਆਂ ਵਿਚੋਂ ਕਿਤੇ ਨਾ ਕਿਤੇ ਹਰ ਗੁਜ਼ਰਦੇ ਹੋਏ ਪਲਾਂ ਨਾਲ ਮਨਫੀ ਹੋ ਰਿਹਾ ਹੈ, ਉਹ ਕੁਝ ਮੁਫਲਸੀ ਦੇ ਮਾਰੇ ਲੋਕਾਂ ਉੱਤੇ ਆਪਣੇ ਸਿੱਕੇ ਦੀ ਧੌਂਸ ਨੂੰ ਜਮਾਉਣ ਵਿਚ ਤਾਂ ਸਫ਼ਲ ਦਿਖਾਈ ਦੇ ਰਿਹਾ ਹੈ, ਲੇਕਿਨ ਉਸ ਦੀ ਆਪਣੀ ਸਫ਼ਲਤਾ ਹੀ ਉਸ ਦੇ ਧੁਰ ਅੰਦਰ ਕਿਤੇ ਨਾ ਕਿਤੇ ਬੇਚੈਨੀ ਨੂੰ ਵਧਾਉਣ ਵਿਚ ਮਰਕਜ਼ੀ ਕਿਰਦਾਰ ਨਿਭਾ ਰਹੀ ਹੈ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਦੀ ਅਜਿਹੀ ਹਾਲਤ ਕਿਉਂ ਹੈ? ਜੇਕਰ ਅਸੀਂ ਗਹੁ ਨਾਲ ਵੇਖੀਏ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਨਸਾਨ ਮਹਿਜ਼ ਇਕ ਕਠਪੁਤਲੀ ਹੈ। ਦਰਅਸਲ ਇਨਸਾਨ ਆਪਣੇ ਪਹਿਲੇ ਸਾਹ ਤੋਂ ਆਖ਼ਰੀ ਸਾਹ ਤੱਕ ਇਕ ਬੜੇ ਵੱਡੇ ਮੁਗਾਲਤੇ ਦਾ ਸ਼ਿਕਾਰ ਹੁੰਦਾ ਹੈ ਅਤੇ ਉਹ ਭੁੱਲ ਜਾਂਦਾ ਹੈ ਕਿ ਕਿਸੇ ਵੀ ਕਠਪੁਤਲੀ ਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ ਹੁੰਦੀ ਹੈ। ਇਨਸਾਨ ਜੋ ਵੀ ਹੈ, ਉਹ ਕਿਸੇ ਦੈਵੀ ਸ਼ਕਤੀ ਦੀ ਰਜ਼ਾ ਵਿਚ ਹੀ ਹੈ। ਵਾਸਤਵ ਵਿਚ ਉਸ ਦੀ ਹੈਸੀਅਤ ਇਸ ਬ੍ਰਹਮੰਡ ਦੇ ਇਕ ਤੁੱਛ ਜਿਹੇ ਕਿਣਕੇ ਦੇ ਸਮਾਨ ਹੈ, ਲੇਕਿਨ ਉਹ ਉਲਾਰ ਅਤੇ ਫ਼ਤੂਰ ਵਿਚ ਇਹ ਸਮਝ ਬੈਠਦਾ ਹੈ ਕਿ ਜਿਵੇਂ ਸਭ ਕੁਝ ਉਸ ਦੇ ਕਰਕੇ ਅਤੇ ਉਸ ਦੇ ਇਸ਼ਾਰੇ ਉੱਤੇ ਹੋ ਰਿਹਾ ਹੈ। ਇਸ ਸੰਸਾਰ ਵਿਚ ਵਿਚਰਦੇ ਹੋਏ ਇਨਸਾਨ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਰੇ ਖ਼ੌਫ਼, ਵਸਵਸੇ, ਵਹਿਮ, ਉਲਝਣਾਂ ਅਤੇ ਦੁਚਿੱਤੀਆਂ ਉਸ ਵੇਲੇ ਮਨੁੱਖ ਨੂੰ ਆਣ ਘੇਰਦੀਆਂ ਹਨ, ਜਦੋਂ ਮਨੁੱਖ ਉਸ ਪਰਵਦਗਾਰ ਦੀ ਰਜ਼ਾ ਵਿਚ ਚਲਣ ਤੋਂ ਮੁਨਕਰ ਹੋ ਕੇ ਨੇਕੀ ਦੇ ਰਾਹ ਨੂੰ ਛੱਡ ਕੇ ਵਿਕਾਰਾਂ ਅੱਗੇ ਆਤਮ ਸਮਰਪਣ ਕਰ ਦਿੰਦਾ ਹੈ। ਉਸ ਨਿਰੰਕਾਰ ਦੀ ਰਜ਼ਾ ਤੋਂ ਮੁਨਕਰ ਕਿਸੇ ਵੀ ਇਨਸਾਨ ਨੂੰ ਨਾ ਤਾਂ ਕੋਈ ਸਿਆਣਪ, ਚਲਾਕੀ-ਚੁਸਤੀ ਅਤੇ ਸ਼ਰਾਰਤ ਵੈਤਰਨੀ ਦੀ ਅੱਗ ਤੋਂ ਬਚਾ ਸਕਦੀ ਹੈ ਅਤੇ ਨਾ ਹੀ ਉਸ ਨੂੰ ਪੁਰਸਲਾਤ ਦੇ ਪੁੱਲ ਤੋਂ ਪਾਰ ਲੰਘਾ ਸਕਦੀ ਹੈ।

ਅਕਸਰ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਜ਼ਿਆਦਾਤਰ ਲੋਕ ਅਜ਼ੀਮਤਰ ਇਨਸਾਨ ਬਣਨ ਦਾ ਖ਼ਵਾਬ ਦੇਖਦੇ ਹਨ, ਲੇਕਿਨ ਉਹਨਾਂ ਦੇ ਅੰਦਰ ਦਾ ਝੂਠ, ਕਸ਼ਮਕਸ਼, ਖ਼ੁਦਗਰਜ਼ੀ, ਲਾਲਚ, ਜ਼ਹਾਲਤ ਅਤੇ ਬੁਜ਼ਦਿਲੀ ਉਹਨਾਂ ਕੋਲੋਂ ਉਹ ਬੇਸ਼ਕੀਮਤੀ ਪਲ ਖੋਹ ਲੈਂਦੀ ਹੈ, ਜਿਸ ਦਾ ਸਦਉਪਯੋਗ ਕਰਕੇ ਉਹ ਮਹਾਨ ਬਣ ਸਕਦੇ ਹੁੰਦੇ ਹਨ। ਅਜਿਹੇ ਲੋਕਾਂ ਕੋਲ ਨਾ ਤਾਂ ਨੇਕੀ, ਸਚਾਈ ਤੇ ਕੁਰਬਾਨੀ ਦੇ ਰਾਹ ਉੱਪਰ ਤੁਰਨ ਦਾ ਹੁਨਰ ਤੇ ਜਜ਼ਬਾ ਹੁੰਦਾ ਹੈ ਅਤੇ ਨਾ ਹੀ ਉਹਨਾਂ ਅੰਦਰ ਰਹਿਮਦਿਲ, ਦਿਆਨਤਦਾਰ, ਸਖੀ, ਬਹਾਦਰ ਅਤੇ ਸੱਚੇ ਇਨਸਾਨ ਬਣਨ ਦੀ ਸਲਾਹੀਅਤ ਹੁੰਦੀ ਹੈ। ਲਿਹਾਜ਼ਾ ਆਪਣੇ ਨਹਾਇਤ ਬੁਰੇ ਅਮਲਾਂ ਕਰਕੇ ਆਪਣੀ ਕਮਜ਼ਰਫੀ, ਹਵਸ ਤੇ ਨਫ਼ਸ ਦੇ ਗੁਲਾਮ ਅਜਿਹੇ ਲੋਕ ਕਦੇ ਵੀ ਅਜ਼ੀਮ ਇਨਸਾਨ ਨਹੀਂ ਬਣ ਪਾਉਂਦੇ ਹਨ। ਪ੍ਰਮਾਤਮਾ ਤਾਂ ਮੁਨਾਸਿਬ ਵ਼ਕਤ ਆਉਣ ਉੱਪਰ ਹਰੇਕ ਨੂੰ ਸਵਾਬ ਖੱਟਣ ਦਾ ਮੌਕਾ ਦਿੰਦਾ ਹੈ, ਪਰੰਤੂ ਇਨਸਾਨ ਗੁਨਾਹ ਅਤੇ ਗਫ਼ਲਤ ਦੇ ਰਾਹ ਉੱਪਰ ਬੇਖੌਫ ਤੁਰਦਿਆਂ ਭਲੇ ਵਕ਼ਤ ਦਾ ਲਾਭ ਉਠਾਉਣ ਤੋਂ ਖੁੰਝ ਜਾਂਦਾ ਹੈ। ਜੇਕਰ ਇਨਸਾਨ ਬੁਰਾਈ ਤੇ ਗੁਨਾਹ ਦੇ ਰਸਤੇ ਨੂੰ ਛੱਡ ਕੇ ਹੱਕ-ਸੱਚ ਤੇ ਨੇਕੀ ਦਾ ਰਾਹ ਅਖਤਿਆਰ ਕਰ ਲਵੇ ਤਾਂ ਇਨਸਾਨ ਫ਼ਰਿਸ਼ਤਾ ਬਣ ਜਾਵੇ, ਪਰ ਅਫਸੋਸ ਉਸ ਦੀ ਮਕਾਰੀ, ਜ਼ਿਹਨੀ ਤੰਗਦਿਲੀ ਅਤੇ ਵਿਕਾਰਾਂ ਵਿਚ ਜਕੜਿਆ ਹੋਇਆ ਉਸ ਦਾ ਵਜ਼ੂਦ ਉਸ ਨੂੰ ਇਕ ਮਹਾਨ ਇਨਸਾਨ ਬਣਨ ਤੋਂ ਰੋਕਦਾ ਹੈ। ਜਿਹੜੀਆਂ ਦੇਹਾਂ ਕਦੇ ਸਿਜਦੇ ਵਿਚ ਨਾ ਝੁਕੀਆਂ ਹੋਣ, ਜਿਹਨਾਂ ਨੇ ਕਦੇ ਆਪਣੇ ਗੁਨਾਹਾਂ ਦੀ ਤੋਬਾ ਨਾ ਕੀਤੀ ਹੋਵੇ ਅਤੇ ਜਿਹਨਾਂ ਨੇ ਆਪਣੇ ਖ਼ਵਾਬਾਂ ਦੀ ਤਾਬੀਰ ਦੀ ਕੀਮਤ ਨਾ ਅਦਾ ਕੀਤੀ ਹੋਵੇ, ਉਹ ਲੋਕ ਕੋਈ ਗੈਰਮਾਮੂਲੀ ਕੰਮ ਸਰਅੰਜ਼ਾਮ ਨਹੀਂ ਦੇ ਪਾਉਂਦੇ ਹਨ। ਨਿਡਰਤਾ, ਨਿਰਵੈਰਤਾ, ਬੁਲੰਦ ਸੋਚ, ਨੇਕ ਅਮਲ, ਦ੍ਰਿੜ ਵਿਸ਼ਵਾਸ, ਲਗਨ, ਅਨੁਸ਼ਾਸ਼ਿਤ ਜੀਵਨ-ਜਾਚ, ਪ੍ਰਤੀਬੱਧਤਾ, ਸੁਹਿਰਦਤਾ, ਈਮਾਨਦਾਰੀ ਅਤੇ ਸਹੀ ਅਵਸਰ ਦਾ ਉਚਿਤ ਪ੍ਰਯੋਗ ਹੀ ਵਿਅਕਤੀ ਨੂੰ ਸਭ ਤੋਂ ਸ੍ਰੇਸ਼ਟ, ਵਿਲੱਖਣ ਅਤੇ ਮਹਾਨ ਬਣਾਉਣ ਦਾ ਰਾਹ ਹਮਵਾਰ ਕਰਦਾ ਹੈ। ਜੇਕਰ ਦੇਖਿਆ ਜਾਵੇ ਤਾਂ ਪੋਹ ਦੇ ਮਹੀਨੇ ਚਾਰ-ਚੁਫੇਰੇ ਪਸਰੀ ਧੁੰਦ ਅਤੇ ਲੁਕਣ ਮੀਟੀ ਖੇਡਦਾ ਸੂਰਜ ਵੀ ਹਰੇਕ ਇਨਸਾਨ ਨੂੰ ਜ਼ਿੰਦਗੀ ਦਾ ਇਕ ਬੇਸ਼ਕੀਮਤੀ ਅਤੇ ਬੇਹੱਦ ਸਾਰਥਿਕ ਸਬਕ ਸਿਖਾਉਂਦਾ ਹੈ ਕਿ ਵਕਤੀ ਤੌਰ ਉੱਪਰ ਕਿਸੇ ਵਰਤਾਰੇ ਬਾਰੇ ਕਦੇ ਕੋਈ ਪੱਕੀ ਰਾਇ ਕਦੇ ਵੀ ਕਾਇਮ ਨਾ ਕਰੋ ਅਤੇ ਨਾ ਹੀ ਬਹੁਤ ਜਲਦ ਖੁਸ਼ ਜਾਂ ਮਾਯੂਸ ਹੋਵੋ। ਜ਼ਿੰਦਗੀ ਦਾ ਸਫ਼ਰ ਜਿਵੇਂ-ਜਿਵੇਂ ਤੁਸੀਂ ਤਹਿ ਕਰੋਗੇ ਤਿਵੇਂ-ਤਿਵੇਂ ਸਾਰੀ ਅਨਿਸ਼ਚਤਤਾ, ਦੁਚਿੱਤੀ ਅਤੇ ਭਟਕਣ ਰਫ਼ਤਾ-ਰਫ਼ਤਾ ਸਮਾਪਤ ਹੋ ਜਾਵੇਗੀ। ਜ਼ਿੰਦਗੀ ਦੇ ਰੰਗ ਪਹਿਲਾਂ ਨਾਲੋਂ ਹੋਰ ਉਘੜਣਗੇ ਅਤੇ ਜ਼ਿੰਦਗੀ ਦੀਆਂ ਬੇਸ਼ੁਮਾਰ ਰਮਜ਼ਾਂ ਨੂੰ ਤੁਸੀਂ ਪਹਿਲਾਂ ਨਾਲੋਂ ਹੋਰ ਬੇਹਤਰ ਢੰਗ ਨਾਲ ਸਮਝ ਪਾਉਗੇ। ਜ਼ਿੰਦਗੀ ਦੇ ਮਿਜ਼ਾਜ ਨੂੰ ਸਮਝਣ ਦਾ ਹੁਨਰ ਸਿਖੋ ਅਤੇ ਵਕ਼ਤ ਦੀ ਬਦਲਦੀ ਧਾਰਾ ਅਨੁਸਾਰ ਖੁਦ ਨੂੰ ਬਦਲਣ ਲਈ ਤਿਆਰ ਕਰੋ। ਤੁਹਾਡੇ ਸੁਭਾਅ ਅਤੇ ਸੋਚ ਵਿਚ ਦਰਿਆਵਾਂ ਵਰਗੀ ਰਵਾਨਗੀ ਹੋਣੀ ਲਾਜ਼ਮੀ ਹੈ ਕਿਉਂ ਕਿ ਕਿਸੇ ਸ਼ਖ਼ਸ ਦਾ ਕਠੋਰ ਸੁਭਾਅ ਅਤੇ ਉਸ ਦੀ ਜ਼ਿਹਨੀ ਖੜੋਤ ਉਸ ਦੇ ਆਪਣੇ ਆਪ ਲਈ ਅਤੇ ਸਮੁੱਚੇ ਮੁਆਸ਼ਰੇ ਲਈ ਬੇਹੱਦ ਘਾਤਕ ਸਿੱਧ ਹੋ ਸਕਦੀ ਹੈ। ਯਾਦ ਰੱਖੋ ਕਿ ਇਨਸਾਨ ਦੀ ਸੋਚ ਦੀ ਪਰਵਾਜ਼, ਖ਼ਿਆਲਾਂ ਦਾ ਪ੍ਰਵਾਹ ਅਤੇ ਉਸ ਦੇ ਤਰਜ਼-ਏ-ਅਮਲ ਨਾ ਤਾਂ ਬੇਲਗਾਮ ਅਤੇ ਦਿਸ਼ਾਹੀਣ ਹੋਣੇ ਚਾਹੀਦੇ ਹਨ ਅਤੇ ਨਾ ਹੀ ਜ਼ਿੰਦਗੀ ਦੇ ਕੈਨਵਸ ਦੇ ਹਾਸ਼ੀਏ ਉੱਤੇ ਇਕ ਛੋਟੇ ਜਿਹੇ ਨੁਕਤੇ ਉੱਤੇ ਸਿਮਟੇ ਹੋਣੇ ਚਾਹੀਦੇ ਹਨ। ਦਰਅਸਲ ਇਨਸਾਨ ਦੀ ਸੋਚ ਉਸ ਦੀ ਸ਼ਖ਼ਸੀਅਤ ਦਾ ਆਈਨਾ ਹੁੰਦੀ ਹੈ। ਕੋਸ਼ਿਸ਼ ਕਰੋ ਕਿ ਇਹ ਆਇਨਾ ਨਾ ਤਾਂ ਧੁੰਦਲਾ ਅਤੇ ਨਾ ਹੀ ਗੰਧਲਾ ਹੋਵੇ। ਨਾ ਹੀ ਇਸ ਵਿਚ ਝਾਂਕਣ ਉਪਰੰਤ ਤੁਸੀਂ ਸ਼ਰਮਿੰਦਗੀ ਮਹਿਸੂਸ ਕਰੋ ਅਤੇ ਨਾ ਹੀ ਤੁਹਾਡੇ ਅਮਲ ਅਤੇ ਸੋਚ ਕਿਸੇ ਉੱਤੇ ਆਪਣਾ ਬੋਝ ਲੱਦਣ।

ਆਪਣੀਆਂ ਸੋਚਾਂ ਤੇ ਵਿਚਾਰਾਂ ਦੇ ਉੱਡਣ ਖਟੋਲੇ ਵਿਚ ਬੇਸ਼ੱਕ ਤੁਸੀਂ ਸੈਰ ਕਰੋ, ਲੇਕਿਨ ਕਦੇ ਵੀ ਆਪਣੇ ਹੱਥੋਂ ਹੋਸ਼ ਦੀ ਤੰਦ ਨੂੰ ਛੁਟਣ ਨਾ ਦਿਉ। ਦੂਜਿਆਂ ਨਾਲ ਦੁੱਖ ਵੰਡਾਉਂਦੇ ਆਪਣੇ ਵਿਚਾਰਾਂ ਨੂੰ ਮਲ੍ਹਮ ਦੀ ਤਰ੍ਹਾਂ ਇਸਤੇਮਾਲ ਕਰੋ ਨਾ ਕਿ ਕਿਸੇ ਨਸ਼ਤਰ ਦੀ ਤਰ੍ਹਾਂ ਲੋਕਾਂ ਦੇ ਦੁਖਾਂ ਨੂੰ ਖਰੋਦੋ। ਦੂਜਿਆਂ ਨਾਲ ਉਹਨਾਂ ਦੇ ਸੁੱਖ ਤੇ ਖੁਸ਼ੀਆਂ ਵੰਡਾਉਂਦੇ ਹੋਏ ਇਸ ਗੱਲ ਦਾ ਜ਼ਰੂਰ ਅਹਿਸਾਸ ਰਹੇ ਕਿ ਤੁਸੀਂ ਲੋਕਾਂ ਦੇ ਹਾਸਿਆਂ ਨੂੰ ਕਹਿਕਹਿਆਂ ਵਿਚ ਪਰਿਵਰਤਤ ਕਰ ਸਕੋ। ਇਸ ਕਹਿਕਸ਼ਾਂ ਵਿਚ ਮਨੁੱਖ ਚਾਹੇ ਤਾਂ ਉਹ ਜਿਥੇ ਚਾਹੇ ਆਪਣੇ ਲਈ ਆਪਣੇ ਹਿੱਸੇ ਦੀ ਜੰਨਤ ਸਿਰਜ ਸਕਦਾ ਹੈ ਅਤੇ ਜਦੋਂ ਚਾਹੇ ਪਲਕ ਝਪਕਦਿਆਂ ਆਪਣੇ ਆਪ ਨੂੰ ਆਪਣੀ ਨਾਕਾਰਾਤਮਕ ਸੋਚ ਦੇ ਇਵਜ਼ ਵਿਚ ਜਹੁੱਨਮ ਦੀ ਭੱਠੀ ਵਿਚ ਝੋਕ ਸਕਦਾ ਹੈ। ਜ਼ਿੰਦਗੀ ਨੂੰ ਨਫ਼ੇ ਨੁਕਸਾਨ ਦੇ ਤਰਾਜ਼ੂ ਵਿਚ ਤੋਲਣ ਤੋਂ ਗ਼ੁਰੇਜ਼ ਕਰੋ ਕਿਉਂ ਕਿ ਨਫ਼ਾ ਅਤੇ ਨੁਕਸਾਨ ਤੁਹਾਡੀ ਨਜ਼ਰ ਦਾ ਧੋਖਾ ਹੈ। ਜਿਸ ਸ਼ੈਅ ਨੂੰ ਹਾਸਲ ਕਰਕੇ ਤੁਸੀਂ ਅੱਜ ਮੁਤਮੀਨ ਨਜ਼ਰ ਆ ਰਹੇ ਹੋ ਇਹ ਵੀ ਐਨ ਮੁਮਕਿਨ ਹੈ ਕਿ ਕੁਝ ਸਮੇਂ ਪਿੱਛੋਂ ਉਹ ਸ਼ੈਅ ਤੁਹਾਡੇ ਲਈ ਬਹੁਤ ਤਕਲੀਫ਼ਦੇਹ ਸਾਬਿਤ ਹੋਵੇ ਅਤੇ ਜੋ ਕੁੱਝ ਤੁਹਾਡੀ ਗਿਰਫ਼ਤ ਤੋਂ ਹਾਲ ਦੀ ਘੜੀ ਵਿਚ ਬਾਹਰ ਹੈ, ਹੋ ਸਕਦਾ ਹੈ ਕਿ ਇਸ ਵਿਚ ਵੀ ਕੋਈ ਰੱਬੀ ਰਮਜ਼ ਛੁੱਪੀ ਹੋਵੇ। ਜ਼ਿੰਦਗੀ ਵਿਚ ਛਟਪਟਾਉਂਦੇ ਹੋਏ ਤੁਰੰਤ ਫ਼ੈਸਲੇ ਉੱਪਰ ਪੁੱਜਣ ਤੋਂ ਜਿੰਨਾ ਹੋ ਸਕੇ ਗੁਰੇਜ਼ ਕਰੋ। ਆਪਣੇ ਖਿਆਲਾਂ ਦੇ ਰੱਥ ਉੱਤੇ ਸਵਾਰ ਹੋ ਕੇ ਕਿਸੇ ਨੂੰ ਪਛਾੜਨ ਦੀ ਜੁਸਤਜੂ ਤੋਂ ਖੁਦ ਨੂੰ ਮੁਕਤ ਕਰੋ। ਲੋਕਾਂ ਜਾਂ ਵਰਤਾਰਿਆਂ ਉੱਪਰ ਤਨਕੀਦ ਕਰਨ ਦਾ ਰਾਹ ਤਿਆਗ ਕੇ ਆਪਣੀ ਸੂਝਬੂਝ ਦੇ ਘੇਰੇ ਨੂੰ ਵਸੀਹ ਕਰਨ ਨਾਲ ਵਸਵਸੇ, ਅੰਦੇਸ਼ੇ ਅਤੇ ਕੁੜੱਤਣ ਦੂਰ ਹੁੰਦੀ ਹੈ। ਆਪਣੇ ਨੁਕਤਾ-ਏ-ਨਜ਼ਰ ਵ਼ਲ ਉਚਿਤ ਤਵੱਜੋ ਦਿਉ ਅਤੇ ਆਪਣੇ ਦ੍ਰਿਸ਼ਟੀਕੋਣ ਨੂੰ ਲੋੜ ਅਨੁਸਾਰ ਦੁਰਸਤ ਕਰਦੇ ਸਮੇਂ ਕਦੇ ਵੀ ਕਿਸੇ ਕਸ਼ਮਕਸ਼ ਵਿਚ ਖੁਦ ਨੂੰ ਫ਼ਸਿਆ ਹੋਇਆ ਮਹਿਸੂਸ ਨਾ ਕਰੋ । ਆਪਣੇ ਲਈ ਕਿਸੇ ਚਾਨਣ ਮੁਨਾਰੇ ਦੀ ਤਲਾਸ਼ ਕਰੋ, ਧੁੰਦਲੇ ਰਾਹਾਂ ਉੱਤੇ ਚਲਦਿਆਂ ਜਿਸ ਤਰਫ਼ ਤੋਂ ਵੀ ਚਾਨਣ ਦਿਖਾਈ ਦੇਵੇ ਉਸ ਦਿਸ਼ਾ ਵੱਲ ਆਪਣੇ ਕਦਮ ਵਧਾਉ ਅਤੇ ਪਹਿਲਾਂ ਆਪਣੇ ਅੰਦਰ ਦੇ ਹਨੇਰੇ ਖ਼ਤਮ ਕਰੋ ਅਤੇ ਫਿਰ ਆਪਣੇ ਅੰਦਰ ਸਮਾਏ ਹੋਏ ਉਸ ਨਿੰਰਕਾਰ ਦੇ ਨੂਰ ਦੇ ਸਹਾਰੇ ਪਗਡੰਡੀਆਂ ਤੋਂ ਸ਼ਾਹਰਾਹ ਤੱਕ ਦਾ ਆਪਣਾ ਸਫ਼ਰ ਤੈਅ ਕਰਨਾ ਸ਼ੁਰੂ ਕਰੋ। ਜ਼ਿੰਦਗੀ ਵਿਚ ਵਿਸਮਾਦ, ਖੇੜਾ ਅਤੇ ਸਕੂਨ ਹਾਸਲ ਕਰਨ ਲਈ ਤੁਹਾਡੇ ਜ਼ਮੀਰ ਦਾ ਜ਼ਿੰਦਾ ਹੋਣਾ ਬੇਹੱਦ ਜ਼ਰੂਰੀ ਹੈ। ਸਾਨੂੰ ਹਰ ਪਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਮਾਹਵਾਕ ਯਾਦ ਰੱਖਣਾ ਚਾਹੀਦਾ ਹੈ "ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ"। ਅਰਦਾਸ ਕਰੋ ਕਿ ਹਯਾਤੀ ਦੇ ਇਸ ਸਫ਼ਰ ਦੌਰਾਨ ਤੁਹਾਡੇ ਰਾਹਾਂ ਨੂੰ ਰੁਸ਼ਨਾਉਣ ਲਈ ਤੁਹਾਡਾ ਜ਼ਮੀਰ ਸਦਾ ਤੁਹਾਡਾ ਰਾਹ ਦਸੇਰਾ ਬਣੇ ਅਤੇ ਜ਼ਿੰਦਗੀ ਦੇ ਹਰ ਮੁਕਾਮ ਉੱਤੇ ਤੁਹਾਨੂੰ ਆਪਣੇ ਅੰਦਰ ਦੀ ਆਵਾਜ਼ ਹਮੇਸ਼ਾ ਸੁਣਾਈ ਦਿੰਦੀ ਰਹੇ।

ਆਪਣੀਆਂ ਸੋਚਾਂ ਤੇ ਵਿਚਾਰਾਂ ਦੇ ਉੱਡਣ ਖਟੋਲੇ ਵਿਚ ਬੇਸ਼ੱਕ ਤੁਸੀਂ ਸੈਰ ਕਰੋ, ਲੇਕਿਨ ਕਦੇ ਵੀ ਆਪਣੇ ਹੱਥੋਂ ਹੋਸ਼ ਦੀ ਤੰਦ ਨੂੰ ਛੁਟਣ ਨਾ ਦਿਉ। ਦੂਜਿਆਂ ਨਾਲ ਦੁੱਖ ਵੰਡਾਉਂਦੇ ਆਪਣੇ ਵਿਚਾਰਾਂ ਨੂੰ ਮਲ੍ਹਮ ਦੀ ਤਰ੍ਹਾਂ ਇਸਤੇਮਾਲ ਕਰੋ ਨਾ ਕਿ ਕਿਸੇ ਨਸ਼ਤਰ ਦੀ ਤਰ੍ਹਾਂ ਲੋਕਾਂ ਦੇ ਦੁਖਾਂ ਨੂੰ ਖਰੋਦੋ। ਦੂਜਿਆਂ ਨਾਲ ਉਹਨਾਂ ਦੇ ਸੁੱਖ ਤੇ ਖੁਸ਼ੀਆਂ ਵੰਡਾਉਂਦੇ ਹੋਏ ਇਸ ਗੱਲ ਦਾ ਜ਼ਰੂਰ ਅਹਿਸਾਸ ਰਹੇ ਕਿ ਤੁਸੀਂ ਲੋਕਾਂ ਦੇ ਹਾਸਿਆਂ ਨੂੰ ਕਹਿਕਹਿਆਂ ਵਿਚ ਪਰਿਵਰਤਤ ਕਰ ਸਕੋ। ਇਸ ਕਹਿਕਸ਼ਾਂ ਵਿਚ ਮਨੁੱਖ ਚਾਹੇ ਤਾਂ ਉਹ ਜਿਥੇ ਚਾਹੇ ਆਪਣੇ ਲਈ ਆਪਣੇ ਹਿੱਸੇ ਦੀ ਜੰਨਤ ਸਿਰਜ ਸਕਦਾ ਹੈ ਅਤੇ ਜਦੋਂ ਚਾਹੇ ਪਲਕ ਝਪਕਦਿਆਂ ਆਪਣੇ ਆਪ ਨੂੰ ਆਪਣੀ ਨਾਕਾਰਾਤਮਕ ਸੋਚ ਦੇ ਇਵਜ਼ ਵਿਚ ਜਹੁੱਨਮ ਦੀ ਭੱਠੀ ਵਿਚ ਝੋਕ ਸਕਦਾ ਹੈ। ਜ਼ਿੰਦਗੀ ਨੂੰ ਨਫ਼ੇ ਨੁਕਸਾਨ ਦੇ ਤਰਾਜ਼ੂ ਵਿਚ ਤੋਲਣ ਤੋਂ ਗ਼ੁਰੇਜ਼ ਕਰੋ ਕਿਉਂ ਕਿ ਨਫ਼ਾ ਅਤੇ ਨੁਕਸਾਨ ਤੁਹਾਡੀ ਨਜ਼ਰ ਦਾ ਧੋਖਾ ਹੈ।

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834



Space
for
Advertisement




Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗਾੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

